Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 18 *Issue 149 Friday, August 02, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਕੈਨੇਡਾ ਦੇ ਉਤਰੀ ਹਿੱਸੇ ਦੇ ਦੌਰੇ ਦੌਰਾਨ ਟਰੂਡੋ ਨੇ ਲਿਬਰਲਾਂ ਦੀ ਕਲਾਈਮੇਟ ਪਾਲਿਸੀ ਦਾ ਕੀਤਾ ਖੁਲਾਸਾ

ਇਕਾਲੁਇਟ, ਨੁਨਾਵਤ, 1 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਦੇ ਧੁਰ ਉੱਤਰ ਦੇ ਦੌਰੇ ਦੌਰਾਨ ਦੋ ਸੁਰੱਖਿਅਤ ਕੀਤੇ ਗਏ ਸਮੁੰਦਰੀ ਇਲਾਕਿਆਂ ਦਾ ਖੁਲਾਸਾ ਕਰਦਿਆਂ ਆਪਣੀ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵਾਂ ਉੱਤੇ ਵੀ ਨਿਸ਼ਾਨਾ ਸਾਧਿਆ।



ਇਸ ਸਾਲ ਦੇ ਅੰਤ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਕਲਾਈਮੇਟ ਚੇਂਜ ਸਬੰਧੀ ਲਿਬਰਲ ਸਰਕਾਰ ਵੱਲੋਂ ਕੀਤੇ ਕੰਮ ਦੇ ਪਏ ਸਕਾਰਾਤਮਕ ਪ੍ਰਭਾਵ ਨੂੰ ਦਰਸਾਉਣ ਤੇ ਪ੍ਰਮੋਟ ਕਰਨ ਲਈ ਟਰੂਡੋ ਵੱਲੋਂ ਇਸ ਦੌਰੇ ਦੀ ਵਰਤੋਂ ਕੀਤੀ ਗਈ। ਵੀਰਵਾਰ ਨੂੰ ਟਰੂਡੋ ਨੁਨਾਵਤ ਵਿੱਚ ਆਪਣੀ ਪਾਰਟੀ ਦੇ ਉਮੀਦਵਾਰ ਦੀ ਨਾਮਜ਼ਦਗੀ ਮੀਟਿੰਗ ਵਿੱਚ ਵੀ ਹਿੱਸਾ ਲੈਣਗੇ। ਆਰਕਟਿਕ ਬੇਅ ਨੇੜੇ ਮਹਿਫੂਜ਼ ਕੀਤੇ ਗਏ ਸਮੁੰਦਰੀ ਇਲਾਕੇ-ਬੈਫਿਨ ਆਈਲੈਂਡ ਦੇ ਉੱਤਰਪੱਛਮੀ ਸਿਰੇ ਦੇ ਇਨੁਇਟ ਪਿੰਡ, ਜਿਸ ਨੂੰ ਟੈਲੂਰੂਟੀਉਪ ਇਮਾਂਗਾ ਨੈਸ਼ਨਲ ਮਰੀਨ ਕੰਜ਼ਰਵੇਸ਼ਨ ਏਰੀਆ ਵਜੋਂ ਜਾਣਿਆ ਜਾਂਦਾ ਹੈ, ਬਾਰੇ ਐਲਾਨ ਕਰਨ ਨਾਲ ਟਰੂਡੋ ਨੇ ਆਪਣੇ ਦਿਨ ਦੀ ਸ਼ੁਰੂਆਤ ਕੀਤੀ।

ਇਸ ਤੋਂ ਇਲਾਵਾ ਐਲਸਮੇਅਰ ਆਈਲੈਂਡ ਦੇ ਉੱਤਰਪੱਛਮੀ ਤੱਟ ਉੱਤੇ ਮਹਿਫੂਜ਼ ਜ਼ੋਨ ਤਿਆਰ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਦਾ ਵੀ ਟਰੂਡੋ ਵੱਲੋਂ ਖੁਲਾਸਾ ਕੀਤਾ ਗਿਆ। ਇਸ ਨੂੰ ਤੁਵਾਇਜੂਈਤੱਕ ਮਰੀਨ ਪ੍ਰੋਟੈਕਟਿਡ ਏਰੀਆ ਵਜੋਂ ਜਾਣਿਆ ਜਾਵੇਗਾ। ਤੁਵਾਇਜੂਈਤੱਕ ਦਾ ਮਤਲਬ ਹੁੰਦਾ ਹੈ-ਉਹ ਥਾਂ ਜਿੱਥੇ ਬਰਫ ਕਦੇ ਵੀ ਨਹੀਂ ਪਿਘਲਦੀ, ਪਰ ਸਮੁੰਦਰੀ ਬਰਫ ਪਿਘਲਣ ਤੇ ਸ਼ਿਪਿੰਗ ਟਰੈਫਿਕ ਵਿੱਚ ਹੋਏ ਵਾਧੇ ਕਾਰਨ ਕਈ ਲੋਕਲ ਪ੍ਰਜਾਤੀਆਂ, ਜਿਵੇਂ ਕਿ ਸਮੁੰਦਰੀ ਪੰਛੀਆਂ, ਨਾਰਵ੍ਹਾਲਸ ਤੇ ਬੋਅਹੈੱਡ ਵ੍ਹੇਲਾਂ ਨੂੰ ਖਤਰਾ ਖੜ੍ਹਾ ਹੋ ਗਿਆ ਹੈ।

...ਬਾਕੀ ਪੰਨਾ 6 'ਤੇ

## ਸ੍ਰੀ ਨਨਕਾਣਾ ਸਾਹਿਬ ਤੋਂ ਪਹਿਲੀ ਵਾਰ ਆਏ ਨਗਰ ਕੀਰਤਨ ਦਾ ਅਟਾਰੀ ਵਿਖੇ ਨਿੱਘਾ ਸਵਾਗਤ

*** ਪੰਜਾਬ ਅਤੇ ਕੇਂਦਰ ਸਰਕਾਰ ਦੇ ਮੰਤਰੀ ਤੇ ਆਗੂ ਅੱਗਲਵਾਂਢੀ ਪਹੁੰਚੇ**

ਅੰਮ੍ਰਿਤਸਰ, 1 ਅਗਸਤ, (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਹਿਲਾ ਨਗਰ ਕੀਰਤਨ ਅੱਜ ਉਨ੍ਹਾਂ ਦੇ ਜਨਮ ਸਥਾਨ ਸ੍ਰੀ ਨਨਕਾਣਾ ਸਾਹਿਬ ਤੋਂਸ਼ੁਰੂ ਕੀਤਾ ਗਿਆ, ਜਿਹੜਾ ਸਿੱਖਾਂ ਦੇ ਪੰਜ ਤਖ਼ਤ ਸਾਹਿਬਾਨਅਤੇ ਹੋਰ ਥਾਂਵਾਂ ਤੋਂ ਹੁੰਦਾ ਹੋਇਆ ਸੁਲਤਾਨਪੁਰ ਲੋਧੀ ਜਾਵੇਗਾ। ਇਸ ਪਹਿਲੇ ਅੰਤਰਰਾਸ਼ਟਰੀ ਨਗਰ ਕੀਰਤਨ ਦਾ ਅੱਜ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ਅਟਾਰੀ-ਵਾਹਗਾ ਵਿਖੇ ਭਾਰਤ ਵਿੱਚ ਦਾਖਲ ਹੋਣ ਵੇਲੇ ਕੇਂਦਰ ਤੇ ਪੰਜਾਬ ਦੋਵਾਂ ਸਰਕਾਰਾਂਵਲੋਂ ਨਿੱਘਾ ਸਵਾਗਤ ਕੀਤਾ ਗਿਆ। ...ਬਾਕੀ ਪੰਨਾ 6 'ਤੇ



## ਅੰਦਰ ਪੜ੍ਹੋ

ਸ਼ੱਕੀ ਕਾਰ ਸਬੰਧੀ ਮਿਲੀ ਰਿਪੋਰਟ ਦੀ ਜਾਂਚ ਕਰ ਰਹੀ ਹੈ ਓਨਟਾਰੀਓ ਪੁਲਿਸ



ਪੰਨਾ 3

ਉਨਾਉ ਬਲਾਤਕਾਰ ਕੇਸ: ਸੁਪਰੀਮ ਕੋਰਟ ਨੇ ਸਾਰੇ ਮਾਮਲੇ ਸੁਣਵਾਈ ਲਈ ਦਿੱਲੀ ਟਰਾਂਸਫ਼ਰ ਕੀਤੇ



ਪੰਨਾ 4

## ਤ੍ਰਿੰਝਣਾਂ ਤੀਜ ਮੇਲਾ ਭਲਕੇ

### ਪਹੁੰਚਣਗੇ ਚੋਟੀ ਦੇ ਪੰਜਾਬੀ ਗਾਇਕ



ਮਿਸੀਸਾਗਾ, 1 ਅਗਸਤ (ਪੋਸਟ ਬਿਊਰੋ)- ਵਿਰਾਸਤ ਆਰਟ ਐਂਡ ਕਲਚਰ ਅਤੇ ਬ੍ਰਾਈਟ ਇੰਟਰਟੇਨਮੈਂਨ ਵੱਲੋਂ ਤ੍ਰਿੰਝਣਾਂ ਤੀਜ ਦਾ ਮੇਲਾ 3 ਅਗਸਤ ਦਿਨ ਸ਼ਨਿਚਰਵਾਰ ਨੂੰ ਮਾਲਟਨ ਦੇ ਗ੍ਰੇਟ ਪੰਜਾਬ ਪਲਾਜਾ ਵਿਚ ਕਰਵਾਇਆ ਜਾ ਰਿਹਾ ਹੈ। ਇਸ ਵਿਚ ਚੋਟੀ ਦੇ ਪੰਜਾਬੀ ਗਾਇਕ, ਜਿਨ੍ਹਾਂ ਵਿਚ ਗੈਰੀ ਸੰਧੂ, ਦਿਲਪ੍ਰੀਤ ਢਿੱਲੋਂ, ਸਿੱਪੀ ਗਿੱਲ, ਜਸ ਬਾਜਵਾ, ਗੁਰਲੇਜ ਅਖਤਰ, ਜਿੰਮੀ ਕਲੇਰ, ਜੱਸੀ ਕੌਰ, ਐਚ ਸਾਬ, ਟਿਮ ਰਾਏਕੋਟੀ, ਬਾਨੀ ਸੰਧੂ ਅਤੇ ਕੁਲਵਿੰਦਰ ਕੈਲੀ ਆਦਿ ਕਲਾਕਾਰ ਸ਼ਾਮਿਲ ਹੋਣ ਜਾ ਰਹੇ ਹਨ। ...ਬਾਕੀ ਪੰਨਾ 5 'ਤੇ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
SUPER VISA INSURANCE
VISITOR INSURANCE
• LIFE INSURANCE • MORTGAGE INSURANCE
• CRITICAL ILLNESS INS • DISABILITY INSURANCE
• TRAVEL INS • FUNERAL INSURANCE
• RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED!
OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

**Dr. Randhawa Dentistry**

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
Countryside Dr

**APEX**
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com
Laddi

**TCMPLUS**
10 YEARS' FAMOUS TRADITIONAL CHINESE MEDICINE CLINIC
Herbal and Acupuncture.
Treat your roots, Real Result "NO FAKE".

WE TREAT:
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

**KITCHEN CABINET**
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate
100% Satisfaction

We Specialize in granite, quartz & marble countertops

KITCHEN CABINET
WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
416-200-0931

**SASH FLEET HOLDING LTD** Established since 2007

NOW HIRING!!!
AZ DRIVERS FOR US
- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

HIRING!!! Operations Manager
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਕੇਜਰੀਵਾਲ ਨੇ ਸਸਤੀ ਹੈ ਕਰੀ ਬਿਜਲੀ,
ਚੋਣਾਂ ਆਈਆਂ ਤਾਂ ਦਿੱਤੀ ਹੈ ਛੋਟ ਬੇਲੀ।
ਸਫਰ ਬੱਸਾਂ ਦਾ ਮੁਫਤ ਹੈ ਬੀਬੀਆਂ ਦਾ,
ਵਾਹਵਾ ਬਚਣਗੇ ਉਹਨਾਂ ਨੂੰ ਨੋਟ ਬੇਲੀ।
ਤੀਰਥ ਯਾਤਰਾ ਮੁਫਤ ਸਕੀਮ ਕਰ'ਤੀ,
ਮਾਈ-ਬਾਪੂ ਕਈ ਪਾਉਣਗੇ ਵੋਟ ਬੇਲੀ।
ਕਹਿ ਕੇ ਲੋਕ-ਭਲਾਈ ਇਹ ਕੰਮ ਸਾਰੇ,
ਕੰਮ ਆ ਗਿਆ ਸੋਚ ਲਿਆ ਲੋਟ ਬੇਲੀ।
ਲੋਕੀਂ ਪੁੱਛਣ ਕਿ ਅੰਤਲਾ ਸਾਲ ਆਇਆਂ,
ਆਏ ਲੋਕਾਂ ਦੇ ਯਾਦ ਕਿਉਂ ਫਰਜ਼ ਬੇਲੀ।
ਐਤਕੀਂ ਲੱਗ ਜਾਏ ਬੇੜੀ ਜੇ ਸਿਰੇ ਬੇਲੀ,
ਰਹਿਣਾ ਲੋਕਾਂ ਦਾ ਯਾਦ ਨਾ ਕਰਜ਼ ਬੇਲੀ

**ਤੀਸ ਮਾਰ ਖਾਂ**


# ਚੋਰੀਆਂ ਕਰਨ ਵਾਲੇ ਗਿਰੋਹ ਦਾ ਹਿੱਸਾ ਸਨ ਐਮੇਜ਼ੌਨ ਦੇ ਡਰਾਈਵਰ : ਐਫਬੀਆਈ

ਸੀਐਟਲ, 1 ਅਗਸਤ (ਪੋਸਟ ਬਿਊਰੋ) : ਵਾਸ਼ਿੰਗਟਨ ਵਿੱਚ ਚੋਰੀਆਂ ਕਰਨ ਵਾਲੇ ਇੱਕ ਗਿਰੋਹ ਵੱਲੋਂ ਪਿਛਲੇ ਛੇ ਸਾਲਾਂ ਵਿੱਚ ਕਈ ਮਿਲੀਅਨ ਡਾਲਰ ਦੀਆਂ ਚੋਰੀ ਕੀਤੀਆਂ ਗਈਆਂ ਵਸਤਾਂ ਨੂੰ ਓਮਅਡੋਨ।ਚੋਮ ਉੱਤੇ ਵੇਚਿਆ ਗਿਆ। ਹੈਰਾਨੀ ਵਾਲੀ ਗੱਲ ਇਹ ਹੈ ਕਿ ਐਮੇਜ਼ੌਨ ਦੇ ਕੁੱਝ ਡਲਿਵਰੀ ਡਰਾਈਵਰ ਵੀ ਇਸ ਗਿਰੋਹ ਦਾ ਹਿੱਸਾ ਸਨ। ਇਸ ਦਾ ਖੁਲਾਸਾ ਫੈਡਰਲ ਅਦਾਲਤ ਵਿੱਚ ਨਸ਼ਰ ਕੀਤੇ ਗਏ ਦਸਤਾਵੇਜ਼ਾਂ ਤੋਂ ਹੋਇਆ।




ਸੀਐਟਲ ਸਥਿਤ ਯੂਐਸ ਡਿਸਟ੍ਰਿਕਟ ਕੋਰਟ ਵਿੱਚ ਪੇਸ਼ ਕੀਤੇ ਗਏ ਸਰਚ ਵਾਰੰਟ ਅਨੁਸਾਰ ਪਾਅਨ ਸ਼ਾਪਜ਼ ਦਾ ਦਿਖਾਵਾ ਕਰਨ ਵਾਲੇ ਦੋ ਸਟੋਰਜ਼ ਉਠਾਈਗਿਰਿਆਂ ਤੋਂ ਚੀਜ਼ਾਂ ਖਰੀਦਦੇ ਸਨ ਤੇ ਫਿਰ ਐਮੇਜ਼ੌਨ ਦੇ ਗੋਦਾਮਾਂ ਨੂੰ ਉਹ ਚੀਜ਼ਾਂ ਭੇਜ ਦਿੰਦੇ ਸਨ, ਜਿੱਥੇ ਉਹ ਚੀਜ਼ਾਂ ਉਦੋਂ ਤੱਕ ਸਟੋਰ ਕਰਕੇ ਰੱਖੀਆਂ ਜਾਂਦੀਆਂ ਸਨ ਜਦੋਂ ਤੱਕ ਉਨ੍ਹਾਂ ਦੀ ਆਨਲਾਈਨ ਵਿੱਕਰੀ ਨਹੀਂ ਸੀ ਹੋ ਜਾਂਦੀ। ਐਫਬੀਆਈ ਏਜੰਟ ਆਰੀਆਨਾ ਕਰੋਸ਼ਿੰਸਕੀ ਨੇ ਆਪਣੇ ਹਲਫੀਆ ਬਿਆਨ ਵਿੱਚ ਲਿਖਿਆ ਕਿ ਕਥਿਤ ਰਿੰਗਲੀਡਰ ਨਾਲ ਜੁੜੀਆਂ ਸੰਸਥਾਵਾਂ 2013 ਤੋਂ ਲੈ ਕੇ ਹੁਣ ਤੱਕ 10 ਮਿਲੀਅਨ ਡਾਲਰ ਦੀਆਂ ਚੀਜ਼ਾਂ ਐਮੇਜ਼ੌਨ ਉੱਤੇ ਵੇਚ ਚੁੱਕੀਆਂ ਹਨ।

ਅਜੇ ਤੱਕ ਕਿਸੇ ਉੱਤੇ ਚਾਰਜਿਜ਼ ਨਹੀਂ ਲਾਏ ਗਏ ਹਨ, ਹਾਲਾਂਕਿ ਜਾਂਚ ਕਾਰ ਪਾਅਨ ਸ਼ਾਪਜ਼ ਤੇ ਰਿੰਗਲੀਡਰ ਵਜੋਂ ਸ਼ਨਾਖ਼ਤ ਕੀਤੇ ਗਏ ਆਬਰਨ ਦੇ 44 ਸਾਲਾ ਵਿਅਕਤੀ ਅਲੈਗਜ਼ੈਂਡਰ ਪੈਵਲੋਵਸਕੀ, ਦੇ ਘਰ ਛਾਪਾ ਮਾਰ ਚੁੱਕੇ ਹਨ। ਇਨ੍ਹਾਂ ਸ਼ਾਪਜ਼ ਉੱਤੇ ਮੌਜੂਦ ਇੱਕ ਵਿਅਕਤੀ ਨੇ ਖੁਦ ਨੂੰ ਐਲੈਕਸ ਦੱਸਿਆ ਤੇ ਆਖਿਆ ਕਿ ਉਸ ਦਾ ਕਾਰੋਬਾਰ ਬਿਲਕੁਲ ਜਾਇਜ਼ ਹੈ ਤੇ ਉਹ ਆਪਣੇ ਸਮਾਨ ਦਾ ਪੂਰਾ ਰਿਕਾਰਡ ਰੱਖਦਾ ਹੈ। ਇਸ ਲਈ ਉਹ ਕਿਸੇ ਵੀ ਤਰ੍ਹਾਂ ਦੀ ਗੜਬੜ ਦਾ ਹਿੱਸਾ ਨਹੀਂ ਹੋਣਾ ਚਾਹੀਦਾ।

ਕਰੋਸ਼ਿੰਸਕੀ ਨੇ ਦੱਸਿਆ ਕਿ ਚੋਰੀ ਦੀਆਂ ਵਸਤਾਂ ਪਾਅਨ ਸ਼ਾਪਜ਼ ਉੱਤੇ ਵੇਚਣ ਵਾਲਿਆਂ ਵਿੱਚ ਐਮੇਜ਼ੌਨ ਦੇ ਦੋ ਕਾਂਟਰੈਕਟ ਡਰਾਈਵਰ ਵੀ ਸ਼ਾਮਲ ਸਨ। ਉਨ੍ਹਾਂ ਦਾ ਕੰਮ ਸਿਐਟਲ-ਟੈਕੋਮਾ ਇੰਟਰਨੈਸ਼ਨਲ ਏਅਰਪੋਰਟ ਤੱਕ ਆਉਣਾ ਜਾਣਾ ਸੀ ਤੇ ਉੱਥੋਂ ਕੰਪਨੀ ਨੂੰ ਵਾਪਿਸ ਕੀਤੀਆਂ ਚੀਜ਼ਾਂ ਸਿਐਟਲ ਸਥਿਤ ਐਮੇਜ਼ੌਨ ਦੇ ਗੁਦਾਮ ਤੱਕ ਪਹੁੰਚਾਉਣਾ ਸੀ। ਇਸ ਦੇ ਨਾਲ ਹੀ ਉਹ ਸ਼ਿਪਿੰਗ ਲਈ ਵਸਤਾਂ ਪੋਸਟ ਆਫਿਸਿਜ਼ ਤੱਕ ਪਹੁੰਚਾਉਣ ਦਾ ਕੰਮ ਵੀ ਕਰਦੇ ਸਨ। ਇਸ ਕੰਮ ਤੋਂ ਇਲਾਵਾ ਉਹ ਰੂਟੀਨ ਵਿੱਚ ਹੀ ਚੀਜ਼ਾਂ ਚੋਰੀ ਕਰਦੇ ਸਨ ਤੇ ਉਨ੍ਹਾਂ ਨੂੰ ਪਾਅਨ ਸ਼ਾਪਜ਼ ਉੱਤੇ ਵੇਚ ਦਿੰਦੇ ਸਨ।

ਇਸ ਮਾਮਲੇ ਵਿੱਚ ਵੀਰਵਾਰ ਨੂੰ ਐਮੇਜ਼ੌਨ ਵੱਲੋਂ ਸੰਪਰਕ ਕੀਤੇ ਜਾਣ ਦੇ ਬਾਵਜੂਦ ਕੋਈ ਟਿੱਪਣੀ ਨਹੀਂ ਕੀਤੀ ਗਈ। ਇਹ ਜਾਂਚ ਪਿਛਲੀਆਂ ਗਰਮੀਆਂ ਵਿੱਚ ਉਦੋਂ ਸ਼ੁਰੂ ਹੋਈ ਜਦੋਂ ਪੁਲਿਸ ਦੇ ਇੱਕ ਡਿਟੈਕਟਿਵ ਨੇ ਆਬਰਨ ਵਿੱਚ ਇੱਕ ਪਾਅਨ ਸ਼ਾਪ ਦਾ ਰਿਕਾਰਡ ਚੈੱਕ ਕਰਦਿਆਂ ਪਾਇਆ ਕਿ ਇੱਕ ਵਿਅਕਤੀ ਵੱਲੋਂ 57 ਟਰਾਂਜ਼ੈਕਸ਼ਨਜ਼ ਕੀਤੀਆਂ ਗਈਆਂ ਹਨ। ਇਹ ਵਿਅਕਤੀ ਹੋਰ ਕੋਈ ਨਹੀਂ ਇਨ੍ਹਾਂ ਡਰਾਈਵਰਾਂ ਵਿੱਚੋਂ ਹੀ ਇੱਕ ਨਿਕਲਿਆ। ਪਿਛਲੇ ਸਾਲ ਫਰਵਰੀ ਤੋਂ ਜੁਲਾਈ ਤੱਕ 30,000 ਦੀਆਂ ਆਈਟਮਾਂ ਵੇਚਣ ਲਈ ਉਸ ਨੂੰ 30,000 ਡਾਲਰ ਮਿਲੇ। ਪਹਿਲਾਂ ਪੁਲਿਸ ਵੱਲੋਂ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਰ ਬਾਅਦ ਵਿੱਚ ਛੱਡ ਦਿੱਤਾ ਗਿਆ ਤਾਂ ਕਿ ਜਾਂਚ ਵਿੱਚ ਕੋਈ ਵਿਘਨ ਨਾ ਪਵੇ।

ਦੂਜੇ ਡਰਾਈਵਰ ਦੀ ਪਛਾਣ ਅੱਬਾਸ ਜ਼ਗੈਰ ਵਜੋਂ ਹੋਈ ਤੇ ਇਹ ਪਹਿਲੇ ਡਰਾਈਵਰ ਦਾ ਹੀ ਰੂਮਮੇਟ ਸੀ। ਐਮੇਜ਼ੌਨ ਨੇ ਜਾਂਚਕਾਰਾਂ ਨੂੰ ਦੱਸਿਆ ਕਿ ਜ਼ਗੈਰ ਨੇ 100,000 ਦੀ ਸੰਪਤੀ ਚੋਰੀ ਕੀਤੀ, ਜਿਸ ਵਿੱਚ ਗੇਮਿੰਗ ਸਿਸਟਮਜ਼, ਸਪੋਰਟਸ ਦਾ ਸਮਾਨ ਤੇ ਕੰਪਿਊਟਰ ਨਾਲ ਸਬੰਧਤ ਵਸਤਾਂ ਸ਼ਾਮਲ ਸਨ। ਫਿਰ ਉਸ ਨੇ ਇਹ ਵਸਤਾਂ 20,000 ਡਾਲਰ ਤੋਂ ਘੱਟ ਵਿੱਚ ਪਾਅਨ ਸ਼ਾਪਜ ਨੂੰ ਵੇਚੀਆਂ। ਇੱਕ ਹੋਰ ਕਤਲ ਦੇ ਮਾਮਲੇ ਵਿੱਚ ਵੀ ਜ਼ਗੈਰ ਨੂੰ ਚਾਰਜ ਕੀਤਾ ਜਾ ਚੁੱਕਿਆ ਹੈ।

# ਸ਼ੱਕੀ ਕਾਰ ਸਬੰਧੀ ਮਿਲੀ ਰਿਪੋਰਟ ਦੀ ਜਾਂਚ ਕਰ ਰਹੀ ਹੈ ਓਨਟਾਰੀਓ ਪੁਲਿਸ

**ਬੀਸੀ ਵਿੱਚ ਹੋਏ ਕਤਲਾਂ ਦੇ ਮਸ਼ਕੂਕਾਂ ਨਾਲ ਮੇਲ ਖਾਂਦੇ ਵਿਅਕਤੀਆਂ ਦੇ ਕਾਰ ਵਿੱਚ ਹੋਣ ਦਾ ਸ਼ੱਕ**



ਓਨਟਾਰੀਓ, 1 ਅਗਸਤ (ਪੋਸਟ ਬਿਊਰੋ) : ਬੀਸੀ ਵਿੱਚ ਹੋਏ ਕਤਲਾਂ ਦੇ ਮਸ਼ਕੂਕਾਂ ਨਾਲ ਮੇਲ ਖਾਂਦੇ ਦੋ ਵਿਅਕਤੀਆਂ, ਜੋ ਕਿ ਉੱਤਰੀ ਓਨਟਾਰੀਓ ਟਾਊਨ ਵਿੱਚ ਇੱਕ ਸ਼ੱਕੀ ਗੱਡੀ ਵਿੱਚ ਘੁੰਮਦੇ ਵੇਖੇ ਗਏ, ਸਬੰਧੀ ਮਿਲੀ ਰਿਪੋਰਟ ਦੀ ਪ੍ਰੋਵਿੰਸ਼ੀਅਲ ਪੁਲਿਸ ਜਾਂਚ ਕਰ ਰਹੀ ਹੈ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਨੇ ਦੱਸਿਆ ਕਿ ਬੁੱਧਵਾਰ ਸਵੇਰੇ ਉਨ੍ਹਾਂ ਨੂੰ ਇੱਕ ਨਿੱਕੀ ਚਿੱਟੇ ਰੰਗ ਦੀ ਕਾਰ ਬਾਰੇ ਸੂਹ ਮਿਲੀ ਸੀ ਜਿਹੜੀ ਕੈਪੁਸਕਾਸਿੰਗ, ਓਨਟਾਰੀਓ ਵਿੱਚ ਹਾਈਵੇਅ 11 ਉੱਤੇ ਕੰਸਟ੍ਰਕਸ਼ਨ ਜ਼ੋਨ ਰਾਹੀਂ ਜਾ ਰਹੀ ਸੀ। ਇਹ ਥਾਂ ਸਡਬਰੀ ਤੋਂ 500 ਕਿਲੋਮੀਟਰ ਉੱਤਰ ਵੱਲ ਸਥਿਤ ਹੈ। ਕਾਰਜਕਾਰੀ ਸਟਾਫ ਸਾਰਜੈਂਟ ਸੋਨਾ ਕੈਮੀਰੈਂਡ ਨੇ ਈਮੇਲ ਰਾਹੀਂ ਦਿੱਤੇ ਬਿਆਨ ਵਿੱਚ ਆਖਿਆ ਕਿ ਇਸ ਗੱਡੀ ਨੂੰ ਇਸ ਲਈ ਸ਼ੱਕੀ ਮੰਨਿਆ ਜਾ ਰਿਹਾ ਹੈ ਕਿਉਂਕਿ ਇਸ ਵਿੱਚ ਸਵਾਰ ਦੋ ਵਿਅਕਤੀ 18 ਸਾਲਾ ਬ੍ਰਾਇਰ ਸ਼ਮੈਗੈਲਸਕੀ ਤੇ 19 ਸਾਲਾ ਕੈਮ ਮੈਕਲਿਓਡ ਨਾਲ ਮੇਲ ਖਾਂਦੇ ਹਨ। ਜ਼ਿਕਰਯੋਗ ਹੈ ਕਿ ਇਹ ਦੋਵੇਂ ਮਸ਼ਕੂਕ ਵੈਨਕੂਵਰ ਦੇ 64 ਸਾਲਾ ਵਿਅਕਤੀ ਦੇ ਨਾਲ ਨਾਲ ਜਵਾਨ ਸੈਲਾਨੀ ਜੋੜੇ ਦੇ ਬੀਸੀ ਵਿੱਚ ਹੋਏ ਕਤਲਾਂ ਦੇ ਸਬੰਧ ਵਿੱਚ ਲੋੜੀਂਦੇ ਹਨ।



ਹਾਲਾਂਕਿ ਪੁਲਿਸ ਵੱਲੋਂ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਕਿ ਉਹ ਕਾਰ ਦੀ ਭਾਲ ਕਰਨ ਵਿੱਚ ਅਸਮਰੱਥ ਰਹੇ ਹਨ ਤੇ ਇਹ ਵੀ ਆਖਿਆ ਗਿਆ ਕਿ ਕਾਰ ਵਿੱਚ ਸਵਾਰ ਵਿਅਕਤੀਆਂ ਦੀ ਪਛਾਣ ਦੀ ਪੁਸ਼ਟੀ ਵੀ ਅਜੇ ਤੱਕ ਨਹੀਂ ਹੋ ਸਕੀ ਹੈ। ਸਟਾਫ ਸਾਰਜੈਂਟ ਕੈਰੋਲ ਡਿਓਨੇ ਨੇ ਆਖਿਆ ਕਿ ਭਾਵੇਂ ਚਿੱਟੇ ਰੰਗ ਦੀ ਕਾਰ ਸ਼ਮੈਗੈਲਸਕੀ ਤੇ ਮੈਕਲਿਓਡ ਨਾਲ ਮੇਲ ਨਹੀਂ ਖਾਂਦੀ ਪਰ ਉਹ ਕਿਸੇ ਵੀ ਗੱਲ ਤੋਂ ਇਨਕਾਰ ਨਹੀਂ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪ੍ਰੋਵਿੰਸ ਭਰ ਤੋਂ ਇਨ੍ਹਾਂ ਮਸ਼ਕੂਕਾਂ ਬਾਰੇ ਰਿਪੋਰਟਾਂ ਮਿਲ ਰਹੀਆਂ ਹਨ।

ਅਜੇ ਤੱਕ ਇਨ੍ਹਾਂ ਦੋਵਾਂ ਮਸ਼ਕੂਕਾਂ ਨੂੰ ਓਨਟਾਰੀਓ ਵਿੱਚ ਵੇਖੇ ਜਾਣ ਦੀ ਪੁਸ਼ਟੀ ਨਹੀਂ ਹੋ ਸਕੀ ਹੈ।

ਵੀਰਵਾਰ ਨੂੰ ਮੈਨੀਟੋਬਾ ਦੀ ਆਰਸੀਐਮਪੀ ਨੇ ਐਲਾਨ ਕੀਤਾ ਸੀ ਕਿ ਉਹ ਪ੍ਰੋਵਿੰਸ ਦੇ ਦੂਰ ਦਰਾਜ ਦੇ ਉੱਤਰੀ ਹਿੱਸੇ ਵਿੱਚ ਸਥਿਤ ਗਿਲਾਮ ਟਾਊਨ ਦੇ ਆਲੇ ਦੁਆਲੇ ਇਨ੍ਹਾਂ ਮਸ਼ਕੂਕਾਂ ਦੀ ਕੀਤੀ ਜਾ ਰਹੀ ਭਾਲ ਦਾ ਕੰਮ ਹੁਣ ਹਲਕੇ ਪੱਧਰ ਉੱਤੇ ਕਰਨਗੇ।

# ਫਾਰਮਾਸਿਸਟਾਂ ਨੂੰ ਕੈਨੇਡਾ ਵਿੱਚ ਦਵਾਈਆਂ ਦੀ ਕਿੱਲਤ ਦਾ ਖਤਰਾ!

ਓਟਵਾ, 1 ਅਗਸਤ (ਪੋਸਟ ਬਿਊਰੋ) : ਕੈਨੇਡੀਅਨ ਫਾਰਮਾਸਿਸਟਜ਼ ਨੂੰ ਇਹ ਤੌਖਲਾ ਵੱਢ ਵੱਢ ਖਾ ਰਿਹਾ ਹੈ ਕਿ ਅਮਰੀਕਾ ਵਿੱਚ ਦਵਾਈਆਂ ਦੀ ਖਰੀਦ ਸਬੰਧੀ ਨਿਯਮਾਂ ਵਿੱਚ ਹੋਣ ਵਾਲੀ ਤਬਦੀਲੀ ਨਾਲ ਸਰਹੱਦ ਦੇ ਉੱਤਰ ਵੱਲ ਦਵਾਈਆਂ ਦੀ ਹੋਰ ਕਿੱਲਤ ਪੈਦਾ ਹੋ ਜਾਵੇਗਾ। ਬੁੱਧਵਾਰ ਨੂੰ ਅਮਰੀਕਾ ਦੇ ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ ਨੇ ਐਲਾਨ ਕੀਤਾ ਕਿ ਉਹ ਅਮਰੀਕੀ ਮਰੀਜ਼ਾਂ ਤੇ ਕਾਰੋਬਾਰੀਆਂ ਨੂੰ ਕੈਨੇਡਾ ਤੋਂ ਦਵਾਈਆਂ ਖਰੀਦਣ ਦੀ ਇਜਾਜ਼ਤ ਦਿੰਦਾ ਹੈ, ਜਿੱਥੇ ਕੀਮਤਾਂ ਉੱਤੇ ਨਿਯੰਤਰਣ ਕਾਰਨ ਕੁੱਝ ਦਵਾਈਆਂ 10 ਗੁਣਾਂ ਸਸਤੀਆਂ ਹਨ। ਹੋਲ ਹੈਲਥ ਫਾਰਮੇਸੀ ਪਾਰਟਨਰਜ਼ ਦੇ ਪ੍ਰੈਜ਼ੀਡੈਂਟ ਤੇ ਸੀਈਓ ਡੀਨ ਮਿਲਰ ਨੇ ਦੱਸਿਆ ਕਿ ਪਹਿਲਾਂ ਹੀ ਕੁੱਝ ਕੈਨੇਡੀਅਨ ਫਾਰਮੇਸੀਜ਼ 1000 ਤੋਂ ਵੀ ਵੱਧ ਦਵਾਈਆਂ ਦੀ ਘਾਟ ਮਹਿਸੂਸ ਕਰ ਰਹੀਆਂ ਹਨ। ਉਨ੍ਹਾਂ ਆਖਿਆ ਕਿ ਆਪਣੇ 30 ਸਾਲ ਦੇ ਕਰੀਅਰ ਵਿੱਚ ਇਹੋ ਜਿਹੀ ਕਮੀ ਉਨ੍ਹਾਂ ਪਹਿਲਾਂ ਕਦੇ ਵੀ ਨਹੀਂ ਵੇਖੀ। ਇਹ ਪੁੱਛੇ ਜਾਣ ਉੱਤੇ ਕਿ ਇਸ ਨੀਤੀ ਦਾ ਕਿਹੋ ਜਿਹਾ ਅਸਰ ਹੋਵੇਗਾ ਤਾਂ ਮਿਲਰ ਨੇ ਆਖਿਆ ਕਿ ਜੇ ਬਹੁਤੇ ਕੈਨੇਡੀਅਨ ਦਵਾਈਆਂ ਲਈ ਉੱਤਰ ਵੱਲ ਆਉਂਦੇ ਹਨ ਤਾਂ ਇੱਥੇ ਦਵਾਈਆਂ ਦੀ ਕਮੀ ਪੈਦਾ ਹੋ ਜਾਵੇਗੀ। ਟੋਰਾਂਟੋ ਵਿੱਚ ਵੈਲਥ ਫਾਰਮੇਸੀ ਤੋਂ ਇੰਟਰਵਿਊ ਦਿੰਦਿਆਂ ਉਨ੍ਹਾਂ ਆਖਿਆ ਕਿ ਹਾਲਾਤ ਇਸ ਤੋਂ ਵੀ ਬਦਤਰ ਹੋ ਸਕਦੇ ਹਨ ਕਿਉਂਕਿ ਦਵਾਈਆਂ ਦੀ ਘਾਟ ਕਾਰਨ ਲੋਕ ਮਰ ਵੀ ਸਕਦੇ ਹਨ। ਉਨ੍ਹਾਂ ਆਖਿਆ ਕਿ ਇੱਥੇ ਜਿਹੜੀਆਂ ਦਵਾਈਆਂ ਸਟਾਕ ਕਰਕੇ ਰੱਖੀਆਂ ਜਾਂਦੀਆਂ ਹਨ ਉਹ ਕੈਨੇਡੀਅਨਾਂ ਲਈ ਤਿਆਰ ਕੀਤੀਆਂ ਜਾਂਦੀਆਂ ਹਨ ਨਾ ਕਿ ਸਾਡੇ ਨਾਲੋਂ ਦਸ ਗੁਣਾਂ ਵੱਡੇ ਦੇਸ਼ ਲਈ ਤਿਆਰ ਕੀਤੀਆਂ ਜਾਂਦੀਆਂ ਹਨ। ਕੈਨੇਡੀਅਨ ਫਾਰਮਾਸਿਸਟ ਐਸੋਸਿਏਸ਼ਨ ਦੀ ਪਬਲਿਕ ਅਫੇਅਰਜ਼ ਲਈ ਵਾਈਸ ਪ੍ਰੈਜ਼ੀਡੈਂਟ ਜੋਇਲ ਵਾਕਰ ਨੇ ਚਿੰਤਾ ਪ੍ਰਗਟਾਉਂਦਿਆਂ ਆਖਿਆ ਕਿ ਲੋੜੀਂਦੀਆਂ ਦਵਾਈਆਂ ਦੀ ਕਿੱਲਤ ਦੇ ਚੱਲਦਿਆਂ ਇਨ੍ਹਾਂ ਨਿਯਮਾਂ ਵਿੱਚ ਕੀਤੀ ਜਾਣ ਵਾਲੀ ਤਬਦੀਲੀ ਨਾਲ ਕੈਨੇਡੀਅਨਾਂ ਲਈ ਦਵਾਈਆਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਵੇਗਾ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਸੰਸਥਾ ਫੈਡਰਲ ਸਰਕਾਰ ਨਾਲ ਮੁਲਾਕਾਤ ਕਰਕੇ ਇਹ ਵਿਚਾਰ ਵਟਾਂਦਰਾ ਕਰਨਾ ਚਾਹੁੰਦੀ ਹੈ ਕਿ ਕੈਨੇਡੀਅਨਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਕਿਹੜੇ ਨਿਯਮ ਲਿਆਂਦੇ ਜਾ ਸਕਦੇ ਹਨ।

# ਨੌਰਥ ਯੌਰਕ ਇਮਾਰਤ ਵਿੱਚ ਚੱਲੀ ਗੋਲੀ, ਟੀਨੇਜਰ ਹਲਾਕ




ਨੌਰਥ ਯੌਰਕ, 1 ਅਗਸਤ (ਪੋਸਟ ਬਿਊਰੋ) : ਇੱਕ ਟੀਨੇਜਰ ਦੇ ਮਾਰੇ ਜਾਣ ਦੇ ਮਾਮਲੇ ਵਿੱਚ ਨੌਰਥ ਯੌਰਕ ਅਪਾਰਟਮੈਂਟ ਬਿਲਡਿੰਗ ਦੀ ਜਾਂਚ ਦਾ ਕੰਮ ਪੁਲਿਸ ਵੱਲੋਂ ਕੀਤਾ ਜਾ ਰਿਹਾ ਹੈ। ਗੋਲੀਆਂ ਚੱਲਣ ਦੀ ਆਵਾਜ਼ ਸੁਣਨ ਤੋਂ ਬਾਅਦ ਤੜ੍ਹਕੇ 1:00 ਵਜੇ ਪੁਲਿਸ ਅਧਿਕਾਰੀਆਂ ਨੂੰ ਫਾਲਸਟਾਫ ਐਵਨਿਊ ਤੇ ਜੇਨ ਸਟਰੀਟ ਨੇੜੇ ਸਥਿਤ ਇੱਕ ਇਮਾਰਤ ਵਿੱਚ ਸੱਦਿਆ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਪਾਇਆ ਕਿ ਇੱਕ ਨੌਜਵਾਨ ਬੰਦੂਕ ਦੀਆਂ ਗੋਲੀਆਂ ਨਾਲ ਜ਼ਖ਼ਮੀ ਹਾਲਤ ਵਿੱਚ ਉੱਥੇ ਪੌੜੀਆਂ ਕੋਲ ਡਿੱਗਿਆ ਪਿਆ ਸੀ।

ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਹ ਨੌਜਵਾਨ 16 ਸਾਲਾਂ ਦੀ ਸੀ। ਮੌਕੇ ਉੱਤੇ ਹੀ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਜਾਂਚਕਾਰਾਂ ਵੱਲੋਂ ਰਸਮੀ ਤੌਰ ਉੱਤੇ ਟੀਨੇਜਰ ਦੀ ਸ਼ਨਾਖ਼ਤ ਨਹੀਂ ਕੀਤੀ ਗਈ ਹੈ। ਪੁਲਿਸ ਨੇ ਦੱਸਿਆ ਕਿ ਤਿੰਨ ਮਸ਼ਕੂਕ, ਜੋ ਕਿ ਆਪਣੇ 20ਵਿਆਂ ਦੇ ਸ਼ੁਰੂ ਵਿੱਚ ਹੀ ਸਨ, ਮੌਕੇ ਤੋਂ ਕਾਲੇ ਰੰਗ ਦੀ ਹੌਂਡਾ ਵਿੱਚ ਫਰਾਰ ਹੋ ਗਏ।

ਵੀਰਵਾਰ ਸਵੇਰੇ ਡਿਟੈਕਟਿਵਜ਼, ਕੌਰੋਨਰ, ਫੋਰੈਂਸਿਕ ਅਧਿਕਾਰੀ ਇਮਾਰਤ ਵਿੱਚ ਵੇਖੇ ਗਏ। ਜਾਂਚਕਾਰ ਇਲਾਕੇ ਦੀ ਵੀਡੀਓ ਸਰਵੇਲੈਂਸ ਫੁਟੇਜ ਦਾ ਮੁਲਾਂਕਣ ਕਰ ਰਹੇ ਹਨ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4



ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



ਕਰੋਨਿਕ ਲਿਵਰ ਪਰੋਬਲਮ ਦਾ ਸੁਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਉਨਾਉ ਬਲਾਤਕਾਰ ਕੇਸ: ਸੁਪਰੀਮ ਕੋਰਟ ਨੇ ਸਾਰੇ ਮਾਮਲੇ ਸੁਣਵਾਈ ਲਈ ਦਿੱਲੀ ਟਰਾਂਸਫ਼ਰ ਕੀਤੇ

## * ਸੁਣਵਾਈ ਪੂਰੀ ਕਰਨ ਲਈ 45 ਦਿਨਾਂ ਦੀ ਹੱਦ ਮਿਥ ਦਿੱਤੀ * ਪੀੜਤਾ ਦਾ ਦਿੱਲੀ ਤੋਂ ਇਲਾਜ ਤੇ 25 ਲੱਖ ਰੁਪਏ ਦੇਣ ਦਾ ਹੁਕਮ

ਨਵੀਂ ਦਿੱਲੀ, 1 ਅਗਸਤ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਨਾਲ ਜੁੜੇ ਹੋਏ ਬਹੁਤ ਬਦਨਾਮ ਉਨਾਉ ਬਲਾਤਕਾਰ ਕੇਸ ਦੀ ਪੀੜਤਾ ਦੇ ਇਕ ਸ਼ੱਕੀ ਸੜਕ ਹਾਦਸੇ ਵਿੱਚ ਜ਼ਖ਼ਮੀ ਹੋਣ ਦੇ ਮਾਮਲੇ ਵਿੱਚ ਅੱਜ ਭਾਰਤ ਦੀ ਸੁਪਰੀਮ ਕੋਰਟ ਨੇ ਸਖ਼ਤ ਰੁਖ ਅਪਣਾਉਂਦੇ ਹੋਏ ਇਸ ਕੇਸ ਦੇ ਸਾਰੇ 5 ਮਾਮਲੇ ਅਗਲੀ ਸੁਣਵਾਈ ਲਈ ਉਸ ਰਾਜ ਵਿੱਚੋਂ ਦਿੱਲੀ ਦੀਆਂ ਅਦਾਲਤਾਂ ਨੂੰਟਰਾਂਸਫ਼ਰ ਕਰ ਦਿੱਤੇ ਹਨ। ਇਹੀ ਨਹੀਂ, ਅੱਜ ਸੁਪਰੀਮ ਕੋਰਟ ਨੇ ਇਸ ਦੇ ਨਾਲ ਇਸ ਦੇ ਮੁੱਖ ਮਾਮਲੇ ਦੀ ਰੋਜ਼ਾਨਾ ਸੁਣਵਾਈ ਲਈ 45 ਦਿਨ ਦੀ ਡੈਡਲਾਈਨ ਵੀ ਤੈਅ ਕਰ ਦਿੱਤੀ ਤੇ ਸੜਕ ਹਾਦਸੇ ਵਾਲੇ ਕੇਸ ਦੀ ਜਾਂਚ ਵੀ ਇਕ ਹਫ਼ਤੇ ਅੰਦਰ ਪੂਰੀ ਕਰਨ ਦੇ ਆਦੇਸ਼ ਦੇ ਦਿੱਤੇ ਹਨ।



ਇਸ ਮੌਕੇ ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਦੀ ਸਰਕਾਰ ਨੂੰ ਕਿਹਾ ਕਿ ਉਹ ਪੀੜਤ ਲੜਕੀ ਦੇ ਪਰਵਾਰ ਨੂੰ 25 ਲੱਖ ਰੁਪਏ ਦਾ ਮੁਆਵਜ਼ਾ ਤੁਰੰਤਦੇਵੇ। ਕੋਰਟ ਨੇ ਕਿਹਾ ਕਿ ਜੇ ਜ਼ਖ਼ਮੀ ਪੀੜਤਾ ਦੇ ਪਰਵਾਰ ਦੀ ਇੱਛਾ ਹੋਵੇ ਤਾਂ ਉਸ ਨੂੰ ਇਲਾਜ ਲਈ ਦਿੱਲੀ ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਜ਼) ਲਿਆਂਦਾ ਕੀਤਾ ਜਾਵੇ। ਸੁਪਰੀਮ ਕੋਰਟ ਨੇ ਇਸ ਦੇ ਨਾਲ ਪੀੜਤਾ ਏ ਇਸ ਕੇਸ ਦੇ ਗਵਾਹਾਂ ਨੂੰ ਸੁਰੱਖਿਆ ਦੇਣ ਦਾ ਆਦੇਸ਼ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਸੀਆਰਪੀਐੱਫ਼ ਸੁਰੱਖਿਆ ਦਿੱਤੀ ਜਾਵੇ। ਪੀੜਤਾ ਦੇ ਜੇਲ੍ਹ ਵਿੱਚ ਬੰਦ ਚਾਚਾ ਨੂੰ ਉਸ ਦੀ ਜਾਨ ਦੇ ਖ਼ਤਰੇ ਕਾਰਨਰਾਏ ਬਰੇਲੀ ਜੇਲ੍ਹ ਤੋਂ ਦਿੱਲੀ ਦੀ ਤਿਹਾੜ ਜੇਲ ਭੇਜਣ ਦਾ ਆਦੇਸ਼ ਵੀ ਦਿੱਤਾ ਗਿਆ ਹੈ।

ਅੱਜ ਸੀ ਬੀ ਆਈ ਵੱਲੋਂ ਪੇਸ਼ ਹੋਏ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਕੋਲੋਂਸੁਪਰੀਮ ਕੋਰਟ ਨੇ ਪੁੱਛਿਆ ਕਿ ਇਸ ਹਾਦਸੇ ਦੀ ਜਾਂਚ ਕਰਨ ਲਈ ਤੁਹਾਨੂੰ ਕਿੰਨਾ ਸਮਾਂ ਚਾਹੀਦਾ ਹੈ। ਜਦੋਂ ਸੋਲੀਸਿਟਰ ਜਨਰਲ ਨੇ ਇਕ ਮਹੀਨਾ ਕਿਹਾ ਤਾਂ ਚੀਫ਼ ਜਸਟਿਸ ਰੰਜਨ ਗੋਗੋਈ ਨੇ ਕਿਹਾ ਕਿ ਮਹੀਨਾ ਨਹੀਂ, ਸਿਰਫ 7 ਦਿਨਾਂ ਵਿੱਚ ਜਾਂਚ ਪੂਰੀ ਕੀਤੀ ਜਾਵੇ। ਕੋਰਟ ਨੇ ਬਲਾਤਕਾਰ ਕੇਸ ਨਾਲ ਸਬੰਧਤ ਘਟਨਾਕ੍ਰਮਾਂ ਉੱਤੇ ਨਾਰਾਜ਼ਗੀ ਪ੍ਰਗਟਾਈ ਅਤੇ ਕਿਹਾ ਕਿ ਇਸ ਦੇਸ਼ ਵਿੱਚ ਆਖ਼ਰ ਹੋ ਕੀ ਰਿਹਾ ਹੈ? ਕੁਝ ਵੀ ਕਾਨੂੰਨ ਦੇ ਹਿਸਾਬ ਨਾਲ ਨਹੀਂ ਹੋ ਰਿਹਾ।

ਵਰਨਣ ਯੋਗ ਹੈ ਕਿ ਪੀੜਤ ਲੜਕੀ ਨੇ ਦੋਸ਼ ਲਾਇਆ ਸੀ ਕਿ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਤੇ ਉਸ ਦੇ ਸਾਥੀਆਂ ਨੇ ਉਸ ਨਾਲ 4 ਜੂਨ 2017 ਨੂੰਸਮੂਹਕ ਬਲਾਤਕਾਰ ਕੀਤਾ ਸੀ। ਉਹ ਉਸ ਦਿਨ ਵਿਧਾਇਕ ਦੇ ਘਰ ਆਪਣੇ ਇਕ ਰਿਸ਼ਤੇਦਾਰ ਦੇ ਨਾਲ ਨੌਕਰੀ ਮੰਗਣ ਗਈ ਸੀ। ਜਦ ਉਸ ਨੇ ਵਿਰੋਧ ਕੀਤਾ ਤਾਂ ਵਿਧਾਇਕ ਨੇ ਪਰਵਾਰ ਵਾਲਿਆਂ ਨੂੰ ਮਾਰਨ ਦੀ ਧਮਕੀ ਦਿਤੀ ਸੀ। ਬਲਾਤਕਾਰ ਦੇ ਬਾਅਦ ਜਦ ਉਹ ਥਾਣੇ ਗਈ ਤਾਂ ਸ਼ਿਕਾਇਤ ਨਹੀਂ ਲਿਖੀ ਗਈ ਅਤੇ ਇਸ ਤੋਂ ਬਾਅਦ ਲਿਖਤ ਵੀ ਬਦਲ ਦਿਤੀ ਗਈ। ਉਸ ਨੇ ਮੁੱਖ ਮੰਤਰੀ ਨੂੰ ਸ਼ਿਕਾਇਤ ਕੀਤੀ ਤਾਂ ਵਿਧਾਇਕ ਕੁਲਦੀਪ ਸੇਂਗਰ ਦੇ ਵਿਰੁੱਧ ਕੇਸ ਦਰਜ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ। ਪਿਛਲੇ ਐਤਵਾਰ ਰਾਏਬਰੇਲੀ ਵਿੱਚ ਇਕ ਤੇਜ਼ ਰਫ਼ਤਾਰ ਟਰੱਕ ਨੇ ਪੀੜਤਾ ਦੀ ਕਾਰ ਨੂੰ ਟੱਕਰ ਮਾਰ ਦਿਤੀ, ਜਿਸ ਵਿੱਚ ਉਹ ਗੰਭੀਰ ਜ਼ਖ਼ਮੀ ਹੋਈ ਤੇ ਇਸ ਹਾਦਸੇ ਵਿੱਚ ਉਸ ਦੀ ਚਾਚੀ ਤੇ ਮਾਸੀ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਪੁਲਸ ਹਿਰਾਸਤ ਵਿੱਚ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ। ਬੀਤੇ ਐਤਵਾਰ ਦੇ ਸੜਕ ਹਾਦਸੇ ਵਿੱਚ ਜ਼ਖ਼ਮੀ ਹੋਈ ਪੀੜਤਾ ਤੇ ਉਸ ਦੇ ਵਕੀਲ ਦੋਵਾਂ ਦਾ ਇਲਾਜ ਲਖਨਊ ਦੇ ਕਿੰਗ ਜਾਰਜ ਹਸਪਤਾਲ ਵਿੱਚ ਹੋ ਰਿਹਾ ਹੈ, ਜਿੱਥੇ ਅੱਜ ਵੀਰਵਾਰ ਨੂੰ ਡਾਕਟਰਾਂ ਨੇ ਦਸਿਆ ਕਿ ਉਨ੍ਹਾਂ ਨੂੰ ਵੈਂਟੀਲੇਟਰ ਉੱਤੇ ਰੱਖਿਆ ਗਿਆ ਹੈ।

## ਉਨਾਉ ਵਾਲੇ ਬਲਾਤਕਾਰੀ ਵਿਧਾਇਕ ਕੁਲਦੀਪ ਸੇਂਗਰ ਨੂੰ ਭਾਜਪਾ ਵਿੱਚੋਂ ਕੱਢਿਆ

ਨਵੀਂ ਦਿੱਲੀ, 1 ਅਗਸਤ, (ਪੋਸਟ ਬਿਊਰੋ)- ਉਨਾਉ ਬਲਾਤਕਾਰ ਕੇਸ ਦੇ ਮੁੱਖ ਦੋਸ਼ੀ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਭਾਜਪਾ ਨੇ ਅੱਜ ਵੀਰਵਾਰ ਪਾਰਟੀ ਤੋਂ ਕੱਢ ਦਿੱਤਾ ਹੈ। ਉਨਾਵ ਜ਼ਿਲ੍ਹੇ ਦੇ ਬਾਂਗਰਮਊ ਹਲਕੇ ਤੋਂ ਵਿਧਾਇਕ ਕੁਲਦੀਪ ਸੇਂਗਰ ਇਸ ਵਕਤ ਉਸ ਬਲਾਤਕਾਰ ਕੇਸ ਵਿੱਚ ਉੱਤਰ ਪ੍ਰਦੇਸ਼ ਦੀ ਸੀਤਾਪੁਰ ਜੇਲ ਵਿੱਚ ਬੰਦ ਹੈ। ਇਸ ਕੇਸ ਦੇ ਕਾਰਨ ਵਿਰੋਧੀ ਪਾਰਟੀਆਂ ਲਗਾਤਾਰ ਭਾਜਪਾ ਨੂੰ ਘੇਰ ਰਹੀਆਂ ਸਨ ਤੇ ਦੋਸ਼ੀ ਵਿਧਾਇਕ ਨੂੰ ਪਾਰਟੀ ਵਿੱਚੋਂਕੱਢਣ ਦੀ ਮੰਗ ਕਰ ਰਹੀਆਂ ਸਨ। ਅੱਜ ਉਸ ਨੂੰ ਕੱਢੇ ਜਾਣ ਤੋਂ ਪਹਿਲਾਂ ਭਾਜਪਾ ਦੇ ਸੂਬਾ ਪ੍ਰਧਾਨ ਸਵਤੰਤਰ ਦੇਵ ਸਿੰਘ ਨੇ ਇਹ ਕਿਹਾ ਸੀ ਕਿ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਪਹਿਲਾਂ ਹੀ ਸਸਪੈਂਡ ਕੀਤਾ ਜਾ ਚੁੱਕਾ ਹੈ ਤੇ ਜਦ ਤਕ ਸੀਬੀਆਈ ਦੀ ਜਾਂਚ ਚੱਲ ਰਹੀ ਹੈ, ਓਦੋਂ ਤੱਕ ਵਿਧਾਇਕ ਕੁਲਦੀਪ ਪਾਰਟੀ ਵਿੱਚੋਂ ਬਾਹਰ ਰਹੇਗਾ।

ਵਰਨਣ ਯੋਗ ਹੈ ਕਿ ਕੁਲਦੀਪ ਸੇਂਗਰ ਪਹਿਲੀ ਵਾਰ ਸਾਲ 2002 ਵਿੱਚ ਬਸਪਾ ਦੀ ਟਿਕਟ ਉੱਤੇ ਉਨਾਉ ਸਦਰ ਹਲਕੇ ਤੋਂ ਵਿਧਾਇਕ ਚੁਣਿਆ ਗਿਆ ਸੀ। ਇਸ ਤੋਂ ਬਾਅਦ 2007 ਵਿੱਚ ਇਸੇ ਜ਼ਿਲ੍ਹੇ ਦੀ ਬਾਂਗਰਮਊ ਤੇ 2012 ਵਿੱਚ ਭਗਵੰਤਨਗਰ ਸੀਟ ਤੋਂ ਉਹ ਸਮਾਜਵਾਦੀ ਪਾਰਟੀ ਦਾ ਵਿਧਾਇਕ ਬਣਿਆ ਸੀ। ਸਾਲ 2017 ਵਿੱਚ ਵਿਧਾਨ ਸਭਾ ਚੋਣ ਤੋਂ ਪਹਿਲਾਂ ਉਹ ਭਾਜਪਾ ਵਿੱਚ ਸ਼ਾਮਲ ਹੋ ਗਿਆ ਸੀ। ਬੀਤੇ 17 ਸਾਲਾਂ ਵਿੱਚ ਕੁਲਦੀਪ ਦਾ ਇਲਾਕੇ ਵਿੱਚ ਦਬਦਬਾ ਹੈ। ਇਹੀ ਕਾਰਨ ਹੈ ਕਿ ਲੋਕ ਸਭਾ ਚੋਣ ਜਿੱਤਣ ਪਿੱਛੋਂ ਸਾਕਸ਼ੀ ਮਹਾਰਾਜ ਉਸ ਨੂੰ ਜੇਲ ਵਿੱਚ ਮਿਲਣ ਗਏ ਸਨ।

## ਬੜੂੰਦੀ ਇਲਾਕਾ ਨਿਵਾਸੀਆਂ ਵੱਲੋਂ ਪਿਕਨਿਕ 4 ਅਗਸਤ ਨੂੰ

ਪਿੰਡ ਬੜੂੰਦੀ ਦੇ ਨਗਰ ਨਿਵਾਸੀਆਂ ਨੂੰ ਬੇਨਤੀ ਹੈ ਕਿ ਇਸ ਵਾਰ ਫਿਰ ਆਪਣੇ ਨਗਰ ਨਿਵਾਸੀ ਰਲ ਮਿਲਕੇ 4 ਅਗਸਤ ਦਿਨ ਐਤਵਾਰ ਨੂੰ ਕੈਲੇਡਨ ਸ਼ਹਿਰ ਵਿੱਚ ਚਾਰਲਜ਼ ਹੇਨਜ਼ ਮੈਮੋਰੀਅਲ ਪਾਰਕ ਜੋ ਕਿ 14190 ਕਰੈਡਿਟ ਵਿਊ ਰੋਡ (ਜਿੱਥੇ ਪਿਛਲੇ ਸਾਲ ਵੀ ਪਿਕਨਿਕ ਦਾ ਆਯੋਜਨ ਕੀਤਾ ਗਿਆ ਸੀ ), ਵਿੱਖੇ ਇਕ ਪਿਕਨਿਕ ਦਾ ਆਯੋਜਨ ਕਰ ਰਹੇ ਹਨ

ਇਹ ਪਿਕਨਿਕ 11 ਵਜੇ ਤੋਂ ਸ਼ਾਮ 6 ਵਜੇ ਤਕ ਚਲੇਗੀ;

ਹਰ ਆਏ ਮਹਿਮਾਨ ਲਈ ਖਾਣ-ਪੀਣ ਦਾ ਖੁਲ੍ਹਾ ਪ੍ਰਬੰਧ ਹੋਵੇਗਾ

ਬੱਚਿਆਂ ਦੇ ਮਨੋਰੰਜਨ ਲਈ ਕਈ ਪ੍ਰਕਾਰ ਦੀਆਂ ਖੇਡਾਂ ਦਾ ਵੀ ਇੰਤਜ਼ਾਮ ਕੀਤਾ ਗਿਆ ਹੈ ; ਸਾਰੇ ਨਿਵਾਸੀਆਂ ਨੂੰ ਬੇਨਤੀ ਹੈ ਕਿ ਇਸ ਪਿਕਨਿਕ ਵਿੱਚ ਸਮੇਂ ਸਿਰ ਸ਼ਾਮਿਲ ਹੋ ਕੇ ਇਸ ਦੀ ਰੌਣਕ ਵਿਚ ਹੋਰ ਵਾਧਾ ਕਰੋ;

ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ :

ਸਰਵਰਿੰਦਰ ਧਾਲੀਵਾਲ (416-371-2232)

ਅਮਰਜੀਤ ਸਿੰਘ ਪੰਨੂ (416-579-1564)

## ਡਿਊਟੀ ਉਤੇ ਠੁਮਕੇ ਲਾਉਣ ਵਾਲੀਆਂ ਮਹਿਲਾ ਸਿਪਾਹੀਆਂ ਵਿਰੁੱਧ ਕਾਰਵਾਈ

ਨਵੀਂ ਦਿੱਲੀ, 1 ਅਗਸਤ (ਪੋਸਟ ਬਿਊਰੋ)- ਟਿਕ-ਟਾਕ ਵੀਡੀਓ ਦਾ ਰੁਝਾਨ ਵਧ ਜਾਣ ਕਾਰਨ ਇਸ ਦੇ ਮੋਹ ਵਿੱਚ ਲੋਕ ਡਿਊਟੀ ਦੀ ਮਰਿਆਦਾ ਵੀ ਭੁੱਲਦੇ ਜਾਂਦੇ ਹਨ। ਕੱਲ੍ਹ ਦਿੱਲੀ ਪੁਲਸ ਦੀਆਂ ਦੋ ਮਹਿਲਾ ਕਾਂਸਟੇਬਲਾਂ ਦਾ ਟਿਕ-ਟਾਕ ਵੀਡੀਓ ਵਾਇਰਲ ਹੋਇਆ। ਇਹ ਵਾਇਰਲ ਵੀਡੀਓ ਪ੍ਰਧਾਨ ਮੰਤਰੀ ਦੇ ਰੂਟ 'ਤੇ ਡਿਊਟੀ ਦੇ ਦੌਰਾਨ ਦੋ ਮਹਿਲਾ ਪੁਲਸ ਕਰਮੀਆਂ ਨੇ ਬਣਾਇਆ ਸੀ। ਇਸ ਵਿੱਚ ਦੋਵੇਂ ਠੁਮਕੇ ਲਾਉਂਦੀਆਂ ਦਿੱਸ ਰਹੀਆਂ ਹਨ। ਦੱਸਿਆ ਜਾਂਦਾ ਹੈ ਕਿ ਇਹ ਦੋਵੇਂ ਮਹਿਲਾ ਪੁਲਸ ਕਰਮੀ ਨਵੀਂ ਦਿੱਲੀ ਜ਼ਿਲੇ ਵਿੱਚ ਤੈਨਾਤ ਹਨ ਅਤੇ ਸਾਲ 2018 ਵਿੱਚ ਦਿੱਲੀ ਪੁਲਸ ਵਿੱਚ ਕਾਂਸਟੇਬਲ ਭਰਤੀ ਹੋਈਆਂ ਸਨ। ਇਸ ਤੋਂ ਪਹਿਲਾਂ ਗੁਜਰਾਤ ਦੇ ਪੁਲਸ ਅਫਸਰਾਂ ਵੱਲੋਂ ਬਣਾਏ ਗਏ ਟਿਕ-ਟਾਕ ਵੀਡੀਓ ਕਾਫੀ ਵਾਇਰਲ ਹੋਏ ਸਨ। ਦਿੱਲੀ ਪੁਲਸ ਦੇ ਇਸ ਵੀਡੀਓ ਵਿੱਚ ਦੋਵੇਂ ਮਹਿਲਾ ਕਾਂਸਟੇਬਲ ਕਿਸੇ ਹਰਿਆਣਵੀ ਗਾਣੇ ਉਤੇ ਐਕਟਿੰਗ ਕਰ ਰਹੀਆਂ ਹਨ। ਵੀਡੀਓ ਵਿੱਚ ਪਿੱਛੇ ਜੋ ਲੋਕੇਸ਼ਨ ਦਿੱਸਦੀ ਹੈ, ਉਸ ਤੋਂ ਲੱਗ ਰਿਹਾ ਹੈ ਕਿ ਕਿਸੇ ਵੀ ਵੀ ਆਈ ਪੀ ਰੋਡ ਦੇ ਆਸਪਾਸ ਇਹ ਦੋਵੇਂ ਮਹਿਲਾ ਪੁਲਸ ਕਰਮੀ ਡਿਊਟੀ ਉਤੇ ਹਨ। ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਪਿੱਛੋਂ ਸੀਨੀਅਰ ਪੁਲਸ ਅਧਿਕਾਰੀਆਂ ਨੇ ਦੋ ਕਾਂਸਟੇਬਲਾਂ ਦੇ ਖਿਲਾਫ ਵਿਭਾਗੀ ਜਾਂਚ ਦੇ ਹੁਕਮ ਦੇ ਦਿੱਤੇ ਹਨ, ਕਿਉਂਕਿ ਉਨ੍ਹਾਂ ਦੇ ਇਸ ਵੀਡੀਓ ਨੂੰ ਦੂਸਰੇ ਪੁਲਸ ਵਾਲਿਆਂ ਦੀ ਕੰਮ ਦੇ ਪ੍ਰਤੀ ਗੰਭੀਰਤਾ ਖਤਮ ਕਰਨ ਅਤੇ ਮਨੋਬਲ ਤੋੜਨ ਵਾਲਾ ਕਰਾਰ ਦਿੱਤਾ ਜਾ ਰਿਹਾ ਹੈ।

# ਅਮਰੀਕੀ ਰਾਸ਼ਟਰਪਤੀ ਬਣਨ ਦੀ ਦੌੜ ਵਿੱਚ ਸ਼ਾਮਲ ਭਾਰਤੀ ਮੂਲ ਦੀਆਂ ਦੋ ਬੀਬੀਆਂ ਭਿੜੀਆਂ

## * ਤੁਲਸੀ ਨੇ ਕਿਹਾ, ਸੈਨੇਟਰ ਕਮਲਾ ਹੈਰਿਸ ਲੋਕਾਂ ਤੋਂ ਮੁਆਫੀ ਮੰਗੇ

ਵਾਸ਼ਿੰਗਟਨ, 1 ਅਗਸਤ, (ਪੋਸਟ ਬਿਊਰੋ)- ਅਮਰੀਕਾ ਦੀ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਚੋਣ ਦੇ ਲਈ ਉਮੀਦਵਾਰ ਬਣਨ ਲਈ ਦੌੜ ਵਿੱਚ ਸ਼ਾਮਲ ਭਾਰਤੀ ਮੂਲ ਦੀ ਤੁਲਸੀ ਗਬਾਰਡ ਨੇ ਭਾਰਤੀ-ਅਮਰੀਕੀ ਪਾਰਲੀਮੈਂਟ ਮੈਂਬਰ ਕਮਲਾ ਹੈਰਿਸ ਉੱਤੇ ਦੋਸ਼ ਲਾਇਆ ਹੈ ਕਿ ਉਹ ਜਦੋਂ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਸੀ, ਉਸ ਵੇਲੇ ਲੋਕਾਂ ਨੇ ਕਸ਼ਟ ਝੱਲੇ ਸਨ। ਉਨ੍ਹਾਂ ਨੇ ਹੈਰਿਸ ਤੋਂ ਇਸ ਦੇ ਲਈ ਮੁਆਫੀ ਮੰਗਣ ਦੀ ਮੰਗ ਕੀਤੀ ਹੈ।

ਭਾਰਤੀ ਅਮਰੀਕੀ ਲੋਕਾਂ ਵਿੱਚ ਪ੍ਰਸਿੱਧ ਦੋ ਮਹਿਲਾ ਆਗੂਆਂ ਤੁਲਸੀ ਗਬਾਰਡ (38) ਅਤੇ ਕਮਲਾ ਹੈਰਿਸ (54) ਨੇ ਡੈਟਰਾਇਟ ਵੱਚ ਕੱਲ੍ਹ ਬੁੱਧਵਾਰ ਸੀ ਐੱਨ ਐੱਨਵੱਲੋਂ ਰਾਸ਼ਟਰਪਤੀ ਅਹੁਦੇ ਦੇਡੈਮੋਕ੍ਰੇਟਿਕ ਦੇ ਉਮੀਦਵਾਰਾਂ ਦੇ ਲਈ ਕਰਵਾਈ ਗਈ ਬਹਿਸ ਵਿੱਚ ਮੰਚ ਸਾਂਝਾ ਕੀਤਾ ਸੀ। ਤਾਜ਼ਾ ਰਾਏਸ਼ੁਮਾਰੀ ਵਿੱਚ ਹੈਰਿਸ ਨੂੰ ਕਾਫੀ ਪਿੱਛੇ ਛੱਡ ਚੁੱਕੀ ਤੁਲਸੀ ਗਬਾਰਡ ਅਜਿਹੀ ਪਹਿਲੀ ਹਿੰਦੂ ਮਹਿਲਾ ਹੈ, ਜੋ ਅਮਰੀਕੀ ਰਾਸ਼ਟਰਪਤੀ ਅਹੁਦੇ ਲਈ ਦਾਅਵੇਦਾਰੀ ਪੇਸ਼ ਕਰ ਰਹੀ ਹੈ। ਇਸ ਬਹਿਸ ਦੌਰਾਨ ਅਪਰਾਧਿਕ ਨਿਆਂ ਪ੍ਰਣਾਲੀ ਬਾਰੇ ਉਹ ਕੈਲੀਫੋਰਨੀਆ ਦੀ ਸੈਨੇਟਰਕਮਲਾ ਹੈਰਿਸ ਉੱਤੇ ਹਮਲਾਵਰ ਰਹੀ। ਤੁਲਸੀ ਗਬਾਰਡ ਨੇ ਲੋਕਾਂ ਦੀਆਂ ਤਾੜੀਆਂ ਦੀ ਆਵਾਜ਼ ਦੌਰਾਨ ਕਿਹਾ ਕਿ ਸੈਨੇਟਰ ਕਮਲਾ ਹੈਰਿਸ ਲਈ ਸ਼ਰਮਨਾਕ ਗੱਲ ਇਹ ਹੈ ਕਿ ਜਦੋਂ ਉਹ ਇਸ ਸਥਿਤੀ ਵਿੱਚ ਸੀ ਕਿ ਫੈਸਲਾ ਕਰ ਕੇ ਲੋਕਾਂ ਦੀ ਜ਼ਿੰਦਗੀ ਉੱਤੇ ਅਸਰ ਪਾ ਸਕੇ, ਖਾਸ ਕਰਕੇ ਜਿਹੜੇ ਮੌਤ ਨਾਲ ਲੜ ਰਹੇ ਸਨ, ਉਸ ਨੇਇਹਨਹੀਂ ਕੀਤਾ। ਤੁਲਸੀ ਨੇ ਕਿਹਾ ਕਿ ਇਸ ਦਾ ਕੋਈ ਬਹਾਨਾ ਨਹੀਂ, ਬਤੌਰ ਜੱਜ ਕਮਲਾ ਹੈਰਿਸ ਦੀਸੇਵਾ ਦੇ ਸਮੇਂ ਲੋਕਾਂ ਨੇ ਜੋ ਪਰੇਸ਼ਾਨੀਆਂ ਝੱਲੀਆਂ, ਉਸ ਲਈ ਉਸ ਨੂੰ ਉਨ੍ਹਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਕਮਲਾ ਹੈਰਿਸ ਨੇ ਕਿਹਾ ਕਿ ਉਸ ਨੂੰ ਕੈਲੀਫੋਰਨੀਆ ਲਈ ਕੰਮ ਕਰਨ ਉੱਤੇ ਮਾਣ ਹੈ।




# ਅਮਰੀਕਾ ਨੇ ਈਰਾਨ ਦੇ ਵਿਦੇਸ਼ ਮੰਤਰੀ ਉੱਤੇ ਵੀ ਪਾਬੰਦੀ ਲਾਈ

ਵਾਸ਼ਿੰਗਟਨ, 1 ਅਗਸਤ, (ਪੋਸਟ ਬਿਊਰੋ)- ਈਰਾਨ ਨਾਲ ਵਧਦੇ ਤਣਾਅ ਦੌਰਾਨ ਅਮਰੀਕਾ ਨੇ ਵੱਡੀ ਕਾਰਵਾਈ ਕਰਦੇ ਹੋਏ ਕੱਲ੍ਹ ਬੁੱਧਵਾਰ ਨੂੰ ਈਰਾਨ ਦੇ ਵਿਦੇਸ਼ ਮੰਤਰੀ ਜਵਾਦ ਜਰੀਫ ਉੱਤੇਵੀ ਪਾਬੰਦੀ ਲਾ ਦਿੱਤੀ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਈਰਾਨ ਨਾਲ ਗੱਲਬਾਤ ਦੀਆਂ ਸੰਭਾਵਨਾਵਾਂ ਧੁੰਦਲੀਆਂ ਹੋ ਗਈਆਂ ਹਨ। ਅਮਰੀਕੀ ਕਾਰਵਾਈ ਦਾ ਸਵਾਗਤ ਕਰਦਿਆਂ ਜਰੀਫ ਨੇ ਕਿਹਾ ਕਿ ਇਸ ਦਾ ਉਨ੍ਹਾਂ ਉੱਤੇ ਕੋਈ ਅਸਰ ਨਹੀਂ ਪਵੇਗਾ।

ਇਸ ਸੰਬੰਧ ਵਿੱਚ ਅਮਰੀਕਾ ਦੇ ਵਿੱਤ ਮੰਤਰੀ ਸਟੀਵਨ ਮੇਂਯੂਚਿਨ ਨੇ ਕਿਹਾ, 'ਈਰਾਨੀ ਸਰਕਾਰ ਨੂੰ ਇਹ ਸਪਸ਼ਟ ਸੰਦੇਸ਼ ਦੇਣ ਵਾਲਾ ਕਦਮ ਹੈ ਕਿ ਉਸ ਦੇ ਤਾਜ਼ਾ ਕੰਮ ਪੂਰੀ ਤਰ੍ਹਾਂ ਅਸਵੀਕਾਰ ਹਨ। ਜਰੀਫ ਈਰਾਨ ਦੇ ਸਰਬ ਉੱਚ ਆਗੂ ਆਯਤਿਤੁੱਲ੍ਹਾ ਅਲੀ ਖੋਮੀਨੀ ਦੇ ਗ਼ੈਰ ਜ਼ਿੰਮੇਵਾਰਾਨਾ ਏਜੰਡੇ ਉੱਤੇ ਅਮਲ ਕਰਦੇ ਹਨ।' ਦੂਸਰੇ ਪਾਸੇ ਇਸ ਕਾਰਵਾਈ ਉੱਤੇ ਜਰੀਫ ਨੇ ਕਿਹਾ, 'ਅਮਰੀਕੀ ਪਾਬੰਦੀ ਦੀ ਵਜ੍ਹਾ ਇਹ ਹੈ ਕਿ ਮੈਂ ਦੁਨੀਆ ਵਿੱਚਈਰਾਨ ਦਾਪ੍ਰਮੁੱਖ ਬੁਲਾਰਾ ਹਾਂ। ਇਸ ਦਾ ਮੇਰੇ ਜਾਂ ਮੇਰੇ ਪਰਿਵਾਰ ਉੱਤੇ ਕੋਈ ਅਸਰ ਨਹੀਂ ਪੈਣਾ, ਕਿਉਂਕਿ ਈਰਾਨ ਦੇ ਬਾਹਰ ਮੇਰੀ ਕੋਈ ਜਾਇਦਾਦ ਹੀਨਹੀਂ। ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ ਕਿ ਉਹ ਆਪਣੇ ਏਜੰਡੇ ਲਈ ਮੈਨੂੰ ਏਨਾ ਵੱਡਾ ਖ਼ਤਰਾ ਸਮਝਦੇ ਹਨ।'



ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਵੱਲੋਂ ਲਾਈਆਂ ਇਨ੍ਹਾਂ ਪਾਬੰਦੀਆਂ ਨਾਲ ਜਰੀਫ ਦੀ ਅਮਰੀਕਾ ਵਿੱਚ ਜੇ ਕੋਈ ਜਾਇਦਾਦ ਹੋਈ ਤਾਂ ਉਹ ਜ਼ਬਤ ਕਰ ਲਈ ਜਾਵੇਗੀ ਅਤੇ ਉਹ ਅਮਰੀਕਾ ਵਿੱਚ ਦਾਖ਼ਲ ਨਹੀਂ ਹੋ ਸਕਣਗੇ। ਉਹ ਅਮਰੀਕਾ ਵਿੱਚਯੂ ਐੱਨ ਹੈੱਡਕੁਆਰਟਰ ਵਿੱਚ ਈਰਾਨੀ ਮਿਸ਼ਨ ਦਾ ਦੌਰਾ ਆਮ ਹੀ ਕਰਦੇ ਰਹਿੰਦੇ ਹਨ। ਇਸ ਪਾਬੰਦੀ ਨਾਲ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ ਅਮਰੀਕਾ ਨਾਲ ਜੇ ਗੱਲਬਾਤ ਦਾ ਕੋਈ ਰਾਹ ਖੁੱਲ੍ਹਦਾ ਹੈ ਤਾਂ ਈਰਾਨ ਵੱਲੋਂ ਕੌਣ ਅਗਵਾਈ ਕਰੇਗਾ? ਜ਼ਰੀਫ 2013 ਤੋਂ ਈਰਾਨ ਦੇ ਵਿਦੇਸ਼ ਮੰਤਰੀ ਹਨ।ਉਨ੍ਹਾਂ ਦਾ ਅਮਰੀਕਾ ਨਾਲ ਚੰਗਾ ਜੋੜ ਹੈ। ਇਸ ਦੀ ਵਜ੍ਹਾ ਇਹ ਹੈ ਕਿ ਉਨ੍ਹਾਂ ਨੇ ਅਮਰੀਕਾ ਤੋਂ ਪੜ੍ਹਾਈ ਕੀਤੀ ਹੈ। ਅਮਰੀਕਾ ਖੋਮੀਨੀ ਸਮੇਤ ਈਰਾਨ ਦੀ ਵਿਸ਼ੇਸ਼ ਫੋਰਸ ਰੈਵੋਲਿਊਸ਼ਨਰੀ ਗਾਰਡਸ ਤੇ ਸਿਖ਼ਰਲੇ ਫ਼ੌਜੀ ਕਮਾਂਡਰਾਂ ਉੱਤੇ ਪਹਿਲਾਂ ਹੀ ਪਾਬੰਦੀ ਲਾ ਚੁੱਕਾ ਹੈ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਮਈ ਵਿੱਚਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਐਟਮੀ ਸਮਝੌਤੇਤੋਂ ਅਮਰੀਕਾ ਦੇ ਹਟ ਜਾਣ ਦਾ ਐਲਾਨ ਕੀਤਾ ਅਤੇ ਈਰਾਨ ਉੱਤੇ ਕਈ ਪਾਬੰਦੀਆਂ ਲਾ ਦਿੱਤੀਆਂ ਸਨ। ਓਦੋਂ ਤੋਂ ਦੋਵਾਂ ਦੇਸ਼ਾਂਦਾ ਤਣਾਅ ਚੱਲ ਰਿਹਾ ਹੈ। ਈਰਾਨ ਨੇ 2015 ਵਿੱਚ ਅਮਰੀਕਾ, ਫਰਾਂਸ, ਬ੍ਰਿਟੇਨ, ਰੂਸ, ਚੀਨ ਅਤੇ ਜਰਮਨੀ ਨਾਲ ਐਟਮੀ ਸਮਝੌਤਾ ਕੀਤਾ ਸੀ, ਜਿਸ ਵਿੱਚ ਜਰੀਫ ਨੇ ਅਹਿਮ ਭੂਮਿਕਾ ਨਿਭਾਈ ਸੀ।

ਇਸ ਵਕਤ ਅਮਰੀਕਾ ਨੇ ਈਰਾਨੀ ਖ਼ਤਰੇ ਨਾਲ ਨਜਿੱਠਣ ਲਈ ਪੱਛਮੀ ਏਸ਼ੀਆ ਵਿੱਚ ਜਹਾਜ਼ੀ ਬੇੜੇ ਅਤੇ ਬੰਬਾਰ ਜਹਾਜ਼ ਤਾਇਨਾਤ ਕੀਤੇ ਹੋਏ ਹਨ। ਬੀਤੇ ਮਹੀਨਿਆਂ ਵਿੱਚ ਕਈ ਤੇਲ ਟੈਂਕਰਾਂਹੋਏ ਹਮਲਿਆਂ ਲਈ ਈਰਾਨ ਨੂੰ ਜ਼ਿੰਮੇਵਾਰ ਕਿਹਾ ਗਿਆ ਸੀ। ਈਰਾਨ ਨੇ ਪਿਛਲੇ ਜੂਨ ਵਿੱਚ ਅਮਰੀਕਾ ਦਾ ਇਕ ਨਿਗਰਾਨੀ ਡਰੋਨ ਸੁੱਟ ਲਿਆ ਸੀ। ਇਸ ਤੋਂ ਬਾਅਦ ਟਰੰਪ ਨੇ ਈਰਾਨ ਉੱਤੇ ਹਮਲੇ ਦਾ ਆਦੇਸ਼ ਦੇ ਦਿੱਤਾ ਸੀ, ਪਰ ਆਖ਼ਰੀ ਪਲ਼ਾਂ ਵਿੱਚਰੁਕ ਗਏ ਸਨ। ਈਰਾਨ ਨੇ ਐਟਮੀ ਸਮਝੌਤੇ ਦੀ ਉਲੰਘਣਾ ਕਰ ਕੇ ਯੂਰੇਨੀਅਮ ਸੋਧਣ ਦਾ ਕੰਮ ਵੀ ਤੇਜ਼ ਕਰ ਦਿੱਤਾ ਹੈ।




Paramjit Deol Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

CHATHAM KENT $85,000 — Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very Low Vacancy In The Neighbourhood .

MISSISAUGA $169,900 — Photo Not Available — 7215 Goreway Dr 70 : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco,LCBO.

BRAMPTON $199,000 — 25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Potential Money Making Opportunity, Seating For Up To 10 People.

BRAMPTON $229,000 — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

MISSISSAUGA $449,000 — Photo Not Available — 5100 Erin Mills Pkwy 2E220: Fantastic Franchise Opportunity Of Awaits!! Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable Industrial area. Sales Are 50K / Month

BRAMPTON $129,000 — Photo Not Available — 10095 Bramalea Rd 104 : Well Established Pizza & Curry Restaurant Very Profitable Business, Open 7 Days Excellent Monthly $ Producing Business. In One Of The Most Sought Out Locations. You Will Not Be Disappointed. Sale $35,000- 40,000

BRAMPTON $189,000 — Photo Not Available — 8770 The Gore Rd 6: Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic & Great Exposure, Sales Are Over 30K / Month

TORONTO $535,800 — Don Mills/Steeles : Live In The Most Sought After Area In A Well Maintained 3 Bedrooms Apartment + Den With All The Conveniences. Best Schools, Arbor Glen Elementary, Highland Secondary & A.Y. Steps To all amenities.

TORONTO $673,800 — Lawrence/ Port Union: Well Maintained Recently Renovated 3Br 3Wr, Beautiful House In A Great Location. Huge Kitchen With Brand New Countertop. Walkout To Back Yard, Spacious Bdrms And Mbr With 4 Pc Ensuite. New Laminate In L & D & 3 Brs. Bathrooms Recently Renovated.

BRAMPTON $330,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

TORONTO $569,000 — Warden & Steeles : Penthouse Masterpiece! Modern And Spacious. You Won't Find Another Gem Like This In The Area!! Condo Features: Unobstructed View, Large Living Room, Brand New Kitchen Custom Cabinetry, Induction Stove, "High-End" Faucets,

BRAMPTON $639,000 — Photo Not Available — 50 Lacoste Blvd: Everything Ready To Go. No Need To Spend A Penny. This Comes With Full Improvements Including 8 Station Chairs & 8 Tables. Beautiful Reception Desk. 2 Spa Rooms, Tv, Washer, Fridge And Lots More As Someone Is Running Business In The Leased Premises.

BRANTFORD $499,000 — Photo Not Available — 639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800 — 73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISSAUGA $635,000 — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000 — 257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019



ਫੈਡਰਲ ਸਾਇੰਸ ਮਨਿਸਟਰ ਕ੍ਰਿਸਟੀ ਡੰਕਨ ਨੇ ਹੰਬਰ ਵੁੱਡ ਸੀਨੀਅਰ ਕਲੱਬ ਦੇ ਬਜ਼ੁਰਗਾਂ ਦਾ ਹਾਲ ਚਾਲ ਜਾਣਨ ਲਈ ਪਹੁੰਚੇ। ਕਲੱਬ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਆਪਣੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ। ਕ੍ਰਿਸਟੀ ਡੰਕਨ ਨੇ ਮੁਸ਼ਕਿਲਾਂ ਹੱਲ ਕਰਨ ਦਾ ਭਰੋਸਾ ਦਿੱਤਾ। ਕਲੱਬ ਦੇ ਪ੍ਰਧਾਨ ਜੋਗਿੰਦਰ ਸਿੰਘ ਧਾਲੀਵਾਲ ਚੇਅਰਮੈਨ ਬਚਿੱਤਰ ਸਿੰਘ ਰਾਏ, ਮੀਤ ਪ੍ਰਧਾਨ ਸਰਵਨ ਸਿੰਘ ਹੇਅਰ, ਪ੍ਰੀਤਮ ਸਿੰਘ ਮਾਵੀ, ਐਡਵੋਕੇਟ ਗੁਰਮੇਲ ਸਿੰਘ ਢਿੱਲੋਂ, ਸੰਪੂਰਨ ਸਿੰਘ ਸ਼ਾਹੀ, ਹੁਸ਼ਿਆਰ ਸਿੰਘ ਬਰਾੜ ਰਣਜੀਤ ਸਿੰਘ ਭੁੱਲਰ ਅਤੇ ਸਾਰੀ ਕਲੱਬ ਵੱਲੋਂ ਮੰਤਰੀ ਕ੍ਰਿਸਟੀ ਡੰਕਨ ਦਾ ਧੰਨਵਾਦ ਕੀਤਾ ਗਿਆ।

## ਖਾਲਸਾ ਸੁਧਾਰ ਕਾਲਜ ਵਾਲਿਆਂ ਦੀ ਸਲਾਨਾ ਪਿਕਨਿਕ 11 ਅਗਸਤ ਨੂੰ

ਬਰੈਂਪਟਨ, 1 ਅਗਸਤ (ਪੋਸਟ ਬਿਊਰੋ): ਖਾਲਸਾ ਕਾਲਜ ਸੁਧਾਰ ਦੇ ਸਾਬਕਾ ਵਿਦਿਆਰਥੀਆਂ, ਪ੍ਰੋਫੈਸਰਾਂ ਅਤੇ ਕਰਮਚਾਰੀਆਂ ਵਲੋਂ ਸਾਲਾਨਾ ਪਿਕਨਿਕ 11 ਅਗਸਤ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ ਦੇ 7 ਵਜੇ ਤੱਕ Albion Hill Conservation Pak, 16500 Peel Regional Rd 50, Caledon, ON L7E 3E7 ਵਿਖੇ ਮਨਾਈ ਜਾ ਰਹੀ ਹੈ।ਸੁਧਾਰ ਕਾਲਜ ਨਾਲ ਜੁੜੀਆਂ ਪਿਆਰੀਆਂ ਤੇ ਨਿੱਘੀਆਂ ਯਾਦਾਂ ਨੂੰ ਸਾਂਝਾ ਕਰਨ ਅਤੇ ਬੀਤੇ ਪਲ੍ਹਾਂ ਨਾਲ ਸਾਂਝ ਪਾਉਣ ਲਈ ਸੁਧਾਰ ਕਾਲਜ ਨਾਲ ਜੁੜੇ, ਜੀਟੀਏ ਵਿਚ ਵੱਸਦੇ ਸਮੂਹ ਸਾਬਕਾ ਕਰਮਚਾਰੀਆਂ, ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੂੰ ਆਪਣੇਪਰਿਵਾਰਾਂ ਸਮੇਤ ਇਸ ਪਿਕਨਿਕ ਵਿਚ ਪਹੁੰਚਣ ਲਈ ਹਾਰਦਿਕ ਸੱਦਾ ਦਿਤਾ ਜਾਂਦਾ ਹੈ। ਪਿਕਨਿਕ ਬਾਰੇ ਜ਼ਿਆਦਾ ਜਾਣਕਾਰੀ ਲਈ ਕੇਵਲ ਸਿੰਘ ਹੇਰਾਂ ਨੂੰ 647-464-1075, ਰਾਜ ਬੜੈਚ ਨੂੰ 416-737-7888, ਸੁਰਿੰਦਰ ਸਿੱਧੂ/ਕੁਲਦੀਪ ਸਿੱਧੂ ਨੂੰ 647-213-5751ਜਾਂ ਹਰਕੰਵਲ ਥਿੰਦ ਨੂੰ 416-471-7263 ’ਤੇ ਫੋਨ ਕੀਤਾ ਜਾ ਸਕਦਾ ਹੈ।

## ਅਸੀਸ ਮੰਚ ਕੈਨੇਡਾ ਵੱਲੋਂ ‘ਅਹਿਸਾਸ’ ਪ੍ਰੋਗਰਾਮ 1 ਸਤੰਬਰ ਨੂੰ

ਬਰੈਂਪਟਨ/ਅਗਸਤ 1, 2019---- ਜੀਟੀਏ ਦੀ ਸਭਿਆਚਾਰਕ ਸੰਸਥਾ ‘ਅਸੀਸ ਮੰਚ ਕੈਨੇਡਾ’ ਵੱਲੋਂ ਇਕ ਸਤੰਬਰ ਨੂੰ ਸ਼ਾਮ 5 ਵਜੇ ਤੋਂ 8 ਵਜੇ ਤੱਕ ‘ਅਹਿਸਾਸ’ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਹ ਪ੍ਰੋਗਰਾਮ 33770 Nashua dr Missisaugha ਵਿੱਚ ਕਰਵਾਇਆ ਜਾਵੇਗਾ। ਇਸ ਮੌਕੇ ’ਤੇ ਮਾਤਾ ਨਰਿੰਜਣ ਕੌਰ ਯਾਦਗਾਰੀ ਅਵਾਰਡ ਪ੍ਰਸਿੱਧ ਕਹਾਣੀਕਾਰ ਕੁਲਜੀਤ ਮਾਨ ਨੂੰ ਦਿਤਾ ਜਾਵੇਗਾ ਜਿਸ ਵਿਚ 1100 ਡਾਲਰ ਨਾਲ ਉਹਨਾਂ ਦਾ ਸਨਮਾਨ ਕੀਤਾ ਜਾਵੇਗਾ। ਇਸ ਦੌਰਾਨ ਇਕ ਸਰਪ੍ਰਾਇਜ ਵਿਸ਼ੇਸ ਸਨਮਾਨ ਵੀ ਹੋਵੇਗਾ। ਇਸ ਦੌਰਾਨ ਰਿੰਟੂ ਭਾਟੀਆ, ਸੁਖਦੇਵ ਸੁੱਖ, ਇਕਬਾਲ ਬਰਾੜ ਅਤੇ ਸੰਨੀ ਸ਼ਿਵਰਾਜ ਆਪਣੀ ਖ਼ੂਬਸੂਰਤ ਗਾਇਕੀ ਨਾਲ ਹਜਾਰੀਨ ਦਾ ਮਨੋਰੰਜਨ ਕਰਨਗੇ। ਇਸ ਪ੍ਰੋਗਰਾਮ ਵਿਚ ਭਾਗ ਲੈਣ ਲਈ ਵਿਸ਼ੇਸ਼ ਤੌਰ ’ਤੇ ਇੰਗਲੈਂਡ ਤੋਂ ਉੱਘੇ ਸ਼ਾਇਰ ਰਜਿੰਦਰਜੀਤ ਅਤੇ ਯੂ ਐਸ ਏ ਤੋਂ ਰਜਿੰਦਰ ਜਿੰਦ ਪਹੁੰਚ ਰਹੇ ਹਨ। ਇਸ ਸਮਾਗਮ ਬਾਰੇ ਜ਼ਿਆਦਾ ਜਾਣਕਾਰੀ ਲਈ ਪਰਮਜੀਤ ਦਿਓਲ 647-295-7351, ਰਿੰਟੂ ਭਾਟੀਆ 647-987-7070, ਤੀਰਥ ਦਿਓਲ 416-315-0840, ਕੁਲਵਿੰਦਰ ਖਹਿਰਾ 647-407-1955, ਜਾਂ ਪਰਮਜੀਤ ਢਿੱਲੋਂ 647-300-2525 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਤ੍ਰਿੰਝਣਾਂ ਤੀਜ ਮੇਲਾ ਭਲਕੇ







...ਪੰਨਾ 1 ਦਾ ਬਾਕੀ

ਇਸ ਦੀ ਟਿਕਟ 10 ਡਾਲਰ ਹੈ, ਜਿਸ ਦੀ ਜਾਣਕਾਰੀ ਸ਼ਰਨ ਕੌਰ ਨਾਲ 647-906-5151 ਨੰਬਰ ’ਤੇ ਗੱਲ ਕਰਕੇ ਲਈ ਜਾ ਸਕਦੀ ਹੈ। ਬੀਤੇ ਦਿਨੀਂ ਇਸ ਤ੍ਰਿੰਝਣਾਂ ਤੀਜ ਦੇ ਮੇਲੇ ਦਾ ਪੋਸਟਰ ਇਕ ਵਿਲੱਖਣ ਢੰਗ ਨਾਲ ਜਾਰੀ ਕੀਤਾ ਗਿਆ। ਤ੍ਰਿੰਝਣਾਂ ਤੀਜ ਦਾ ਮੇਲਾ ਕਰਵਾਉਣ ਵਾਲੀਆਂ ਪ੍ਰਬੰਧਕ ਬੀਬੀਆਂ ਵੱਲੋਂ ਬਰੈਂਪਟਨ ਦੇ ਚਿਉਜ਼ੀ ਪਾਰਕ ਵਿਖੇ ਪੀਂਘਾਂ ਪਾਈਆਂ ਗਈਆਂ, ਚਰਖਾ ਕੱਤਿਆ ਗਿਆ ਤੇ ਪੰਜਾਬੀ ਵਿਰਾਸਤ ਨੂੰ ਯਾਦ ਕਰਵਾਉਂਦਾ ਇਕ ਮਹੌਲ ਬਣਾਇਆ ਗਿਆ। ਇਸ ਮਹੌਲ ’ਚ ਤ੍ਰਿੰਝਣਾਂ ਤੀਜ ਦੇ ਮੇਲੇ ਦਾ ਪੋਸਟਰ ਜਾਰੀ ਕੀਤਾ ਗਿਆ। ਇਸ ਪੋਸਟਰ ਨੂੰ ਜਾਰੀ ਕਰਨ ਮੌਕੇ ਪੀਂਘਾਂ ਝੂਟਦੀਆਂ, ਚਰਖਾ ਕੱਤਦੀਆਂ ਤੇ ਪੰਜਾਬੀ ਪਹਿਰਾਵੇ ਵਿਚ ਸਜੀਆਂ ਪੰਜਾਬੀ ਮੁਟਿਆਰਾਂ ਦੀਆਂ ਤਸਵੀਰਾਂ ਅੱਜ ਕੱਲ੍ਹ ਕਾਫੀ ਚਰਚਿਤ ਹੋ ਰਹੀਆਂ ਹਨ।

## ਸਪੋਰਟਸ ਯੂਨੀਵਰਸਿਟੀ ਮਾਝੇ ਵਿਚ ਤਰਨਤਾਰਨ ਜਾਂ ਗੁਰਦਾਸਪੁਰ ਖੋਲ੍ਹੀ ਜਾਵੇ: ਅੰਮ੍ਰਿਤਸਰ ਵਿਕਾਸ ਮੰਚ

1 ਅਗਸਤ : ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਸਪੋਰਟਸ ਯੂਨੀਵਰਸਿਟੀ ਪਟਿਆਲਾ ਦੀ ਥਾਂ ‘ਤੇ ਮਾਝੇ ਵਿਚ ਤਰਨਤਾਰਨ ਜਾਂ ਗੁਰਦਾਸਪੁਰ ਖੋਲਣ ਦੀ ਮੰਗ ਕੀਤੀ ਹੈ ਕਿਉਂਕਿ ਸਭ ਤੋਂ ਵੱਧ ਖਿਡਾਰੀ ਮਾਝਾ ਪੈਦਾ ਕਰ ਰਿਹਾ ਹੈ।ਮੁੱਖ-ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੇ ਇਕ ਪੱਤਰ ਵਿਚ ਮੰਚ ਆਗੂ ਨੇ ਲਿਖਿਆ ਹੈ ਕਿ ਭਾਰਤ ਸਰਕਾਰ ਵਲੋਂ ਖੇਡਾਂ ਵਿਚ ਪਾਏ ਯੋਗਦਾਨ ਲਈ ਦਿੱਤੀ ਜਾਂਦੀ ਅਬਦੁਲ ਕਾਲਾਮ ਆਜ਼ਾਦ ਟਰਾਫ਼ੀ ਗੁਰੂ ਨਾਨਕ ਦੇਵ ਯੂਨੀਵਰਸਿਟੀ 23 ਵਾਰ ਜਿੱਤ ਚੁਕੀ ਹੈ ਤੇ ਇਸ ਸਾਲ ਵੀ ਇਹ ਟਰਾਫ਼ੀ ਇਸ ਨੂੰ ਮਿਲਣ ਦੀ ਸੰਭਾਵਨਾਂ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੀ ਕਈ ਵਾਰ ਇਹ ਟਰਾਫ਼ੀ ਜਿੱਤ ਚੁੱਕੀ ਤੇ ਕਿਹਾ ਜਾਂਦਾ ਹੈ ਕਿ ਇਹ ਜਿੱਤ ਉੱਥੇ ਪੜ੍ਹਦੇ ਮਾਝੇ ਦੇ ਖਿਡਾਰੀਆਂ ਕਰਕੇ ਹੈ।ਇਹ ਵੀ ਮੰਗ ਕੀਤੀ ਗਈ ਹੈ ਕਿ ਇਸ ਯੂਨੀਵਰਸਿਟੀ ਵਿਚ ਪੜ੍ਹਦੇ ਵਿਦਿਆਰਥੀਆਂ ਦਾ ਪਹਿਲਾਂ ਹੀ ਰੇਲਵੇ, ਏਅਰ ਇੰਡੀਆ ਤੇ ਹੋਰ ਸੰਸਥਾਵਾਂ ਜਿਨ੍ਹਾਂ ਦੀਆਂ ਖੇਡ ਟੀਮਾਂ ਹਨ ,ਨਾਲ ਪਹਿਲਾਂ ਹੀ ਸਮਝੌਤਾ ਹੋਵੇ ਕਿ ਉਹ ਪੜ੍ਹਾਈ ਤੋਂ ਬਾਦ ਉਹ ਇਨ੍ਹਾਂ ਨੂੰ ਨੌਕਰੀ ਦੇਣਗੇ। ਚੰਗਾ ਹੋਵੇ ਜੇ ਇਹ ਸੰਸਥਾਵਾਂ ਪੜ੍ਹਾਈ ਦਾ ਖ਼ਰਚਾ ਵੀ ਦੇਣ।ਮਾਝੇ ਵਿਚ ਪਹਿਲਾਂ ਹੀ ਅੰਮ੍ਰਿਤਸਰ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੈ ,ਇਸ ਨਵੀਂ ਜਗਾਹ ਤਰਨਤਾਰਨ ਜਾਂ ਗੁਰਦਾ-ਸਪੁਰ ਵਿਚੋਂ ਇਕ ਚੁਣੀ ਜਾਵੇ।ਮਾਝੇ ਦੇ ਸਾਰੇ ਸਿਆਸਤਦਾਨਾਂ ਨੂੰ ਮੰਚ ਵਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਪਾਰਟੀ ਬਾਜੀ ਤੋਂ ਉਪਰ ਉੱਠ ਕੇ ਮਾਝੇ ਵਿਚ ਇਸ ਯੂਨੀਵਰਸਿਟੀ ਨੂੰ ਸਥਾਪਤ ਕਰਨ ਵਿਚ ਅੱਗੇ ਆਉਣ।

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ





ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

## ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਫਾਰਮੈਸੀ ਅਫ਼ਸਰ ਸੰਦੀਪ ਕੁਮਾਰ ਨੂੰ ਮਿਲਿਆ ਸਟੇਟ ਅਵਾਰਡ

ਫਰੀਦਕੋਟ, 1 ਅਗਸਤ (ਗਿਆਨ ਸਿੰਘ): ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਵਿਸ਼ਵ ਹੇਪੈਟਾਈਟਿਸ ਦਿਵਸ ਤੇ ਕਰਵਾਏ ਪ੍ਰੋਗਰਾਮ ਵਿਚ ਜ਼ਿਲਾ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਬਤੌਰ ਫਾਰਮੈਸੀ ਅਫ਼ਸਰ ਕੰਮ ਕਰਦੇ ਸੰਦੀਪ ਕੁਮਾਰ ਨੂੰ ਉਹਨਾਂ ਦੇ ਕੰਮ ਵਿਚ ਵਧੀਆ ਕਾਰਗੁਜ਼ਾਰੀ ਲਈ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਪੰਜਾਬ ਬਲਵੀਰ ਸਿੰਘ ਸਿੱਧੂ ਵੱਲੋਂ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ।




ਜ਼ਿਕਰਯੋਗ ਹੈ ਕਿ ਇਹ ਸਨਮਾਨ ਉਨਾਂ ਨੂੰ ਮੈਡੀਕਲ ਕਾਲਰ ਅਤੇ ਹਸਪਤਾਲ ਵਿਚ ਮਰੀਜ਼ਾਂ ਦੀ ਬਿਹਤਰ ਸੇਵਾਵਾਂ ਬਦਲੇ ਦਿੱਤਾ ਗਿਆ। ਇਸ ਕੰਮ ਦੇ ਨਾਲ ਨਾਲ ਉਹ ਅੱਜ ਦੀ ਨੌਜਵਾਨ ਪੀੜੀ ਨੂੰ ਜੋ ਕਿ ਇਸ ਭਿਆਨਕ ਬਿਮਾਰੀ ਤੋਂ ਪੀੜਤ ਹੁੰਦੇ ਜਾ ਰਹੇ ਹਨ, ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਬਜ਼ਾਰਾਂ ਵਿਚ ਮਿਲਣ ਵਾਲੇ ਜੰਕ ਫੂਡ ਤੋਂ ਬਚਣ ਦੀ ਸਲਾਹ ਦਿੰਦੇ ਰਹਿੰਦੇ ਹਨ। ਉਹ ਕਹਿੰਦੇ ਹਨ ਕਿ ਦਿਨੋਂ ਦਿਨ ਵਧ ਰਹੀਆਂ ਬਿਮਾਰੀਆਂ ਤੋਂ ਬਚਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਇੰਨਾਂ ਦਾ ਸੇਵਨ ਘੱਟ ਤੋਂ ਘੱਟ ਕੀਤਾ ਜਾਵੇ। ਉਨਾਂ ਫਾਰਮਾਸਿਸਟ ਕਾਡਰ ਨੂੰ ਫਾਰਮੈਸੀ ਅਫ਼ਸਰ ਕਾਡਰ ਵਿਚ ਤਬਦੀਲ ਕਰਨ ਤੇ ਉਹਨਾਂ ਵੱਲੋਂ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਸੰਪਾਦਕੀ

## ਟਰੂਡੋ ਦੀ ਭਾਰਤ ਫੇਰੀ ਦਾ ਕੈਨੇਡੀਅਨ ਸਿਆਸਤ ਉੱਤੇ ਜਾਰੀ ਹੈ ਪਰਛਾਵਾਂ

ਏਚਲੀਜ਼ (Achilles) ਉਹ ਯੂਨਾਨੀ ਯੋਧਾ ਸੀ ਜਿਸਨੂੰ ਅਮਰ ਬਣਾਉਣ ਵਾਸਤੇ ਉਸਦੀ ਮਾਂ ਨੇ ਅੰਮ੍ਰਿਤ ਵਰਗੇ ਪਾਣੀ ਭਰੇ ਦਰਿਆ ਵਿੱਚ ਸਿਰ ਤੋਂ ਪੈਰਾਂ ਤੱਕ ਡੁਬਾਉਣਾ ਚਾਹਿਆ। ਜਦੋਂ ਮਾਂ ਨੇ ਏਚਲੀਜ਼ ਨੂੰ ਪਾਣੀ ਵਿੱਚ ਡੁਬਾਉਣ ਲਈ ਉਲਟਾ ਕੀਤਾਂ ਤਾਂ ਉਸਦੀ ਅੱਡੀ ਦਾ ਇੱਕ ਹਿੱਸਾ ਪਾਣੀ ਤੋਂ ਅਛੂਹ ਰਹਿ ਗਿਆ। ਇਹੀ ਅੱਡੀ ਦੀ ਕਮਜ਼ੋਰੀ ਉਸਦੀ ਮੌਤ ਦਾ ਕਾਰਣ ਬਣੀ। ਇਸ ਗਾਥਾ ਕਾਰਣ ਹੀ ਕਿਸੇ ਸ਼ਕਤੀਸ਼ਾਲੀ ਵਿਅਕਤੀ ਦੇ ਕਿਸੇ ਕਮਜ਼ੋਰ ਨੁਕਤੇ ਨੂੰ ਉਜਾਗਰ ਕਰਨ ਲਈ ਅੰਗਰੇਜ਼ੀ ਵਿੱਚ ਸ਼ਬਦ 'Achilles Heel ਵਰਤਿਆ ਜਾਂਦਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ 2018 ਦੀ ਭਾਰਤ ਫੇਰੀ ਇੱਕ ਅਜਿਹਾ ਉਲਝਿਆ ਸੁਆਲ ਬਣ ਚੁੱਕਿਆ ਹੈ ਕਿ ਉਸਦਾ ਹਰ ਵਾਰ ਜ਼ਿਕਰ ਦਾ ਚੇਤਾ ਕਰਵਾ ਦੇਂਦਾ ਹੈ। ਇਹਨਾਂ ਦਿਨਾਂ ਵਿੱਚ 'ਟਰੂਡੋ ਭਾਰਤ ਫੇਰੀ' ਦੀ ਜੋ ਚਰਚਾ ਉੱਠੀ ਹੈ, ਉਸਤੋਂ ਇੰਝ ਜਾਪਦਾ ਹੈ ਕਿ ਇਹ ਫੇਰੀ ਸਿਰਫ਼ ਲਿਬਰਲ ਪਾਰਟੀ ਲਈ ਨਹੀਂ ਸਗੋਂ ਕੰਜ਼ਰਵੇਟਿਵ ਪਾਰਟੀ ਲਈ ਵੀ Achilles Heel ਸਾਬਤ ਹੋ ਸਕਦੀ ਹੈ।

ਪ੍ਰਧਾਨ ਮੰਤਰੀ ਨਾਲ ਫੇਰੀ ਦੌਰਾਨ ਭਾਰਤ ਜਾਣ ਵਾਲੇ ਨੈਸ਼ਨਲ ਪੋਸਟ ਦੇ ਪੱਤਰਕਾਰ ਜੌਹਨ ਆਈਵਿਜ਼ਨ (John Ivison) ਨੇ ਆਪਣੇ ਅਨੁਭਵਾਂ ਦੇ ਆਧਾਰ ਉੱਤੇ ਇੱਕ ਕਿਤਾਬ ਲਿਖੀ ਹੈ। ਨੈਸ਼ਨਲ ਪੋਸਟ ਮੁਤਾਬਕ Trudeau: The Education of a Prime Minister ਨਾਮਕ ਇਸ ਪੁਸਤਕ ਵਿੱਚ ਪ੍ਰਧਾਨ ਮੰਤਰੀ ਦੇ ਸਾਬਕਾ ਪ੍ਰਿੰਸੀਪਲ ਸਕੱਤਰ ਜੇਰਾਰਡ ਬੱਟਸ ਨੂੰ ਭਾਰਤ ਸਰਕਾਰ ਬਾਰੇ ਇਹ ਆਖਦੇ ਹੋਏ ਦੱਸਿਆ ਗਿਆ ਹੈ ਕਿ "ਅਸੀਂ ਇੱਕ ਘੁੰਮਣਘੇਰੀ ਵਿੱਚ ਫਸ ਗਏ- (ਨਰਿੰਦਰ) ਮੋਦੀ ਅਤੇ ਉਸਦੀ ਸਰਕਾਰ ਸਾਡਾ ਕੁੰਡਾ ਕਰਨ ਲਈ ਉੱਠ ਖਲੋਤੀ ਸੀ ਅਤੇ ਕੰਜ਼ਰਵੇਟਿਵਾਂ ਦੀ ਮਦਦ ਕਰਨ ਲਈ ਸਾਡੇ ਟਾਇਰਾਂ ਥੱਲੇ ਕਿੱਲਾਂ ਸੁੱਟ ਰਹੀ ਸੀ, ਜਿਹਨਾਂ ਨੇ ਸਾਨੂੰ ਨਮੋਸ਼ ਕਰਨ ਦਾ ਚੰਗਾ ਖਾਸਾ ਕੰਮ ਕੀਤਾ"।

ਐਮਾਜ਼ੋਨ ਉੱਤੇ ਉਪਲਬਧ ਜਾਣ-ਪਹਿਚਾਣ ਦੇਂਦੇ ਹੋਏ ਪਬਲਿਸ਼ਰ ਵੱਲੋਂ ਇਸ ਗੱਲ ਦਾ ਕੋਈ ਲੁਕੋ ਨਹੀਂ ਰੱਖਿਆ ਗਿਆ ਕਿ ਇਸ ਪੁਸਤਕ ਨੂੰ ਅਕਤੂਬਰ ਵਿੱਚ ਹੋਣ ਵਾਲੀਆਂ ਚੋਣਾਂ ਮੌਕੇ ਚਰਚਾ ਨੂੰ ਭੱਖਵਾਂ ਕਰਨ ਲਈ ਜਾਰੀ ਕੀਤਾ ਗਿਆ ਹੈ। ਐਸ ਐਨ ਸੀ ਲਾਵਾਲਿਨ ਵਿਵਾਦ ਤੋਂ ਬਾਅਦ ਅਸਤੀਫ਼ਾ ਦੇਣ ਵਾਲੇ ਜੇਰਾਰਡ ਬੱਟਸ ਦਾ ਲਿਬਰਲ ਪਾਰਟੀ ਦੀ ਚੋਣ ਮੁਹਿੰਮ ਨੂੰ ਤੇਜ ਕਰਨ ਲਈ ਵਾਪਸ ਆਉਣਾ ਅਤੇ ਕੰਜ਼ਰਵੇਟਿਵ ਪਾਰਟੀ ਦਾ ਚੋਣ ਲਾਭ ਲਈ ਭਾਰਤ ਸਰਕਾਰ ਦੀ ਮਦਦ ਲੈਣ ਦੇ ਮੁੱਦੇ ਨੂੰ ਇਹ ਪੁਸਤਕ ਨਵਾਂ ਰੁਖ ਦੇਣ ਵਿੱਚ ਸਾਬਤ ਹੋ ਸਕਦੀ ਹੈ। ਚੇਤੇ ਰਹੇ ਕਿ ਟਰੂਡੋ ਦੀ ਭਾਰਤ ਫੇਰੀ ਤੋਂ ਤੁਰੰਤ ਬਾਅਦ ਪ੍ਰਧਾਨ ਮੰਤਰੀ ਦਫ਼ਤਰ ਦੇ ਇੱਕ ਅਧਿਕਾਰੀ ਵੱਲੋਂ ਵੀ ਸੁਝਾਅ ਦਿੱਤਾ ਗਿਆ ਸੀ ਕਿ ਖਾਲਿਸਤਾਨ ਮੁਹਿੰਮ ਨਾਲ ਹਮਦਰਦੀ ਰੱਖਣ ਵਾਲੇ ਜਸਪਾਲ ਸਿੰਘ ਅਟਵਾਲ ਨੂੰ ਸਰਕਾਰੀ ਡੈਲੀਗੇਸ਼ਨ ਵਿੱਚ ਸ਼ਾਮਲ ਕਰਵਾਉਣਾ ਵੀ ਭਾਰਤ ਸਰਕਾਰ ਦੇ ਕਾਰਕੁਨਾਂ ਦਾ ਕੰਮ ਸੀ।

ਪੁਸਤਕ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਜਿਹੜੀਆਂ ਗੱਲਾਂ (ਚੰਗੇ ਪਰਿਵਾਰ ਨਾਲ ਸਬੰਧ, ਚੰਗੀਆਂ ਇਖਲਾਕੀ ਗੱਲਾਂ ਕਰਕੇ ਸਾਧਾਰਨ ਲੋਕਾਂ ਨੂੰ ਭਰਮਾਉਣ ਦੀ ਕਲਾ ਆਦਿ) ਨੇ ਟਰੂਡੋ ਨੂੰ 2015 ਵਿੱਚ ਸੱਤਾ ਹਾਸਲ ਕਰਨ ਵਿੱਚ ਮਦਦ ਕੀਤੀ ਸੀ, ਉਹੀ ਗੱਲਾਂ 2019 ਵਿੱਚ ਉਸਦੇ ਪਤਨ ਦਾ ਕਾਰਣ ਬਣ ਸਕਦੀਆਂ ਹਨ। ਖੈਰ, ਚੋਣਾਂ ਦੇ ਨਤੀਜਿਆਂ ਦਾ ਊਠ ਕਿਸ ਕਰਵਟ ਬੈਠੇਗਾ, ਇਸਦਾ ਨਿਰਣਾ ਤਾਂ ਵੋਟਰ ਕਰਨਗੇ, ਪਰ ਇੱਕ ਗੱਲ ਪੱਕੀ ਹੈ ਕਿ ਇਹ ਪੁਸਤਕ ਕੈਨੇਡੀਅਨ ਸਿਆਸਤ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਮੁੱਦੇ ਨੂੰ ਦੁਬਾਰਾ ਛੇੜਨ ਵਿੱਚ ਮਦਦਗਾਰ ਹੋਵੇਗੀ।

ਇਸ ਸੰਦਰਭ ਵਿੱਚ ਦੱਸਣਾ ਦਿਲਚਸਪ ਹੋਵੇਗਾ ਕਿ ਕੈਨੇਡਾ ਦੀ ਖੁਫੀਆ ਏਜੰਸੀ ਦੇ ਸਾਈਬਰ ਸਿਕਿਉਰਿਟੀ ਵਿੰਗ The Communications Security Establishment (CSE) ਵੱਲੋਂ ਪਿਛਲੇ ਮਹੀਨੇ ਚੇਤਾਵਨੀ ਦਿੱਤੀ ਸੀ ਕਿ ਵਿਦੇਸ਼ਾਂ ਵਿੱਚੋਂ ਕੈਨੇਡੀਅਨ ਲੋਕਤਾਂਤਰਿਕ ਸੰਸਥਾਵਾਂ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਸ ਵੇਲੇ ਇੱਕ ਸਰਕਾਰੀ ਬੁਲਾਰੇ ਨੇ ਕਬੂਲ ਕੀਤਾ ਸੀ ਕਿ ਕੈਨੇਡੀਅਨ ਚੋਣਾਂ ਦੇ ਨਤੀਜਿਆਂ ਨੂੰ ਬਦਲਣ ਲਈ ਕੈਨੇਡਾ ਵੱਸਦੇ ਐਥਨਿਕ ਵੋਟਰਾਂ ਨੂੰ ਖਾਸ ਕਰਕੇ ਪ੍ਰਭਾਵਿਤ ਕੀਤਾ ਜਾ ਰਿਹਾ ਹੈ।

ਜਿਉਂ 2 ਚੋਣਾਂ ਦੇ ਦਿਨ ਨੇੜੇ ਆ ਰਹੇ ਹਨ, ਉਮੀਦ ਕੀਤੀ ਜਾ ਸਕਦੀ ਹੈ ਕਿ ਸਾਨੂੰ ਉਹਨਾਂ ਤੱਥਾਂ ਦੇ ਹੋਰ ਦਰਸ਼ਨ ਹੋਣਗੇ ਜਿਹੜੇ ਕੈਨੇਡੀਅਨ ਸਿਆਸਤ ਨੂੰ ਬਾਹਰ ਤੋਂ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਜਾਂ ਕਰਨਗੇ। ਕੀ ਇਹਨਾਂ ਤੱਥਾਂ ਦਾ ਚੋਣ ਨਤੀਜਿਆਂ ਉੱਤੇ ਅਸਰ ਪਵੇਗਾ, ਇਸ ਬਾਰੇ ਹਾਲੇ ਦੀ ਘੜੀ ਕੁੱਝ ਵੀ ਆਖਣਾ ਮੁਸ਼ਕਲ ਹੈ। ਪਰ ਜਿਸ ਤਰੀਕੇ ਕੰਜ਼ਰਵੇਟਿਵ ਅਤੇ ਲਿਬਰਲ ਸਰਵੇਖਣਾਂ ਵਿੱਚ ਲੱਗਭਗ ਬਰਾਬਰ ਚੱਲਦੇ ਵਿਖਾਈ ਦੇਂਦੇ ਹਨ, ਚਰਚਾ ਅਧੀਨ ਪੁਸਤਕ ਵਾਗੂੰ ਕੋਈ ਵੀ ਨਵੀਂ ਗੱਲ ਨਾਜ਼ੁਕ ਚੋਣ ਤਵਾਜਨ ਨੂੰ ਖਰਾਬ ਕਰਨ ਵਿੱਚ ਵੱਡਾ ਰੋਲ ਅਦਾ ਕਰ ਸਕਦੀ ਹੈ।

## ਕੈਨੇਡਾ ਦੇ ਉਤਰੀ ਹਿੱਸੇ ਦੇ ਦੌਰੇ ਦੌਰਾਨ ਟਰੂਡੋ ਨੇ ਲਿਬਰਲਾਂ ਦੀ ਕਲਾਈਮੇਟ ਪਾਲਿਸੀ ਦਾ ਕੀਤਾ ਖੁਲਾਸਾ

...ਪੰਨਾ 1 ਦਾ ਬਾਕੀ

ਹੁਣ ਕੈਨੇਡਾ 427,000 ਸਕੁਏਅਰ ਕਿਲੋਮੀਟਰ ਵਿੱਚ ਫੈਲੇ ਆਪਣੇ ਸਮੁੰਦਰੀ ਤੇ ਤੱਟੀ ਇਲਾਕੇ ਵਿੱਚੋਂ 14 ਫੀ ਸਦੀ ਦੀ ਹਿਫਾਜ਼ਤ ਲਈ ਪ੍ਰਬੰਧ ਕਰ ਚੁੱਕਿਆ ਹੈ। ਲਿਬਰਲਾਂ ਦਾ ਟੀਚਾ 2020 ਤੱਕ ਕੈਨੇਡਾ ਦੇ 10 ਫੀ ਸਦੀ ਮਰੀਨ ਤੇ ਤੱਟੀ ਇਲਾਕੇ ਨੂੰ ਮਹਿਫੂਜ਼ ਕਰਨਾ ਹੈ। ਇਸ ਤਰ੍ਹਾਂ ਵਾਤਾਵਰਣ ਦੀ ਹਿਫਾਜ਼ਤ ਕਰਨ ਲਈ ਲਿਬਰਲ ਪਾਰਟੀ ਵੱਲੋਂ ਕੀਤੇ ਜਾ ਰਹੇ ਕੰਮ ਨੂੰ ਟਰੂਡੋ ਨੇ ਪਹਿਲਾਂ ਤੋਂ ਹੀ ਆਕਾਰ ਲੈ ਰਹੇ ਚੋਣ ਮੁੱਦੇ ਦੇ ਰੂਪ ਵਿੱਚ ਪ੍ਰਚਾਰਿਆ ਤੇ ਦਰਸਾਇਆ ਕਿ ਉਨ੍ਹਾਂ ਤੋਂ ਬਿਹਤਰ ਕੋਈ ਵੀ ਹੋਰ ਪਾਰਟੀ ਵਾਤਾਵਰਣ ਦੀ ਰਾਖੀ ਦੀ ਜ਼ਿੰਮੇਵਾਰੀ ਨਹੀਂ ਨਿਭਾਅ ਸਕੇਗੀ।

ਇਸ ਮੌਕੇ ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦਿਆਂ ਟਰੂਡੋ ਨੇ ਆਖਿਆ ਕਿ ਇਹ ਕੋਈ ਤਸਵੀਰਾਂ ਨਹੀਂ ਹਨ ਸਗੋਂ ਸਾਡੇ ਵੱਲੋਂ ਵਾਤਾਵਰਣ ਨੂੰ ਬਚਾਉਣ ਲਈ ਚੁੱਕੇ ਜਾ ਰਹੇ ਠੋਸ ਕਦਮ ਹਨ। ਅਸੀਂ ਆਪਣੇ ਵੱਲੋਂ ਪਿਛਲੇ ਚਾਰ ਸਾਲਾਂ ਵਿੱਚ ਕੀਤੇ ਕੰਮ ਦੀ ਗੱਲ ਕਰ ਰਹੇ ਹਾਂ ਜੋ ਅਸੀਂ ਨੌਰਥ ਦੀਆਂ ਲੋੜਾਂ ਪੂਰੀਆਂ ਕਰਨ ਲਈ ਤੇ ਇਨੁਇਟ ਨਾਲ ਭਾਈਵਾਲੀ ਨਿਭਾਉਣ ਲਈ ਕੀਤਾ ਹੈ। ਅਸੀਂ ਨੌਰਥ ਲਈ ਜੋ ਕੰਮ ਕੀਤਾ ਹੈ ਇਹ ਉਸ ਦਾ ਲੇਖਾ ਜੋਖਾ ਹੈ। ਟਰੂਡੋ ਨੇ ਹੁੱਬ ਕੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਨੇ ਸੱਭ ਤੋਂ ਅਹਿਮ ਚੀਜ਼ ਨੌਰਥ ਵਿੱਚ ਰਿਸ਼ਤਿਆਂ ਦਾ ਨਿਰਮਾਣ ਕਰਨ ਵਜੋਂ ਕੀਤੀ ਹੈ। ਇਸ ਤਰ੍ਹਾਂ ਅਸੀਂ ਭਵਿੱਖ ਦੇ ਕੰਮ ਲਈ ਨੀਂਹ ਪੱਥਰ ਰੱਖ ਦਿੱਤਾ ਹੈ।

## ਸ੍ਰੀ ਨਨਕਾਣਾ ਸਾਹਿਬ ਤੋਂ ਪਹਿਲੀ ਵਾਰ ਆਏ ਨਗਰ ਕੀਰਤਨ ਦਾ ਅਟਾਰੀ ਵਿਖੇ ਨਿੱਘਾ ਸਵਾਗਤ

...ਪੰਨਾ 1 ਦਾ ਬਾਕੀ

ਇਸ ਮੌਕੇ ਕੇਂਦਰੀ ਕੈਬਨਿਟ ਮੰਤਰੀ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਨੇ ਕੇਂਦਰ ਸਰਕਾਰ ਵੱਲੋਂ ਅਤੇ ਪੰਜਾਬ ਦੇ ਡਾਕਟਰੀ ਸਿਖਿਆ ਤੇ ਖੋਜ ਮੰਤਰੀ ਓ ਪੀ ਸੋਨੀ, ਸਭਿਆਚਾਰਕ, ਸੈਰ ਸਪਾਟਾ ਤੇ ਤਕਨੀਕੀ ਸਿਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲੇ ਭੇਟ ਕਰ ਕੇ ਸਵਾਗਤ ਕੀਤਾ। ਲੋਕ ਸਭਾ ਮੈਂਬਰ ਸੁਖਬੀਰ ਸਿੰਘ ਬਾਦਲ, ਵਿਧਾਇਕ ਸੁਨੀਲ ਦੱਤੀ, ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਵਿਧਾਇਕ ਸੁਖਵਿੰਦਰ ਸਿੰਘ ਡੈਨੀ, ਵਿਧਾਇਕ ਤਰਸੇਮ ਸਿੰਘ ਡੀ ਸੀ, ਵਿਧਾਇਕ ਬਿਕਰਮ ਸਿੰਘ ਮਜੀਠੀਆ ਵੀ ਇਸ ਮੌਕੇ ਹਾਜ਼ਰ ਸਨ।

ਇਸ ਤੋਂ ਪਹਿਲਾਂ ਪਾਕਿਸਤਾਨ ਵਿਚ ਭਾਰਤ ਤੋਂ ਉਚੇਚੇਗਏ ਸਿੱਖ ਭਾਈਚਾਰੇ ਦੇ ਧਾਰਮਿਕ ਆਗੂਆਂ ਨੇ ਵੀਰਵਾਰ ਨੂੰ ਸ੍ਰੀ ਨਨਕਾਣਾ ਸਾਹਿਬ ਤੋਂ ਪੂਰੀ ਸ਼ਰਧਾ ਨਾਲ ਅੰਤਰਰਾਸ਼ਟਰੀ ਨਗਰ ਕੀਰਤਨ ਆਰੰਭ ਕੀਤਾ। ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮੌਕੇ ਕਿਹਾ ਕਿਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਸਾਰੇ ਵਿਸ਼ਵ ਲਈ ਹੈ। ਉਨ੍ਹਾਂ ਨੇ ਮੁਸਲਮਾਨ ਅਤੇ ਸਿੱਖ ਭਾਈਚਾਰੇ ਦੀ ਸਾਂਝ ਨੂੰ ਅਟੁੱਟ ਦੱਸਿਆ। ਨਗਰ ਕੀਰਤਨ ਦੀ ਆਰੰਭਤਾ ਮੌਕੇ ਜੁੜੀਆਂ ਸੰਗਤਾਂ ਨੂੰ ਅੰਤਰਰਾਸ਼ਟਰੀ ਨਗਰ ਕੀਰਤਨ ਦੀ ਵਧਾਈ ਦਿੰਦਿਆਂ ਜਥੇਦਾਰ ਨੇ ਕਿਹਾ ਕਿ ਅੱਜ ਦੇ ਸਮੇਂ ਵਿਚ ਸ੍ਰੀ ਕਰਤਾਰਪੁਰ ਸਾਹਿਬ ਭਾਰਤ-ਪਾਕਿਸਤਾਨ ਏਕਤਾ ਦਾ ਪ੍ਰਤੀਕ ਬਣਦਾ ਜਾਂਦਾ ਹੈ।

ਜਥੇਦਾਰ ਹਰਪ੍ਰੀਤ ਸਿੰਘ ਨੇ ਪਾਕਿ-ਸਤਾਨ ਸਰਕਾਰ, ਓਥੋਂ ਦੇ ਇਵੈਕੁਈ ਪ੍ਰਾਪਰਟੀਜ਼ ਟਰੱਸਟ ਬੋਰਡ, ਪਾਕਿ-ਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਭਾਈਚਾਰੇ ਅਤੇ ਨਨਕਾਣਾ ਸਾਹਿਬ ਦੇ ਹੈੱਡ ਗ੍ਰੰਥੀ ਦਾ ਉਚੇਚਾ ਧੰਨਵਾਦ ਕੀਤਾ।

ਪਾਕਿਸਤਾਨ ਇਵੈਕੁਈ ਟਰੱਸਟ ਪ੍ਰਾਪਰਟੀਜ਼ ਬੋਰਡ ਦੇ ਸੈਕਟਰੀ ਤਾਰਿਕ ਵਜ਼ੀਰ ਨੇ ਸ੍ਰੀ ਨਨਕਾਣਾ ਸਾਹਿਬ ਪਹੁੰਚੇ ਸਿੱਖ ਸ਼ਰਧਾਲੂਆਂ ਤੇ ਭਾਰਤ ਤੋਂ ਆਏ ਸਿੱਖ ਆਗੂਆਂ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨੇ ਭਾਰਤ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਦੀ ਗਿਣਤੀ ਬਾਰੇ ਕਿਹਾ ਕਿ ਪਹਿਲਾਂ ਇਹ ਗਿਣਤੀ 6000 ਸੀ, ਉਸ ਨੂੰ 10,000 ਤੱਕ ਕਰ ਦਿੱਤਾ ਗਿਆ ਹੈ। ਇਸ ਦੇ ਇਲਾਵਾ ਵਿਦੇਸ਼ਾਂ ਤੋਂ ਆਉਂਦੇ ਸਿੱਖਾਂ ਨੂੰ ਵੀ 10,000 ਤੱਕ ਵੀਜ਼ੇ ਜਾਰੀ ਕੀਤੇ ਜਾਣਗੇ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਵੰਤ ਸਿੰਘ ਨੇ ਸਾਰੇ ਸੰਸਾਰ ਦੇ ਸਿੱਖਾਂ ਨੂੰ ਵਧਾਈ ਦੇਂਦਿਆਂ ਸ੍ਰੀ ਗੁਰੂ ਨਾਨਕ ਸਾਹਿ-ਬਾਨ ਵੱਲੋਂ ਦਿੱਤੇ ਏਕਤਾ ਅਤੇ ਭਾਈਚਾਰੇ ਦੇ ਸੰਦੇਸ਼ ਨੂੰ ਦੁਹਰਾਇਆ ਅਤੇ ਸਿੱਖ ਕੌਮ ਦੇ ਸਾਰੇ ਮਸਲਿਆਂ ਨੂੰ ਮਿਲ ਕੇ ਹੱਲ ਕਰਨ ਦੀ ਗੱਲ ਕੀਤੀ।

ਅਟਾਰੀ-ਵਾਹਗਾ ਬਾਰਡਰ ਵਿਖੇ ਪੰਜਾਬ ਦੇ ਕੈਬਨਿਟ ਮੰਤਰੀ ਓ ਪੀ ਸੋਨੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਾਨਵਤਾ ਨੂੰ ਪਿਆਰ ਤੇ ਭਾਈਚਾਰਕ ਏਕਤਾ ਦਾ ਸੰਦੇਸ਼ ਦਿਤਾ ਹੈ, ਉਨ੍ਹਾਂ ਦੇ 550ਵੇਂ ਨਗਰ ਕੀਰਤਨ ਮੌਕੇ ਉਨ੍ਹਾਂ ਦੇ ਜਨਮ ਸਥਾਨ ਤੋਂ ਆਇਆ ਨਗਰ ਕੀਰਤਨ ਦੋਵਾਂ ਦੇਸ਼ਾਂ ਵਿਚਾਲੇ ਪਿਆਰ ਦਾ ਸੰਦੇਸ਼ ਦੇਂਦਾ ਹੈ। ਉਨ੍ਹਾਂ ਕਿਹਾ ਕਿ ਇਸ ਮੌਕੇ ਦੋਵਾਂ ਦੇਸ਼ਾਂ ਦੀਆਂ ਸਰਹੱਦੀ ਦੂਰੀਆਂ ਖ਼ਤਮ ਹੁੰਦੀਆਂ ਲੱਗੀਆਂ ਹਨ।ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦਸਿਆ ਕਿ ਪੰਜਾਬ ਸਰਕਾਰ ਨੇ ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਉਤਸ਼ਾਹ ਨਾਲ ਮਨਾਉਣ ਲਈ ਪਿਆਰ ਅਤੇ ਸ਼ਰਧਾ ਨਾਲ ਸਭ ਤਿਆਰੀਆਂ ਲਈ ਜ਼ੋਰ ਲਾ ਦਿੱਤਾ ਹੈ, ਤਾਂ ਜੋ ਸੰਗਤ ਦੇ ਸਵਾਗਤ ਲਈ ਕੋਈ ਕਸਰ ਨਾ ਰਹਿ ਜਾਵੇ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਭਾਰਤ ਤੋਂ ਆਸਟਰੇਲੀਆ ਬੈਕਪੈਕਰ ਵੀਜ਼ਾ ਸ਼ੁਰੂ ਹੋ ਸਕਦੈ

ਸਿਡਨੀ, 1 ਅਗਸਤ (ਪੋਸਟ ਬਿਊਰੋ)- ਆਸਟਰੇਲੀਅਨ ਇਮੀਗ੍ਰੇਸ਼ਨ ਮੰਤਰੀ ਡੇਵਿਡ ਕੋਲਮੈਨ ਨੇ ਬਿਆਨ ਦਿਤਾ ਹੈ ਕਿ ਮਜ਼ਦੂਰਾਂ ਦੀ ਘਟਦੀ ਗਿਣਤੀ ਦੇਖ ਕੇ 13 ਦੇਸ਼ਾਂ ਤੋਂ ਬੈਕਪੈਕਰ ਲਿਆਉਣ 'ਤੇ ਗੱਲਬਾਤ ਹੋ ਰਹੀ ਹੈ।

ਬੀ ਬੀ ਸੀ ਤੋਂ ਮਿਲੀ ਜਾਣਕਾਰੀ ਅਨੁਸਾਰ ਖੇਤੀ ਦੇ ਕੰਮਾਂ 'ਚ ਸੀਜ਼ਨ ਤੇ ਮਜ਼ਦੂਰਾਂ ਦੀ ਲੋੜ ਬਹੁਤ ਵਧ ਜਾਂਦੀ ਹੈ। ਇਸ ਤਜਵੀਜ਼ ਵਿੱਚ 13 ਦੇਸ਼ਾਂ ਨੂੰ ਰੱਖਿਆ ਗਿਆ ਹੈ। ਅਸਲ 'ਚ ਬੈਕਪੈਕਰ ਵੀਜ਼ਾ ਨੂੰ ਵਰਕ ਹੋਲੀਡੇ ਵੀਜ਼ਾ ਵਿੱਚ ਵੀ ਦੇਖਿਆ ਜਾਂਦਾ ਹੈ। ਇਸ ਅਧੀਨ ਸਾਲ ਦਾ ਵੀਜ਼ਾ ਲੱਗਦਾ ਹੈ, ਜਿਸ ਦੀ ਸ਼ਰਤ ਖੇਤਰੀ ਇਲਾਕੇ 'ਚ ਖੇਤਾਂ ਦਾ ਕੰਮ ਕਰਨਾ ਹੁੰਦਾ ਹੈ। ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਕਰਨ 'ਤੇ ਵੀਜ਼ੇ ਦੀ ਮਿਆਦ ਇਕ ਸਾਲ ਹੋਰ ਵਧ ਜਾਂਦੀ ਹੈ। ਯੂਰਪ ਤੋਂ ਕਈ ਦੇਸ਼ ਇਸ ਵੀਜ਼ੇ ਅਧੀਨ ਆਸਟਰੇਲੀਆ ਆਉਂਦੇ ਹਨ। ਭਾਰਤ ਦੇ ਨਾਲ ਮੈਕਸੀਕੋ, ਬ੍ਰਾਜ਼ੀਲ, ਫਿਲਪਾਈਨ, ਸਵਿਟਜ਼ਰਲੈਂਡ, ਫਿਜ਼ੀ, ਸੋਲੋਮਨ, ਕਰੋਟੀਆ, ਲਟਵੀਆ, ਲਿਥੋਆਨੀਆ, ਅਨਡੋਰ, ਮੋਨਾਕੋ ਤੇ ਮੰਗੋਲੀਆ ਦੇਸ਼ ਇਸ 'ਚ ਆਉਂਦੇ ਹਨ। ਜੇ ਪਿਛਲੇ ਅੰਕੜੇ ਦੇਖੀਏ ਤਾਂ ਮਾਰਚ 'ਚ 150,000 ਲੋਕ ਵਰਕਿੰਗ ਹੋਲੀਡੇ ਵੀਜ਼ਾ ਅਧੀਨ ਆਸਟਰੇਲੀਆ ਆਏ ਸਨ। ਜੇ ਇਹ ਵੀਜ਼ਾ ਭਾਰਤ ਲਈ ਖੁੱਲ੍ਹਦਾ ਹੈ ਤਾਂ ਬਿਨਾਂ ਏਜੰਟਾਂ ਨੂੰ ਲੱਖਾਂ ਰੁਪਏ ਦਿੱਤੇ ਉਹ ਕਾਨੂੰਨੀ ਤਰੀਕੇ ਨਾਲ ਆਸਟਰੇਲੀਆ ਆ ਸਕਦੇ ਹਨ। ਇਥੇ ਧਿਆਨ ਰੱਖੋ ਕਿ ਅਜੇ ਤੱਕ ਇਹ ਵੀਜ਼ਾ ਨਹੀਂ ਪਾਸ ਹੋਇਆ ਸਿਰਫ ਤਜਵੀਜ਼ ਰੱਖੀ ਹੈ।






## ਸਾਬਕਾ ਪੁਲਸ ਮੁਲਾਜ਼ਮ ਦਾ ਗੋਲੀ ਮਾਰ ਕੇ ਕਤਲ

ਅੰਬਾਲਾ, 1 ਅਗਸਤ (ਪੋਸਟ ਬਿਊਰੋ)- ਅੰਬਾਲਾ ਛਾਉਣੀ ਵਿੱਚ ਕੱਲ੍ਹ ਸਵੇਰੇ ਇੱਕ ਸਾਬਕਾ ਪੁਲਸ ਮੁਲਾਜ਼ਮ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਪੁਲਸ ਨੇ ਦੱਸਿਆ ਕਿ ਚਾਰ ਬਦਮਾਸ਼ ਪੰਜਾਬ ਦੇ ਜਲੰਧਰ ਨੰਬਰ ਦੀ ਮਾਰੂਤੀ ਕਾਰ ਵਿੱਚ ਆਏ ਸਨ ਅਤੇ ਚਾਹ ਦੀ ਦੁਕਾਨ 'ਤੇ ਬੈਠੇ ਰਿਟਾਇਰਡ ਸਬ ਇੰਸਪੈਕਟਰ ਸਤਵਿੰਦਰ ਦਾ ਕਤਲ ਕਰ ਕੇ ਫਰਾਰ ਹੋ ਗਏ। ਬਦਮਾਸ਼ਾਂ ਦੀ ਗੋਲੀਆਂ ਚਲਾਉਂਦੇ ਅਤੇ ਹੱਥਾਂ ਵਿੱਚ ਰਿਵਾਲਵਰ ਲਏ ਦੀਆਂ ਤਸਵੀਰਾਂ ਨਾਲ ਦੀ ਦੁਕਾਨ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈਆਂ ਹਨ। ਪੁਲਸ ਨੇ ਦੱਸਿਆ ਕਿ ਦੋਸ਼ੀਆਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਏਗਾ। ਉਥੇ ਹੀ ਕਾਰ ਦਾ ਤਿੰਨ ਦਿਨ ਪਹਿਲਾਂ ਚੰਡੀਗੜ੍ਹ ਵਿੱਚ ਚਲਾਨ ਕੱਟਿਆ ਸੀ ਅਤੇ ਕਾਰ ਜਲੰਧਰ ਦੇ ਸਰਬਜੀਤ ਸਿੰਘ ਦੇ ਨਾਂਅ 'ਤੇ ਰਜਿਸਟਰਡ ਹੈ।

ਸਤਵਿੰਦਰ ਰੋਜ਼ ਦੀ ਤਰ੍ਹਾਂ ਫੁੱਟਬਾਲ ਖੇਡ ਕੇ ਇੱਕ ਦੁਕਾਨ 'ਤੇ ਚਾਹ ਪੀਣ ਗਏ ਸਨ। ਉਸੇ ਦੌਰਾਨ ਇੱਕ ਮਾਰੂਤੀ ਕਾਰ ਉਥੇ ਰੁਕੀ। ਮਾਰੂਤੀ ਕਾਰ 'ਚੋਂ ਇੱਕ ਨੌਜਵਾਨ ਉਤਰਿਆ ਤੇ ਦੁਕਾਨ ਦੀ ਰੇਕੀ ਕੀਤੀ। ਫਿਰ ਵਾਪਸ ਆ ਗਿਆ ਅਤੇ ਕਾਰ ਵਿੱਚ ਬੈਠ ਗਿਆ। ਕੁਝ ਦੇਰ ਵਿੱਚ ਮਾਰੂਤੀ ਕਾਰ 'ਚੋਂ ਉਹ ਆਪਣੇ ਤਿੰਨ ਸਾਥੀਆਂ ਸਮੇਤ ਉਤਰਿਆ ਅਤੇ ਦੁਕਾਨ ਵਿੱਚ ਬੈਠੇ ਸਤਵਿੰਦਰ ਦੇ ਸਿਰ ਵਿੱਚ ਦੋ ਗੋਲੀਆਂ ਮਾਰੀਆਂ ਜਿਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅੰਬਾਲਾ ਪੁਲਸ ਦੇ ਐੱਸ ਪੀ ਅਭਿਸ਼ੇਕ ਜੋਰਵਾਲ ਦੇ ਮੁਤਾਬਕ ਮ੍ਰਿਤਕ ਦੀ ਕਾਤਲਾਂ ਨਾਲ ਪੁਰਾਣੀ ਦੁਸ਼ਮਣੀ ਸੀ ਜਿਸ ਬਾਰੇ ਕਈ ਕੇਸ ਅਦਾਲਤ ਵਿੱਚ ਚੱਲ ਰਹੇ ਹਨ। ਸਤਵਿੰਦਰ ਦਾ ਬੇਟਾ ਵੀ ਅਪਰਾਧਕ ਕੇਸ ਵਿੱਚ ਜੇਲ੍ਹ ਵਿੱਚ ਹੈ। ਉਨ੍ਹਾਂ ਨੇ ਦੱਸਿਆ ਕਿ ਜਿਸ ਨੌਜਵਾਨ ਨੇ ਹੱਤਿਆ ਨੂੰ ਅੰਜਾਮ ਦਿੱਤਾ ਹੈ ਉਹ ਵੀ ਹੱਤਿਆ ਦੇ ਕੇਸ ਵਿੱਚ ਹਾਈ ਕੋਰਟ ਤੋਂ ਬੇਲ ਉਤੇ ਸੀ, ਪਰੰਤੂ ਬਾਅਦ ਵਿੱਚ ਕੋਰਟ ਨੇ ਸਜ਼ਾ ਸੁਣਾ ਦਿੱਤੀ ਜਿਸ ਦੇ ਬਾਅਦ ਉਹ ਫਰਾਰ ਚੱਲ ਰਿਹਾ ਹੈ।

## ਸੱਤ ਸਾਲਾ ਬੱਚੇ ਦੇ ਮੂੰਹ ਵਿੱਚੋਂ 526 ਦੰਦ ਕੱਢੇ ਗਏ

ਚੇਨਈ, 1 ਅਗਸਤ (ਪੋਸਟ ਬਿਊਰੋ)- ਤਾਮਿਲ ਨਾਡੂ ਦੀ ਰਾਜਧਾਨੀ ਚੇਨਈ ਵਿੱਚ ਸੱਤ ਸਾਲ ਦੇ ਬੱਚੇ ਦੇ ਮੂੰਹ ਵਿੱਚੋਂ 526 ਦੰਦ ਕੱਢੇ ਗਏ। ਹੈਰਾਨੀ ਦੀ ਗੱਲ ਹੈ ਕਿ ਇਹ ਦੰਦ ਜਬਾੜੇ ਦੀ ਹੱਡੀ ਵਿੱਚ ਇਸ ਤਰ੍ਹਾਂ ਜੁੜੇ ਹੋਏ ਸਨ ਕਿ ਬਾਹਰੋਂ ਦਿਖਾਈ ਨਹੀਂ ਦਿੰਦੇ ਸਨ। 526 ਦੰਦ ਕੱਢਣ ਤੋਂ ਬਾਅਦ ਬੱਚੇ ਦੇ ਮੂੰਹ ਵਿੱਚ 21 ਦੰਦ ਬਚੇ ਹਨ। ਸਰਜਰੀ ਤੋਂ ਬਾਅਦ ਬੱਚੇ ਦੇ ਜਬਾੜੇ ਦੇ ਮੂੰਹ ਵਿੱਚ ਹੋਣ ਵਾਲਾ ਦਰਦ ਵੀ ਖਤਮ ਹੋ ਗਿਆ ਹੈ।

ਵਰਨਣ ਯੋਗ ਹੈ ਕਿ ਸੱਤ ਸਾਲ ਦੇ ਰਵਿੰਦਰ ਨਾਥ ਦੀ ਸੱਜੀ ਗੱਲ੍ਹ 'ਤੇ ਸੋਜ ਦੇਖ ਕੇ ਮਾਪਿਆਂ ਨੂੰ ਲੱਗਾ ਕਿ ਉਸ ਦਾ ਦੰਦ ਸੜ ਗਿਆ ਹੈ, ਪਰ ਬਾਅਦ ਵਿੱਚ ਪਤਾ ਲੱਗਾ ਕਿ ਜਬਾੜੇ ਦੇ ਹੇਠਾਂ 526 ਦੰਦ ਹਨ। ਕੱਲ੍ਹ ਰਵਿੰਦਰ ਨੇ ਮੀਡੀਆ ਦੇ ਸਾਹਮਣੇ ਆਪਣੇ ਚਿਹਰੇ ਨੂੰ ਛੂਹ ਕੇ ਦੱਸਿਆ ਕਿ ਉਸ ਦੇ ਦੰਦ ਤੇ ਜਬਾੜੇ ਵਿੱਚ ਦਰਦ ਨਹੀਂ ਰਹੀ ਤੇ ਥੋੜ੍ਹੀ-ਬਹੁਤ ਸੋਜ ਹੈ। ਡਾਕਟਰਾਂ ਨੇ ਦੱਸਿਆ ਕਿ ਇਸ ਸਰਜਰੀ ਲਈ ਬੱਚੇ ਨੂੰ ਬੜੀ ਮੁਸ਼ਕਲ ਨਾਲ ਮਨਾਉਣਾ ਪਿਆ ਭਾਵੇਂ ਉਸ ਦੇ ਮਾਪੇ ਜਲਦੀ ਮੰਨ ਗਏ ਸਨ। ਇਸ ਸਰਜਰੀ ਨੂੰ ਪੰਜ ਘੰਟੇ ਦਾ ਸਮਾਂ ਲੱਗਾ ਤੇ ਉਸ ਤੋਂ ਬਾਅਦ ਡਾਕਟਰ ਇਹ ਨਹੀਂ ਦੱਸ ਸਕੇ ਕਿ ਇਹ ਕਿਸ ਬਿਮਾਰੀ ਕਾਰਨ ਹੋਏ ਹਨ। ਡਾਕਟਰਾਂ ਦਾ ਮੰਨਣਾ ਹੈ ਕਿ ਮੋਬਾਈਲ ਟਾਵਰ ਦੇ ਰੇਡੀਏਸ਼ਨ ਅਤੇ ਜੈਨੇਟਿਕ ਕਾਰਨਾਂ ਕਰ ਕੇ ਅਜਿਹਾ ਹੋ ਸਕਦਾ ਹੈ। ਜਾਣਕਾਰਾਂ ਮੁਤਾਬਕ ਜਦੋਂ ਰਵਿੰਦਰ ਤਿੰਨ ਸਾਲ ਦਾ ਸੀ ਉਦੋਂ ਮਾਪਿਆਂ ਨੇ ਉਸ ਦੀ ਸੱਜੀ ਗੱਲ੍ਹ 'ਤੇ ਸੋਜ ਦੇਖੀ ਤੇ ਉਸ ਨੂੰ ਸਰਕਾਰੀ ਹਸਪਤਾਲ ਲੈ ਕੇ ਗਏ। ਰਵਿੰਦਰ ਦੇ ਪਿਤਾ ਨੇ ਕਿਹਾ ਕਿ ਉਦੋਂ ਉਹ ਬਹੁਤ ਛੋਟਾ ਸੀ, ਇਸ ਲਈ ਅਸੀ ਵੀ ਸਰਜਰੀ ਲਈ ਹਾਮੀ ਨਹੀਂ ਭਰੀ ਸੀ।






## ਮੋਟਰ ਟਰਾਂਸਪੋਰਟ ਸੋਧ ਬਿੱਲ ਰਾਜ ਸਭਾ ਵਿੱਚ ਵੀ ਪਾਸ

ਨਵੀਂ ਦਿੱਲੀ, 1 ਅਗਸਤ (ਪੋਸਟ ਬਿਊਰੋ)- ਸੜਕੀ ਆਵਾਜਾਈ ਨਿਯਮਾਂ ਨੂੰ ਸਖ਼ਤ ਬਣਾਉਣ ਅਤੇ ਇਨ੍ਹਾਂ ਦੀ ਉਲੰਘਣਾ ਕਰਨ 'ਤੇ ਸਖ਼ਤ ਸਜ਼ਾਵਾਂ ਲਾਗੂ ਕਰਨ ਵਾਲਾ ਬਿੱਲ ਰਾਜ ਸਭਾ 'ਚ ਪਾਸ ਹੋ ਗਿਆ ਹੈ। ਰਾਜ ਸਭਾ 'ਚ ਮੋਟਰ ਵਾਹਨ (ਸੋਧ) ਬਿੱਲ, 2019 ਦੇ ਪੱਖ 'ਚ 108 ਵੋਟਾਂ ਪਈਆਂ ਅਤੇ ਇਸ ਦੇ ਵਿਰੋਧ 'ਚ 13 ਵੋਟਾਂ ਪਈਆਂ।

ਸੜਕੀ ਆਵਾਜਾਈ ਅਤੇ ਹਾਈਵੇਜ਼ ਮੰਤਰੀ ਨਿਤਿਨ ਗਡਕਰੀ ਵੱਲੋਂ ਲਿਆਂਦੀਆਂ ਤਿੰਨ ਸੋਧਾਂ ਤੋਂ ਬਾਅਦ ਇਹ ਬਿੱਲ ਪਾਸ ਹੋਇਆ। ਲੋਕ ਸਭਾ 'ਚ ਬੀਤੀ 23 ਜੁਲਾਈ ਨੂੰ ਇਹ ਬਿੱਲ ਪਾਸ ਕੀਤਾ ਗਿਆ ਸੀ, ਪਰ ਇਕ ਗਲਤੀ ਕਰਕੇ ਇਸ ਬਿੱਲ ਨੂੰ ਮੁੜ ਲੋਕ ਸਭਾ 'ਚ ਭੇਜਿਆ ਜਾਵੇਗਾ। ਬਿੱਲ 'ਤੇ ਚਰਚਾ ਦਾ ਜਵਾਬ ਦਿੰਦਿਆਂ ਗਡਕਰੀ ਨੇ ਸੂਬਿਆਂ ਦੀਆਂ ਚਿੰਤਾਵਾਂ ਨੂੰ ਦੂਰ ਕਰਦਿਆਂ ਕਿਹਾ ਕਿ ਵਾਹਨ ਰਜਿਸਟ੍ਰੇਸ਼ਨ ਚਾਰਜ ਵਸੂਲਣ, ਪਰਮਿਟ ਫੀਸ ਸਣੇ ਕੇਂਦਰ ਉਨ੍ਹਾਂ ਦੇ ਕਿਸੇ ਵੀ ਅਧਿਕਾਰਾਂ 'ਤੇ ਕਬਜ਼ਾ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਰਾਜ ਦੇ ਮਾਲੀਏ ਦਾ ਇਕ ਪੈਸਾ ਵੀ ਨਹੀਂ ਲਿਆ ਜਾਵੇਗਾ। ਰਾਜਾਂ ਦੇ ਡਰਾਈਵਿੰਗ ਸਿਖਲਾਈ ਸੰਸਥਾਵਾਂ ਸਥਾਪਤ ਕਰਨ ਦੇ ਅਧਿਕਾਰ ਵੀ ਪ੍ਰਭਾਵਤ ਨਹੀਂ ਹੋਣਗੇ। ਇਸ ਬਿੱਲ ਮੁਤਾਬਕ ਵੱਖ-ਵੱਖ ਆਵਾਜਾਈ ਸਬੰਧਤ ਅਪਰਾਧਾਂ ਲਈ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਇਸ ਅਨੁਸਾਰ ਮੋਟਰ ਵਾਹਨ ਹਾਦਸੇ ਦੇ ਕੇਸ 'ਚ ਮ੍ਰਿਤਕਾਂ ਲਈ ਪੰਜ ਲੱਖ ਦਾ ਮੁਆਵਜ਼ਾ ਅਤੇ ਜ਼ਖਮੀਆਂ ਲਈ 2.5 ਲੱਖ ਮੁਆਵਜ਼ੇ ਦੀ ਤਜਵੀਜ਼ ਹੈ। ਗਡਕਰੀ ਨੇ ਕਿਹਾ ਕਿ ਡਰਾਈਵਿੰਗ ਲਾਇਸੈਂਸ ਪ੍ਰਕਿਰਿਆ ਨੂੰ ਕੰਪਿਊਟਰਾਈਜ਼ਡ ਕੀਤਾ ਜਾਵੇਗਾ, ਭਾਵੇਂ ਉਹ ਮੰਤਰੀ ਹੋਵੇ ਜਾਂ ਸੰਸਦ ਮੈਂਬਰ ਹਰੇਕ ਨੂੰ ਲਾਇਸੈਂਸ ਆਨਲਾਈਨ ਟੈਸਟ ਪਾਸ ਕਰਨ ਤੋਂ ਬਾਅਦ ਹੀ ਮਿਲੇਗਾ। ਬਿੱਲ ਮੁਤਾਬਕ ਬਿਨਾਂ ਲਾਇਸੈਂਸ ਦੇ ਵਾਹਨ ਚਲਾਉਣ ਦੇ ਮਾਮਲੇ 'ਚ ਜੁਰਮਾਨਾ 500 ਰੁਪਏ ਤੋਂ ਵਧਾ ਕੇ 5000 ਰੁਪਏ ਕਰ ਦਿੱਤਾ ਗਿਆ ਹੈ। ਸੀਟ ਬੈਲਟ ਨਾ ਪਹਿਨਣ 'ਤੇ 1000 ਰੁਪਏ ਦਾ ਜੁਰਮਾਨਾ ਲੱਗੇਗਾ। ਸ਼ਰਾਬ ਪੀ ਕੇ ਵਾਹਨ ਚਲਾਉਣ ਦੇ ਮਾਮਲੇ 'ਚ ਜੁਰਮਾਨਾ 10000 ਰੁਪਏ, ਖਤਰਨਾਕ ਡਰਾਈਵਿੰਗ ਲਈ ਜੁਰਮਾਨਾ 1000 ਤੋਂ ਵਧਾ ਕੇ 5000 ਰੁਪਏ ਕਰ ਦਿੱਤਾ ਗਿਆ ਹੈ ਜਦ ਕਿ ਐਮਰਜੈਂਸੀ ਵਾਹਨਾਂ ਨੂੰ ਪਾਸ ਨਾ ਦੇਣ 'ਤੇ 10 ਹਜ਼ਾਰ ਰੁਪਏ ਜੁਰਮਾਨਾ ਲੱਗੇਗਾ।

ਜੇ ਬੀਮਾ ਖਤਮ ਹੋਣ ਤੋਂ ਬਾਅਦ ਵੀ ਵਾਹਨ ਚਲਾਇਆ ਤਾਂ 2000 ਰੁਪਏ ਦਾ ਜੁਰਮਾਨਾ ਦੇਣਾ ਹੋਵੇਗਾ। ਜੁਰਮਾਨੇ 'ਚ ਹਰ ਸਾਲ 10 ਫੀਸਦੀ ਦਾ ਵਾਧਾ ਹੋ ਸਕਦਾ ਹੈ। ਨਵੀਆਂ ਵਿਵਸਥਾਵਾਂ ਮੁਤਾਬਕ ਜੇ ਨਾਬਾਲਗਾਂ ਵੱਲੋਂ ਸੜਕੀ ਅਪਰਾਧ ਹੁੰਦਾ ਹੈ ਤਾਂ ਮਾਲਕ ਨੂੰ ਦੋਸ਼ ਮੰਨਿਆ ਜਾਵੇਗਾ।

ਇਸ ਦੌਰਾਨ ਸਰਕਾਰੀ ਰਿਹਾਇਸ਼ਾਂ 'ਚ ਅਣਅਧਿਕਾਰਤ ਤੌਰ ਉੱਤੇ ਰਹਿਣ ਵਾਲਿਆਂ ਖਿਲਾਫ ਜਲਦੀ ਕਾਰਵਾਈ ਕਰਨ ਵਾਲਾ ਬਿੱਲ ਲੋਕ ਸਭਾ 'ਚ ਪਾਸ ਹੋ ਗਿਆ। ਸਰਕਾਰੀ ਸਥਾਨਾਂ (ਅਣਅਧਿਕਾਰਤ ਤੌਰ 'ਤੇ ਰਹਿਣ ਵਾਲਿਆਂ ਦੀ ਬੇਦਖਲੀ) ਸੋਧ ਬਿੱਲ, 2019 'ਤੇ ਚਰਚਾ ਦਾ ਜਵਾਬ ਦਿੰਦਿਆਂ ਕੇਂਦਰੀ ਹਾਊਸਿੰਗ ਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਕਾਨੂੰਨ ਨੂੰ ਅੱਗੇ ਵਧਾਉਣ ਲਈ ਇਹ ਸਹੀ ਸਮਾਂ ਸੀ ਕਿਉਂਕਿ ਕਈ ਸੰਸਦ ਮੈਂਬਰ ਆਪਣੀ ਨਵੀਂ ਰਿਹਾਇਸ਼ ਲਈ ਉਡੀਕ ਕਰ ਰਹੇ ਹਨ। ਉਨ੍ਹਾਂ ਸਦਨ ਨੂੰ ਦੱਸਿਆ ਕਿ ਸਰਕਾਰੀ ਕੋਟੇ ਅਧੀਨ ਆਉਂਦੇ ਕੁੱਲ 15,416 ਰਿਹਾਇਸ਼ੀ ਘਰਾਂ 'ਚੋਂ ਮੌਜੂਦਾ ਸਮੇਂ 3081 ਕੇਸ ਮੁਕੱਦਮੇ ਅਧੀਨ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਲੋਕ ਸਭਾ 'ਚ ਇਹ ਬਿੱਲ ਜ਼ੁਬਾਨੀ ਵੋਟ ਨਾਲ ਪਾਸ ਕੀਤਾ ਗਿਆ।

## ਆਜ਼ਮ ਖਾਨ ਦਾ ਪੁੱਤਰ ਹਿਰਾਸਤ ਪਿੱਛੋਂ ਰਿਹਾਅ

ਲਖਨਊ, 1 ਅਗਸਤ (ਪੋਸਟ ਬਿਊਰੋ)- ਸਮਾਜਵਾਦੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਆਜ਼ਮ ਖਾਨ ਦੀ ਰਾਮਪੁਰ ਵਾਲੀ ਮੁਹੰਮਦ ਅਲੀ ਜੌਹਰ ਯੂਨੀਵਰਸਿਟੀ ਵਿੱਚ ਕੱਲ੍ਹ ਪੁਲਸ ਵੱਲੋਂ ਮਾਰੇ ਛਾਪੇ ਦੌਰਾਨ ਸਰਕਾਰੀ ਕਾਰਵਾਈ 'ਚ ਵਿਘਨ ਪਾਉਣ ਦੇ ਦੋਸ਼ 'ਚ ਪੁਲਸ ਨੇ ਆਜ਼ਮ ਖਾਨ ਦੇ ਵਿਧਾਇਕ ਪੁੱਤਰ ਨੂੰ ਹਿਰਾਸਤ 'ਚ ਲੈ ਲਿਆ।

ਪੁਲਸ ਦੇ ਦੱਸਣ ਅਨੁਸਾਰ ਸਮਾਜਵਾਦੀ ਪਾਰਟੀ ਦੇ ਵਿਧਾਇਕ ਅਬਦੁੱਲਾ ਖਾਨ ਨੇ ਯੂਨੀਵਰਸਿਟੀ ਵਿੱਚ ਛਾਪੇ ਦੌਰਾਨ ਸਰਕਾਰੀ ਡਿਊਟੀ 'ਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ, ਜਿਸ ਤਹਿਤ ਉਨ੍ਹਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਆਜ਼ਮ ਖਾਨ ਉਕਤ ਯੂਨੀਵਰਸਿਟੀ ਦੇ ਮੋਢੀ ਅਤੇ ਚਾਂਸਲਰ ਹਨ। ਪੁਲਸ ਅਨੁਸਾਰ ਯੂਨੀਵਰਸਿਟੀ ਦੀ ਲਾਇਬ੍ਰੇਰੀ 'ਚੋਂ ਚੋਰੀ ਦੀਆਂ 2500 ਕਿਤਾਬਾਂ ਮਿਲੀਆਂ ਹਨ ਅਤੇ ਕੱਲ੍ਹ ਤੋਂ ਤਲਾਸ਼ੀ ਮੁਹਿੰਮ ਅਜੇ ਜਾਰੀ ਹੈ। ਉਨ੍ਹਾਂ ਦੱਸਿਆ ਕਿ ਬਰਾਮਦ ਕੀਤੀਆਂ ਕਿਤਾਬਾਂ ਪੁਰ-ਾਤਨ ਤੇ ਦੁਰਲੱਭ ਹਨ। ਵਰਨਣ ਯੋਗ ਹੈ ਕਿ ਮਦਰੱਸਾ ਆਲੀਆ, ਜੋ 250 ਸਾਲ ਪੁਰਾਣਾ ਹੈ, ਨੂੰ ਅੱਜ ਕੱਲ੍ਹ ਓਰੀਐਂਟੀਅਲ ਕਾਲਜ ਰਾਮਪੁਰ ਕਿਹਾ ਜਾਂਦਾ ਹੈ, ਦੇ ਪ੍ਰਿੰਸੀਪਲ ਜ਼ੁਬੇਰ ਖਾਨ ਦੀ ਸ਼ਿਕਾਇਤ 'ਤੇ ਪੁਲਸ ਨੇ 16 ਜੂਨ ਨੂੰ ਜਾਂਚ ਸ਼ੁਰੂ ਕੀਤੀ ਸੀ। ਪ੍ਰਿੰ. ਜ਼ੁਬੇਰ ਖਾਨ ਦਾ ਦੋਸ ਸੀ ਕਿ ਕਾਲਜ 'ਚੋਂ 9000 ਕਿਤਾਬਾਂ ਨੂੰ ਚੋਰੀ ਕਰਕੇ ਜੌਹਰ ਯੂਨੀਵਰਸਿਟੀ ਦੀ ਲਾਇਬ੍ਰੇਰੀ ਲਿਜ-ਾਇਆ ਗਿਆ ਹੈ। ਆਜ਼ਮ ਦੇ ਪੁੱਤਰ ਨੂੰ ਬਾਅਦ ਵਿੱਚ ਛੱਡ ਦਿੱਤਾ ਗਿਆ ਹੈ।














# ਪਾਣੀ ਦੀ ਸਮੱਸਿਆ ਅਤੇ ਹੱਲ



ਸ਼ਿਨਾਗ ਸਿੰਘ ਸੰਧੂ
ਸ਼ਮਿੰਦਰ ਕੌਰ ਰੰਧਾਵਾ
ਮੋ: 97816-93300



ਪਾਣੀ ਸਾਡੀ ਜਿੰਦਗੀ ਦਾ ਅਨਮੋਲ ਖਜ਼ਾਨਾ ਹੈ।ਅਸੀਂ ਇਹਦੀ ਵਰਤੋਂ ਸੰਜਮ ਨਾਲ ਨਹੀਂ ਕਰਦੇ ਜਿਵੇ ਬੁਰਸ਼ ਕਰਨ ,ਨਹਾਉਣ ਵੇਲੇ, ਵਾਹਨ ਧੋਣ,ਪਸ਼ੂਆਂ ਨੂੰ ਨਹਾਉਣ ਝੋਨਾ ਲਾਉਣ ਅਤੇ ਘਰਾਂ ਦੇ ਫਰਸ਼ ਧੋਣ ਵੇਲੇ।ਪਬਲਿਕ ਥਾਵਾਂ ਅਤੇ ਘਰਾ ਵਿੱਚ ਪਾਣੀ ਸਪਲਾਈ ਕਰਨ ਵਾਲੀਆ ਪਾਈਪਾ ਅਤੇ ਟੂਟੀਆਂ ਰਾਹ ਵਿੱਚ ਅਕਸਰ ਹੀ ਲੀਕ ਹੋਣ ਕਰਕੇ ਟੈਂਕੀ ਖਤਮ ਹੋਣ ਤੱਕ ਪਾਣੀ ਵਗਦਾ ਰਹਿੰਦਾ ਹੈ।ਘਰਾਂ ਵਿੱਚ ਵੀ ਬਾਰਿਸ਼ ਦਾ ਪਾਣੀ ਸਟੋਰ ਕਰਕੇ ਫੁੱਲਾਂ ਅਤੇ ਸਬਜ਼ੀਆਂ ਨੂੰ ਦਿੱਤਾ ਜਾ ਸਕਦਾ ਹੈ ਪਰ ਜਾਗਰੂਕਤਾ ਦੀ ਅਣਹੋਂਦ ਕਰਕੇ ਲੋਕ ਅਜਿਹਾ ਨਹੀਂ ਕਰਦੇ। ਪਾਣੀ ਦਾ ਵਿਸ਼ਾ ਏਨਾ ਗੰਭੀਰ ਅਤੇ ਚਿੰਤਾਜਨਕ ਹੋਣ ਦੇ ਬਾਵਜੂਦ ਵੀ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ।

ਕੇਂਦਰ ਸਰਕਾਰ ਦੀਆਂ ਰਿਪੋਰਟਾ ਅਨੁਸਾਰ ਪੰਜਾਬ ਖੇਤੀ ਉਦਯੋਗ ਅਤੇ ਘਰੇਲੂ ਵਰਤੋਂ ਲਈ ਧਰਤੀ ਹੇਠਲਾ ਪਾਣੀ ਤੇਜ਼ ਰਫਤਾਰ ਨਾਲ ਕੱਢਿਆ ਜਾ ਰਿਹਾ ਹੈ। ਪਰ ਬਰਸਾਤ ਤੋਂ ਮਿਲਣ ਵਾਲੇ ਪਾਣੀ ਨੂੰ ਸੰਭਾਲਣ ਲਈ ਯਤਨ ਨਹੀਂ ਕੀਤੇ ਜਾਂਦੇ।ਜੇ ਪਾਣੀ ਨੂੰ ਧਰਤੀ ਹੇਠ ਰਿਸਾਉਣ (ਰੀਚਾਰਜ਼) ਲਈ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਪਾਣੀ ਦੀ ਬੂੰਦ-ਬੂੰਦ ਨੂੰ ਤਰਸ ਜਾਵੇਗਾ।ਪਿਛਲੇ ਦਿਨੀ ਨੀਤੀ ਅਯੋਗ ਵੱਲੋਂ ਰਿਪੋਰਟ ਜਾਰੀ ਕੀਤੀ ਗਈ ਸੀ ਕਿ 2020 ਤੱਕ 21 ਸ਼ਹਿਰਾ ਵਿੱਚ ਪਾਣੀ ਦਾ ਸੰਕਟ ਪੈਦਾ ਹੋ ਸਕਦਾ ਹੈ।ਜਿਨ੍ਹਾਂ ਵਿੱਚ ਪੰਜ ਸ਼ਹਿਰ ਪੰਜਾਬ ਦੇ ਵੀ ਸ਼ਾਮਿਲ ਹਨ।ਕੇਂਦਰੀ ਟ੍ਰਿਬਿਊਨਲ ਨੇ ਰਿਪੋਰਟ 'ਚ ਕਿਹਾ ਸੀ ਕਿ ਸੰਨ 2025 ਤੱਕ ਪਾਣੀ 300-400 ਮੀਟਰ ਦੀ ਡੂੰਘਾਈ ਤੱਕ ਪਾਣੀ ਖਤਮ ਹੋ ਜਾਵੇਗਾ।ਵੇਖਦੇ ਹੀ ਵੇਖਦੇ ਨਲਕਿਆ ਦੀ ਡੂੰਘਾਈ ਪੰਜ ਛੇ ਫੁੱਟ ਤੋਂ ਸਾਢੇ ਤਿੰਨ ਸੋ ਚਾਰ ਸੋ ਚਲੀ ਗਈ।ਆਉਣ ਵਾਲੀਆਂ ਪੁਸ਼ਤਾਂ ਲਈ ਪਾਣੀ ਬਿਨ੍ਹਾ ਜਿੰਦਾ ਰਹਿਣਾ ਮੁਸ਼ਕਿਲ ਹੋ ਜਾਵੇਗਾ।ਅਸੀਂ ਚਾਰ ਪੌਦੇ ਲਗਾ ਕੇ ਤਸਵੀਰਾਂ ਖਿਚਾਉਣ ਅਤੇ ਅਖਬਾਰ ਦੀਆਂ ਸੁਰਖੀਆਂ ਬਨਣ ਤੱਕ ਹੀ ਸੀਮਤ ਰਹਿ ਗਏ ਹਾਂ।ਪੌਦੇ ਲਗਾਉਣਾ ਸ਼ਲਾਘਾਯੋਗ ਕੰਮ ਹੈ ਪੌਦੇ ਭਾਵੇ ਥੋੜੇ ਹੀ ਲਗਾਉ ਪਰ ਸਾਂਭ ਸੰਭਾਲ ਕਰਨੀ ਵੀ ਅਤਿ ਜਰੂਰੀ ਹੈ।ਪਰਾਲੀ ਜਾਂ ਨਾੜ ਨੂੰ ਅੱਗ ਲਾਉਂਦੇ ਸਮੇਂ ਬਹੁਤ ਸਾਰੇ ਪੌਦੇ ਅਤੇ ਰੁੱਖ ਸੜ ਜਾਂਦੇ ਹਨ।ਉਸ ਸਮੇਂ ਕੋਈ ਵੀ ਵਿਅਕਤੀ ਭਵਿੱਖ ਦੀ ਚਿੰਤਾਂ ਨਹੀਂ ਕਰਦਾ।ਸਾਂਭ ਸੰਭਾਲ ਲਈ ਸਰਕਾਰਾਂ ਅਤੇ ਲੋਕਾਂ ਨੂੰ ਆਪਸ ਵਿੱਚ ਮਿਲ ਕੇ ਸ਼ਿੱਦਤ ਨਾਲ ਕੰਮ ਕਰਨ ਦੀ ਲੋੜ ਹੈ।

ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਦੁਆਰਾ ਸਰਕਾਰੀ ਅਧਿਕਾਰੀਆ ਅਤੇ ਜਨਤਾ ਦੇ ਸਹਿਯੋਗ ਨਾਲ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਕੁਝ ਕਦਮ ਅਮਲ ਵਿੱਚ ਲਿਆਕੇ ਕਾਰਗਰ ਸਿੱਧ ਹੋ ਸਕਦੇ ਹਨ।

ਆਮ ਕਰਕੇ ਵੇਖਣ ਵਿਚ ਆਇਆ ਹੈ ਕਿ ਜਿਆਦਾਤਰ ਮੀਟਿੰਗਾਂ ਉੱਚ ਅਧਿਕਾਰੀਆਂ ਨਾਲ ਕੀਤੀਆ ਜਾਂਦੀਆ ਹਨ ਜਿਸ ਵਿੱਚ ਜ਼ਿਆਦਾਤਰ ਕਾਗਜ਼ੀ ਕਾਰਵਾਈ ਹੀ ਪੂਰੀ ਕੀਤੀ ਜਾਂਦੀ ਹੈ ਪਰ ਅਸਲੀਅਤ ਕੁੱਝ ਹੋਰ ਹੁੰਦੀ ਹੈ।ਇਹ ਮੀਟਿੰਗ ਬਲਾਕ ਪੱਧਰ ਦੇ ਅਧਿਕਾਰੀਆਂ ਨਾਲ ਕੀਤੀ ਜਾਣੀ ਚਾਹੀਦੀ ਹੈ ਅਤੇ ਪਰੈਕਟੀਕਲ ਕੰਮ ਦੀ ਰਿਪੋਰਟ ਮੰਗੀ ਜਾਵੇ ਕਿ ਕਿੰਨ੍ਹੇ ਬੂਟੇ ਲਗਾਏ ਹਨ ਅਤੇ ਕਿੰਨ੍ਹੇ ਜਿੰਦਾ ਹਨ ਜਿਨ੍ਹਾਂ ਨੂੰ ਪਾਣੀ ਲਗਾਇਆ ਜਾ ਰਿਹਾ ਹੈ ਅਤੇ ਸਾਭ ਸੰਭਾਲ ਕੀਤੀ ਜਾ ਰਹੀ ਹੈ।ਕਦੇ-ਕਦੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਵਿਅਕਤੀਗਤ ਤੌਰ ਤੇ ਜਾਂਚ ਕੀਤੀ ਜਾਣੀ ਚਾਹੀਦੀ ਹੈ।ਕੋਈ ਵੀ ਵਿਅਕਤੀ ਜਾ ਸੰਸਥਾ ਜੋ ਸਮਾਜ ਭਲਾਈ ਦਾ ਕੰਮ ਅੱਗੇ ਹੋ ਕੇ ਕਰਦੀ ਹੈ ਉਸ ਦਾ ਉਤਸ਼ਾਹ ਵਧਾਉਣ ਲਈ ਸਮੇਂ-ਸਮੇਂ ਤੇ ਉਸ ਦੇ ਕੰਮਾਂ ਨੂੰ ਵਿਚਾਰਦੇ ਹੋਏ ਸਨਮਾਨਿਤ ਵੀ ਕੀਤਾ ਜਾਣਾ ਚਾਹੀਦਾ ਅਤੇ ਲੋੜੀਂਦੀ ਸਹੂਲਤ ਵੀ ਮਹੱਈਆ ਕਰਵਾਉਣੀ ਚਾਹੀਦੀ ਹੈ।

ਵਾਟਰ ਰੀਚਾਰਜ਼ ਲਈ ਇਹ ਮੀਟਿੰਗਾਂ ਬਲਾਕ ਪੱਧਰ ਤੇ ਵੱਖ-ਵੱਖ ਸਰਕਾਰੀ ਅਫਸਰਾਂ ਜਿਵੇਂ ਬਲਾਕ ਡਿਵੈਲਪਮੈਂਟ ਅਫਸਰ,ਬਲਾਕ ਖੇਤੀਬਾੜੀ ਅਫਸਰ,ਬਲਾਕ ਸਿੱਖਿਆ ਅਫਸਰ,ਸੀ.ਡੀ.ਪੀ.ਓ, ਬੈਂਕ ਮੈਨੇਜਰ ,ਬਾਗਬਾਨੀ ਵਿਭਾਗ,ਬਿਜਲੀ ਬੋਰਡ,ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅਤੇ ਪੁਲਿਸ ਮਹਿਕਮੇ ਨਾਲ ਕੀਤੀਆ ਜਾ ਸਕਦੀਆ ਹਨ।ਇਸ ਤੋਂ ਇਲਾਵਾ ਡੇਰਾ ਮੁੱਖੀ ਬਾਬੇ ,ਸੰਪ੍ਰਦਾਵਾਂ ਦੇ ਮੁੱਖੀ,ਸਮਾਜ ਸੇਵੀ ਸੰਸਥਾਵਾਂ ,ਨੌਜੁਆਨ ਕਲੱਬਾਂ, ਐਨ.ਜੀ.ਓ ,ਪੱਤਰਕਾਰ, ਲ਼ੇਖਕ, ਜੀ.ਓ.ਜੀ, ਬਰਫ ਦੇ ਕਾਰਖਨਿਆ ਦੇ ਮਾਲਕ, ਸਰਵਿਸ ਸ਼ਟੇਸ਼ਨ ਅਤੇ ਮੈਰਿਜ ਪੈਲਿਸ ਦੇ ਮਾਲਕ ਪਾਣੀ ਦੀ ਸਮੱਸਿਆ ਦੇ ਹੱਲ ਕਰਨ ਲਈ ਅਹਿਮ ਰੋਲ ਨਿਭਾਅ ਸਕਦੇ ਹਨ।

ਬਲਾਕ ਪੱਧਰ ਦੇ ਅਧਿਕਾਰੀਆਂ ਦੀ ਡਿਊਟੀ ਦੀ ਵੰਡ ਕੰਮਾਂ ਦੇ ਅਧਾਰ ਤੇ ਕਰਕੇ ਇਸ ਮਿਸ਼ਨ ਨੂੰ ਹੋਰ ਸੁਖਾਲਾ ਕੀਤਾ ਜਾ ਸਕਦਾ ਹੈ।ਬਲਾਕ ਡਿਵੈਲਪਮੈਂਟ ਅਤੇ ਪੰਚਾਇਤ ਅਫਸਰ ਪਿੰਡ ਦੀਆਂ ਨਾਲੀਆਂ,ਸੀਵਰੇਜ਼ ਅਤੇ ਛੱਤਾਂ ਦੇ ਪਾਣੀ ਦਾ ਨਿਕਾਸ ਵੇਖੇ।ਬਲਾਕ ਖੇਤੀਬਾੜੀ ਅਫਸਰ ਕਿਸਾਨਾ ਦੇ ਖੇਤਾ ਵਿੱਚ ਵਾਧੂ ਪਾਣੀ ਨੂੰ ਰੀਚਾਰਜ਼ ਕਰਨ ਲਈ ਵਾਟਰ ਹਾਰਵੈਸਟਿੰਗ ਬੋਰ ਦਾ ਪ੍ਰਬੰਧ ਕਰੇ।ਜੇਕਰ ਪਾਣੀ ਜ਼ਹਿਰੀਲਾ ਹੈ ਤਾਂ ਸੀਵਰੇਜ਼ ਟਰੀਟਮੈਂਟ ਪਲਾਂਟ ਦੁਆਰਾ ਸ਼ੁੱਧ ਕਰਕੇ ਪਾਣੀ ਨੂੰ ਧਰਤੀ ਹੇਠ ਰਿਸਾਉਣ ਦਾ ਪ੍ਰਬੰਧ ਕੀਤਾ ਜਾਵੇ।ਚਾਇਲਡ ਡਿਵੈਲਪਮੈਂਟ ਪ੍ਰੋਜੈਕਟ ਅਫਸਰ ਅਤੇ ਬਲਾਕ ਸਿੱਖਿਆ ਅਫਸਰ ਆਪਣੇ ਅਧੀਨ ਆਉਂਦੇ ਸਕੂਲਾਂ ਵਿੱਚ ਪਾਣੀ ਦੇ ਰੀਸਾਉ ਲਈ ਯੋਗ ਕਦਮ ਚੁੱਕੇ ਅਤੇ ਲੋੜੀਂਦੀ ਸਹੂਲਤ ਮੁਹੱਈਆ ਕਰਵਾਈ ਜਾਵੇ।ਬੈਂਕ ਮੈਨੇਜਰ ਨੂੰ ਹਦਾਇਤ ਕੀਤੀ ਜਾਵੇ ਕਿ ਕਰਜ਼ਾ ਦਿੰਦੇ ਸਮੇਂ ਪਾਣੀ ਦੇ ਰਸਾਇਣ ਦੀ ਸ਼ਰਤ ਨੂੰ ਵੀਚਾਰਿਆ ਜਾਵੇ।ਬਾਗਬਾਨੀ ਵਿਭਾਗ ਵੱਧ ਤੋਂ ਵੱਧ ਰੁੱਖਾਂ ਦਾ ਪ੍ਰਬੰਧ ਕਰੇ।ਬਿਜਲੀ ਬੋਰਡ ਬਿਜਲੀ ਦੇ ਖੰਭਿਆਂ ਅਤੇ ਤਾਰਾਂ ਦੀ ਦੇਖਭਾਲ ਕਰਦਾ ਰਹੇ ਤਾਂ ਜੋ ਰੁੱਖਾਂ ਅਤੇ ਪੋਦਿਆਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਹੋ ਸਕੇ।ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪਾਣੀ ਦੀ ਸਪਲਾਈ ਦੀਆਂ ਪਾਇਪਾਂ ਨੂੰ ਸਮੇਂ-ਸਮੇਂ ਸਿਰ ਚੈਕ ਕਰਨਾ ਨਿਸ਼ਚਿਤ ਕਰੇ ਤਾਂ ਜੋ ਪਾਣੀ ਦੀ ਬਰਬਾਦੀ ਨਾ ਹੋ ਸਕੇ।ਸਿਹਤ ਵਿਭਾਗ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਹਤ ਸਬੰਧੀ ਸੈਮੀਨਾਰ ਲਗਾਵੇ।ਪੁਲਿਸ ਮਹਿਕਮਾਂ ਉਹਨਾਂ ਸ਼ਰਾਰਤੀ ਅਨਸਰਾਂ ਤੇ ਨਿਗਰਾਨੀ ਰੱਖੇ ਅਤੇ ਸਖਤ ਕਾਰਵਾਈ ਕਰੇ ਜੋ ਰੁੱਖਾ, ਟਰੀਟਮੈਂਟ ਪਲਾਂਟ ਅਤੇ ਟੂਟੀਆਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਪਹੁੰਚਾਉਂਦੇ ਹਨ।ਇਸ ਤਰ੍ਹਾਂ ਜੇਕਰ ਕੰਮਾਂ ਦੀ ਵੰਡ ਕਰ ਦਿੱਤੀ ਜਾਵੇ ਤਾਂ ਪਾਣੀ ਰੀਚਾਰਜ਼ ਦੀ ਪ੍ਰਕ੍ਰਿਆ ਦਾ ਕੰਮ ਬਹੁਤ ਸੁਖਾਲਾ ਹੋ ਜਾਵੇਗਾ।ਡੇਰਾ ਮੁੱਖੀ ਅਤੇ ਸੰਪ੍ਰਦਾਵਾਂ ਦੇ ਮੁੱਖੀਆਂ ਕੋਲ ਅਥਾਹ ਪੈਸਾ ਹੁੰਦਾ ਹੈ ਜਿਸ ਨਾਲ ਉਹ ਗੁਰਦੁਵਾਰੇ ਅਤੇ ਗੇਟ ਬਣਾਉਣ ਤੇ ਲੱਖਾਂ ਕਰੋੜਾਂ ਰੁਪਏ ਖਰਚ ਕਰ ਦਿੰਦੇ ਹਨ।ਪਰ ਇਸ ਦਾ ਜਨਤਾ ਦੀ ਭਲਾਈ ਤੇ ਜਿਆਦਾ ਅਸਰ ਨਹੀਂ ਹੁੰਦਾ ਸਗੋਂ ਇਸ ਪੈਸੇ ਨਾਲ ਲੋੜੀਂਦੇ ਥਾਵਾਂ ਤੇ ਵਾਟਰ ਹਾਰਵੈਸਟਿੰਗ ਬੋਰ ਕਰਵਾ ਕੇ ਧਰਤੀ ਹੇਠਾ ਪਾਣੀ ਸਟੋਰ ਕਰਨ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ ਜਿਸ ਤੇ ਕਿ ਸਿਰਫ ਵੱਧ ਤੋਂ ਵੱਧ ਪੰਜਾਹ ਸੱਠ ਹਜ਼ਾਰ ਰੁਪਏ ਦੀ ਲਾਗਤ ਹੀ ਆਉਂਦੀ ਹੈ।ਲੇਖਕ ਅਤੇ ਪੱਤਰਕਾਰਾ ਵੱਲੋਂ ਦਿੱਤੇ ਗਏ ਯੋਗ ਸੁਝਾਅ ਵੀ ਅਮਲ ਵਿੱਚ ਲਿਆਂਦੇ ਜਾ ਸਕਦੇ ਹਨ।ਬਰਫ ਦੇ ਕਾਰਖਾਨਿਆ ਦੇ ਮਾਲਕਾ, ਸਰਵਿਸ ਸ਼ਟੇਸ਼ਨ, ਮੈਰਿਜ਼ ਪੈਲੇਸ ਅਤੇ ਹੋਟਲ ਦੇ ਮਾਲਕਾ ਨੂੰ ਵਾਟਰ ਹਾਰਵੈਸਟਿੰਗ ਬੋਰ ਲਈ ਨੋਟਿਸ ਕੱਢੇ ਜਾ ਸਕਦੇ ਹਨ।

ਪਾਣੀ ਦੀ ਸਾਭ ਸੰਭਾਲ ਲਈ ਰਿਵਾਇਤੀ ਤੇ ਅਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।ਬਰਸਾਤ ਦੇ ਦਿਨਾ ਵਿੱਚ ਕੰਡੀ ਇਲਾਕੇ ਵਿੱਚ ਵੱਡੀ ਪੱਧਰ ਤੇ ਚੈਕ ਡੈਮ ਬਣਾ ਕੇ ਵੱਲ-ਵੱਖ ਥਾਵਾਂ ਤੇ ਨਦੀਆਂ ਅਤੇ ਨਾਲਿਆਂ ਦੇ ਪਾਣੀ ਨੂੰ ਰੋਕ ਕੇ ਵੱਧ ਤੋਂ ਵੱਧ ਪਾਣੀ ਧਰਤੀ ਹੇਠ ਰਸਾਇਆ ਜਾ ਸਕਦਾ ਹੈ।ਵਾਟਰ ਹਾਰਵੈਸਟਿੰਗ ਬੋਰ ਕਰਵਾ ਕੇ ਪਾਣੀ ਨੂੰ ਰੀਚਾਰਜ਼ ਕੀਤਾ ਜਾ ਸਕਦਾ ਹੈ।ਪਰ ਜਿੱਥੇ ਪਾਣੀ ਲੋੜ ਤੋਂ ਵੱਧ ਗੰਦਾ ਤੇ ਜ਼ਹਿਰੀਲਾ ਹੈ ਜਾਂ ਝੋਨੇ ਦਾ ਕੀਟਨਾਸ਼ਕ ਦਵਾਈਆਂ ਵਾਲਾ ਪਾਣੀ ਹੈ ਉੱਥੇ ਪਾਣੀ ਨੂੰ ਧਰਤੀ ਹੇਠ ਸਿੱਧਾ ਰੀਚਾਰਜ਼ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਪਾਣੀ ਜਦੋਂ ਧਰਤੀ ਹੇਠਲੇ ਪਾਣੀ ਨਾਲ ਮਿਲੇਗਾ ਤਾਂ ਪੀਣ ਵਾਲੇ ਪਾਣੀ ਨੂੰ ਵੀ ਦੂਸ਼ਿਤ ਕਰੇਗਾ।ਫਲਸਰੂਪ ਪਾਣੀ ਵਿੱਚ ਰਹਿਣ ਵਾਲੇ ਜੀਵ ਜੰਤੂਆਂ ਅਤੇ ਮਨੁੱਖਾਂ ਲਈ ਲੰਬੇ ਸਮੇਂ ਤੱਕ ਜਿੰਦਾ ਰਹਿਣਾ ਮੁਸ਼ਕਿਲ ਹੋ ਜਾਵੇਗਾ ਅਤੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਪੈਦਾ ਹੋਣਗੀਆ ।ਜਿੱਥੇ ਅਜਿਹੀ ਸਮੱਸਿਆ ਹੈ ਉਥੇ ਨਾਲ ਸੀਵਰੇਜ਼ ਟਰੀਟਮੈਂਟ ਪਲਾਂਟ ਵੀ ਲਗਾਇਆ ਜਾਵੇ ਤਾ ਜੋ ਧਰਤੀ ਹੇਠ ਸ਼ੁੱਧ ਪਾਣੀ ਦਾ ਰੀਚਾਰਜ਼ ਹੋ ਸਕੇ।

ਸ਼ਹਿਰਾ ਅਤੇ ਪਿੰਡਾਂ ਵਿੱਚ ਇਮਾਰਤਾਂ ਦੀਆਂ ਛੱਤਾ ਤੇ ਪਾਣੀ ਨੂੰ ਜ਼ਮੀਨ ਹੇਠਾ ਰਸਾਉਣ ਲਈ ਲੋੜੀਂਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ।ਗਰੀਬ ਵਰਗ ਦੇ ਘਰਾਂ ਦੇ ਨੇੜੇ ਇੱਕਠੇ ਹੋਏ ਪਾਣੀ ਨੂੰ ਰਸਾਉਣ ਲਈ ਸਰਕਾਰ ਵੱਲੋਂ ਯੋਗ ਕਦਮ ਚੁੱਕੇ ਜਾਣੇ ਚਾਹੀਦੇ ਹਨ।ਜਿਨ੍ਹੀ ਹੋ ਸਕੇ ਮਾਲੀ ਸਹਾਇਤਾ ਵੀ ਕਰਨੀ ਚਾਹੀਦੀ ਹੈ।ਇੱਕਲੇ ਕਿਸਾਨਾ ਨੂੰ ਹੀ ਪਾਣੀ ਦੀ ਕਿਲਤ ਦਾ ਜਿੰਮੇਵਾਰ ਠਹਿਰਾਇਆ ਨਹੀਂ ਜਾ ਸਕਦਾ।ਅਸਲੀਅਤ ਇਹ ਹੈ ਕਿ ਇਸ ਵਿੱਚ ਸੰਸਥਾਵਾ,ਵਿਅਕਤੀ,ਸਨਅਤਕਾਰ ਅਤੇ ਵਿਗਿਆਨੀ ਵੀ ਸ਼ਾਮਿਲ ਹਨ।ਝੋਨੇ ਤੋਂ ਇਲਾਵਾ ਬਦਲਵੀਆਂ ਵਪਾਰਕ ਫਸਲਾਂ ਦਾ ਸਰਕਾਰ ਵੱਲੋਂ ਘੱਟ ਤੋਂ ਘੱਟ ਸਮੱਰਥਨ ਮੁੱਲ ਤੈਹ ਕੀਤਾ ਜਾਣਾ ਚਾਹੀਦਾ ਹੈ।ਮੰਡੀਕਰਨ ਦਾ ਢੁਕਵਾ ਪ੍ਰਬੰਧ ਹੋਣਾ ਚਾਹੀਦਾ ਤਾਂ ਜੋ ਕਿਸਾਨਾ ਦੇ ਮਨਾਂ ਵਿੱਚ ਬਦਲਵੀਆਂ ਫਸਲਾਂ ਦਾ ਰੁਝਾਨ ਵੱਧ ਸਕੇ।

ਬੂੰਦ-ਬੂੰਦ ਮਿਲ ਕੇ ਹੀ ਸਾਗਰ ਬਣਦਾ ਹੈ। ਇਸ ਲਈ ਜੀਵਨ ਦੇ ਕਲਿਆਣਕਾਰੀ ਕੰਮਾਂ ਲਈ ਕੋਈ ਵੀ ਇੱਕਲਾ ਵਿਅਕਤੀ ਕਾਮਯਾਬ ਨਹੀਂ ਹੋ ਸਕਦਾ।ਦੇਸ਼ ਦੇ ਹਰੇਕ ਨਾਗਰਿਕ ਨੂੰ ਆਪਣੀ ਨਿੱਜੀ ਜ਼ਿੰਮੇਵਾਰੀ ਸਮਝਦੇ ਹੋਏ ਇਸ ਕੰਮ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ।ਇਹ ਹਰੇਕ ਵਿਅਕਤੀ ਦੀਆਂ ਆਉਣ ਵਾਲੀਆਂ ਪੁਸ਼ਤਾਂ ਦਾ ਸਵਾਲ ਹੈ।ਆਓ ਇੱਕਜੁੱਟ ਹੋ ਕੇ ਪਾਣੀ ਦੀ ਸਾਂਭ ਸੰਭਾਲ ਕਰਨ ਲਈ ਮੂਹਰੇ ਹੋ ਕੇ ਯੋਗਦਾਨ ਪਾਈਏ ਤਾਂ ਜੋ ਆਉਣ ਵਾਲੀਆਂ ਪੀੜੀਆ ਵੀ ਆਪਣੇ ਵੱਡਿਆ ਤੇ ਫ਼ਖ਼ਰ ਮਹਿਸੂਸ ਕਰਨ।

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

ਸੰਤ ਰਾਮਪਾਲ ਜੀ ਮਹਾਰਾਜ ਰੂਹਾਨੀ ਵਿਚਾਰ ਲਈ ਬਰੈਂਪਟਨ ਆ ਰਹੇ ਹਨ
Sunday, September 1, 2019 from 10am to 12pm
Venue: 31 Kilkarrin Rd, Brampton, ON L7A 4C6

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਮਨੁਖਾ ਫਰਜ਼ ਨਿਭਾਣਾ ਧਰਮ ਹੈ ਤਾਂ ਫਿਰ ਇਨਾਮ ਕਾਹਦਾ?



ਜਸਵੰਤ ਸਿੰਘ 'ਅਜੀਤ'

ਸੜਕ ਦੁਰਘਟਨਾਵਾਂ ਦਾ ਸ਼ਿਕਾਰ ਹੋਏ ਜ਼ਖਮੀਆਂ ਦੀ ਮਦਦ ਕਰਨ ਵਾਲੇ ਕਿਸੇ ਕਾਨੂੰਨੀ ਪਚੜੇ ਵਿੱਚ ਨਾ ਫਸ ਸਕਨ ਇਸ ਗਲ ਨੂੰ ਮਹਿਸੂਸ ਕਰਦਿਆਂ ਕਾਫੀ ਸਮਾਂ ਪਹਿਲਾਂ ਹੀ ਦੇਸ਼ ਦੀ ਸਰਵੁੱਚ ਅਦਾਲਤ, ਸੁਪ੍ਰੀਮ ਕੋਰਟ ਨੇ ਇਹ ਫੈਸਲਾ ਦੇ ਦਿੱਤਾ ਸੀ ਕਿ ਜੋ ਲੋਕੀ ਮਨੁਖੀ ਕਦਰਾਂ-ਕੀਮਤਾਂ ਦਾ ਸਨਮਾਨ ਕਰਦਿਆਂ, ਸੜਕ ਦੁਰਘਟਨਾ ਦਾ ਸ਼ਿਕਾਰ ਹੋਏ ਕਿਸੇ ਵਿਅਕਤੀ ਨੂੰ ਹਸਪਤਾਲ ਪਹੰਚਾਂਦੇ ਹਨ, ਤਾਂ ਕੇਵਲ ਨਾਂ-ਪਤਾ ਹੀ ਪੁਛ, ਉਨ੍ਹਾਂ ਨੂੰ ਜਾਣ ਦਿੱਤਾ ਜਾਇਆ ਕਰੇ। ਅਦਾਲਤ ਨੇ ਇਹ ਵੀ ਕਿਹਾ ਕਿ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਣ ਵਾਲਿਆਂ ਪਾਸੋਂ ਹਸਪਤਾਲ ਕੋਈ ਫੀਸ ਨਹੀਂ ਲਏਗਾ ਅਤੇ ਨਾ ਹੀ ਉਨ੍ਹਾਂ ਨੂੰ ਬਿਨਾ ਕਾਰਣ ਰੋਕਿਆ ਜਾਇਗਾ। ਮਦਦ ਕਰਨ ਵਾਲੇ ਦੀ ਕੋਈ ਅਪਰਾਧਕ ਜ਼ਿਮੇਂਦਾਰੀ ਨਹੀਂ ਹੋਵੇਗੀ। ਦਿੱਲੀ ਸਰਕਾਰ ਵਲੋਂ ਬੀਤੇ ਵਰ੍ਹੇ ਸ਼ੁਰੂ ਕੀਤੀ ਗਈ ਇਸ ਯੋਜਨਾ ਦੇ ਅਧੀਨ ਜ਼ਖਮੀਆਂ ਦੀ ਸਹਾਇਤਾ ਕਰਨ ਵਾਲਿਆਂ ਨੂੰ ਸਰਕਾਰ ਵਲੋਂ ਦੋ ਹਜ਼ਾਰ ਰੁਪਏ ਦੇ ਨਕਦ ਇਨਾਮ ਦੇ ਨਾਲ ਹੀ ਇੱਕ ਪ੍ਰਸ਼ੰਸਾ ਪਤ੍ਰ ਵੀ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਸੀ। ਪਰ ਲੋਕੀ ਇਹ ਆਖ, ਇਨਾਮ ਲੈਣ ਤੋਂ ਇਨਕਾਰ ਕਰ ਦਿੰਦੇ ਹਨ ਕਿ ਕਿਸੇ ਦੀ ਮਦਦ ਕਰਨਾ ਉਨ੍ਹਾਂ ਲਈ ਧਰਮ ਦਾ ਕੰਮ ਹੈ। ਧਰਮ ਦੇ ਕੰਮ ਲਈ ਇਨਾਮ ਕਾਹਦਾ?

ਇਸਤਰ੍ਹਾਂ ਦਿੱਲੀ ਦੇ ਲੋਕਾਂ ਨੇ ਸਾਬਤ ਕਰ ਦਿੱਤਾ ਕਿ ਉਹ ਸੱਚੇ ਦਿਲਵਾਲੇ ਹਨ। ਉਹ ਲੋਕੀ ਨਾ ਕੇਵਲ ਸੜਕ ਦੁਰਘਟਾਨਾਵਾਂ ਵਿੱਚ ਜ਼ਖਮੀ ਹੋਣ ਵਾਲਿਆਂ ਦੀ ਮਦੱਦ ਕਰਨ ਲਈ ਅੱਗੇ ਆਉਂਦੇ ਹਨ, ਸਗੋਂ ਬਦਲੇ ਵਿੱਚ ਕੋਈ ਮਦੱਦ ਲੈਣਾ ਵੀ ਨਹੀਂ ਚਾਹੁੰਦੇ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਸਿਆ ਕਿ ਬੀਤੇ ਇੱਕ ਸਾਲ ਦੇ ਦੌਰਾਨ ਲਗਭਗ ਢਾਈ ਹਜ਼ਾਰ ਅਜਿਹੇ ਮਾਮਲੇ ਸਾਹਮਣੇ ਆਏ ਹਨ, ਜਦੋਂ ਲੋਕਾਂ ਨੇ ਸੜਕ ਦੁਰਘਟਨਾਵਾਂ ਦੇ ਸ਼ਿਕਾਰ ਜ਼ਖਮੀਆਂ ਦੀ ਮਦੱਦ ਕੀਤੀ ਤੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ। ਪ੍ਰੰਤੂ ਇਨ੍ਹਾਂ ਵਿਚੋਂ ਕੇਵਲ ਸੌ-ਕੁ ਲੋਕਾਂ ਨੇ ਹੀ ਇਨਾਮ ਦੀ ਰਕਮ ਲਈ। ਬਾਕੀ ਸਾਰਿਆਂ ਨੇ ਇਨਾਮ ਲੈਣ ਤੋਂ ਇਨਕਾਰ ਕਰ ਦਿੱਤਾ। ਕੇਜਰੀਵਾਲ ਨੇ ਦਸਿਆ ਕਿ ਇਹ ਅੰਕੜੇ ਉਨ੍ਹਾਂ ਨੇ ਦਿੱਲੀ ਦੇ ਸਾਰੇ ਵੱਡੇ-ਛੋਟੇ ਹਸਪਤਾਲਾਂ ਦੇ ਅਧਿਕਾਰੀਆਂ ਨਾਲ ਹੋਈਆਂ ਬੈਠਕਾਂ ਵਿੱਚ ਇਕੱਠੇ ਕੀਤੇ ਹਨ।

ਕੌਮੀ ਖਿਡਾਰਨ : ਦਿਹਾੜੀਦਾਰ ਮਜ਼ਦੂਰ : ਉਤਰਾਖੰਡ ਕ੍ਰਿਕਟ ਟੀਮ ਦੇ ਨਾਲ ਕੌਮੀ ਮੁਕਾਬਲਿਆਂ ਵਿੱਚ ਹਿਸਾ ਲੈ ਚੁਕੀ ਰਾਮ ਨਗਰ ਦੀ 25 ਵਰ੍ਹਿਆਂ ਦੀ ਜਾਨਕੀ ਮਹਿਰਾ ਸਰਕਾਰ ਵਲੋਂ ਨਜ਼ਰ-ਅੰਦਾਜ਼ ਕਰ ਦਿੱਤੇ ਜਾਣ ਦੇ ਚਲਦਿਆਂ, ਅਜ-ਕਲ ਦਿਹਾੜੀਦਾਰ ਮਜ਼ਦੂਰ ਵਜੋਂ ਕੰਮ ਕਰਨ ਤੇ ਮਜਬੂਰ ਹੋ ਰਹੀ ਹੈ। ਕਿਹਾ ਜਾਂਦਾ ਹੈ ਕਿ ਗਰੀਬੀ ਨੇ ਪਹਿਲਾਂ ਉਸਦਾ ਖੇਡਾਂ ਨਾਲੋਂ ਨਾਤਾ ਤੁੜਵਾਇਆ, ਫਿਰ ਪੜ੍ਹਾਈ ਵੀ ਛੁਡਵਾ ਦਿੱਤੀ। ਇਹ ਉਭਰਦੀ ਆਲ-ਰਾਉਂਡਰ ਮੁਟਿਆਰ ਹੁਣ ਆਪਣੀ ਮੂਕ ਗੂੰਗੀ ਮਾਂ ਅਤੇ ਪਰਿਵਾਰ ਦੇ ਚਾਰ ਜੀਆਂ ਦੇ ਪਾਲਣ-ਪੋਸ਼ਣ ਦੀ ਜ਼ਿਮੇਂਦਾਰੀ ਨਿਭਾਣ ਲਈ ਰੋਜ਼ 8 ਤੋਂ 10 ਘੰਟੇ ਤਕ ਹੋਟਲਾਂ ਵਿੱਚ ਮਜ਼ਦੂਰੀ ਕਰਨ ਤੇ ਮਜਬੂਰ ਹੋ ਰਹੀ ਹੈ। ਵਧੀਆ ਬੱਲੇ-ਬਾਜ਼ੀ ਅਤੇ ਗੇਂਦਬਾਜ਼ੀ ਦੇ ਦਮ ਪੁਰ ਉਹ ਸੰਨ 2010, 2011 ਅਤੇ 2012 ਵਿੱਚ ਉਤਰਾਖੰਡ ਟੀਮ ਦਾ ਹਿਸਾ ਬਣ, ਰਾਸ਼ਟਰੀ ਮੁਕਾਬਲਿਆਂ ਵਿੱਚ ਨਿਤਰੀ ਸੀ। ਇਸ ਦੌਰਾਨ ਉਸਦੀ ਟੀਮ ਨੇ ਦਿੱਲੀ ਵਰਗੀ ਮਜ਼ਬੂਤ ਟੀਮ ਤਕ ਨੂੰ ਵੀ ਵੱਡੇ ਫਰਕ ਨਾਲ ਹਰਾਇਆ ਸੀ। ਉਸਨੇ ਦਸਿਆ ਕਿ ਪੜ੍ਹਾਈ ਦੇ ਦੌਰਾਨ ਅਧਿਆਪਕ ਸ਼ੈਲੇਂਦਰ ਕੁਮਾਰ ਦੇ ਸਹਿਯੋਗ ਸਦਕਾ ਉਹ ਤਿੰਨ ਵਾਰ ਕੌਮੀ ਮੁਕਾਬਲਿਆਂ ਵਿੱਚ ਹਿਸਾ ਲੈ ਸਕੀ ਸੀ। ਪ੍ਰੰਤੂ ਪਰਿਵਾਰ ਦੀ ਆਰਥਕ ਹਾਲਤ ਠੀਕ ਨਾ ਹੋਣ ਕਾਰਣ ਉਸਦੀ ਕ੍ਰਿਕਟ ਅਤੇ ਪੜ੍ਹਾਈ ਦੋਵੇਂ ਹੀ ਛੁੱਟ ਗਈਆਂ। ਜਾਨਕੀ ਦੇ ਕੋਚ ਸ਼ੈਲੇਂਦਰ ਅਨੁਸਾਰ ਸੰਨ 2012 ਦੌਰਾਨ ਜੰਮੂ ਵਿਚ ਆਯੋਜਿਤ ਅੰਤਰ-ਰਾਜੀ ਸਕੂਲ ਟੂਰਨਾਮੈਂਟ ਵਿੱਚ ਜਾਨਕੀ ਨੇ ਛਤੀਸਗੜ੍ਹ ਦੇ ਵਿਰੁਧ ਮੈਚ ਵਿੱਚ ਯਾਦਗਾਰੀ ਪਾਰੀ ਖੇਡੀ ਅਤੇ 4 ਵਿਕਟਾਂ ਲੈਣ ਦੇ ਨਾਲ ਹੀ 25 ਦੌੜਾਂ ਵੀ ਬਣਾਈਆਂ ਸਨ ਅਤੇ ਉਸਦੀ ਵੱਡੀ ਭੈਣ ਅਨੀਤਾ ਨੇ ਨੈਨੀਤਾਲ ਟੀਮ ਨਾਲ ਖੇਡਦਿਆਂ ਸਟੇਟ ਮੁਕਾਬਲੇ ਵਿੱਚ ਅਲਮੋੜਾ ਦੀ ਟੀਮ ਨੂੰ ਭਾਰੀ ਫਰਕ ਨਾਲ ਹਰਾਇਆ ਸੀ। ਜਾਨਕੀ ਮਹਿਰਾ ਨੇ ਇਹ ਵੀ ਦਸਿਆ ਕਿ ਸੰਨ 2012 ਵਿੱਚ ਇੰਟਰ ਪਾਸ ਕਰਨ ਤੋਂ ਬਾਅਦ ਕਾਲਜ ਵਿੱਚ ਦਾਖਲਾ ਲੈਣ ਲਈ ਉਸ ਕੋਲ ਪੈਸੇ ਨਹੀਂ ਸਨ। ਜਦੋਂ ਉਸਨੇ ਕੁਝ ਲੋਕਾਂ ਕੋਲੋਂ ਮਦਦ ਲਈ ਪੈਸਿਆਂ ਦੀ ਮੰਗ ਕੀਤੀ ਤਾਂ ਉਨ੍ਹਾਂ ਇਹ ਆਖ ਕੇ ਮਦਦ ਕਰਨ ਤੋਂ ਮਨ੍ਹਾ ਕਰ ਦਿਤਾ ਕਿ ਤੂੰ ਇਹ ਪੈਸੇ ਵਾਪਸ ਕਿਵੇਂ ਕਰੇਂਗੀ?

ਇਸਰੋ ਦੇ ਵਿਗਿਆਨਕਾਂ ਦਾ ਸ਼ਿਕਵਾ : ਖਬਰਾਂ ਅਨੁਸਾਰ ਇਸਰੋ ਦੇ ਵਿਗਿਆਨਕਾਂ ਨੇ ਚੰਦਰਯਾਨ-2 ਤੋਂ ਠੀਕ ਪਹਿਲਾਂ ਅਪਣੀਆਂ ਤਨਖਾਹਾਂ ਵਿੱਚ ਕਟੌਤੀ ਕਰ ਦਿਤੇ ਜਾਣ ਤੋਂ ਨਰਾਜ਼ ਹੋ, ਇੱਕ ਚਿੱਠੀ ਲਿਖੀ 2 ਹੈ। ਦਸਿਆ ਗਿਆ ਹੈ ਕਿ ਇਸਰੋ ਵਿਗਿਆਨਕਾਂ ਦੇ ਸੰਗਠਨ, 'ਸਪੇਸ ਇੰਨਜੀਨੀਅਰਸ ਐਸੋਸੀਏਸ਼ਨ' (ਐਸਈਏ) ਨੇ ਇਸ ਸੰਬੰਧ ਵਿੱਚ ਇਸਰੋ ਦੇ ਪ੍ਰਮੁਖ ਡਾ. ਕੇ. ਸ਼ਿਵਨ ਨੂੰ ਲਿਖੇ ਪਤ੍ਰ ਵਿੱਚ ਮੰਗ ਕੀਤੀ ਹੈ ਕਿ ਉਹ ਤਨਖਾਹਾਂ ਵਿੱਚ ਕਟੌਤੀ ਕਰਨ ਵਾਲੇ ਕੇਂਦਰ ਸਰਕਾਰ ਦੇ ਆਦੇਸ਼ ਨੂੰ ਰੱਦ ਕਰਵਾਉਣ ਵਿੱਚ ਸਹਿਯੋਗ ਕਰਨ। ਐਸਈਏ ਨੇ ਦਸਿਆ ਕਿ ਵਿਗਿਆਨਕਾਂ ਕੋਲ ਤਨਖਾਹ ਤੋਂ ਇਲਾਵਾ ਕਮਾਈ ਦਾ ਕੋਈ ਹੋਰ ਸਾਧਨ ਨਹੀਂ ਹੈ। ਇਸਲਈ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਕੀਤੀ ਗਈ ਕਟੌਤੀ ਨੂੰ ਰੱਦ ਕੀਤਾ ਜਾਏ। ਦਸਿਆ ਜਾਂਦਾ ਹੈ ਕਿ ਕੇਂਦਰ ਸਰਕਾਰ ਨੇ 12, ਜੂਨ, 2019 ਨੂੰ ਜਾਰੀ ਕੀਤੇ ਇੱਕ ਆਦੇਸ਼ ਰਾਹੀਂ ਇਸਰੋ ਵਿਗਿਆਨਕਾਂ ਅਤੇ ਇੰਜੀਨੀਅਰਾਂ ਨੂੰ ਸਾਲ 1996 ਤੋਂ ਦੋ ਵਾਧੂ ਤਨਖਾਹ ਵਾਧੇ ਦੇ ਰੂਪ ਵਿੱਚ ਮਿਲ ਰਹੀ ਪ੍ਰੋਤਸਾਹਨ ਅਨੁਦਾਨ ਰਾਸ਼ੀ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ। ਦਸਿਆ ਗਿਆ ਹੈ ਕਿ ਇਹ ਐਲਾਨ ਉਸ ਸਮੇਂ ਕੀਤਾ ਗਿਆ, ਜਦੋਂ ਚੰਦਰਯਾਨ-2 ਪੁਰ ਵਿਗਿਆਨਕਾਂ ਦੀ ਪ੍ਰਾਪਤੀ ਪੁਰ ਸਾਰੇ ਦੇਸ਼ ਵਲੋਂ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਦੇ ਆਦੇਸ਼ ਵਿੱਚ ਕਿਹਾ ਗਿਆ ਹੈ ਕਿ 1 ਜੁਲਾਈ 2019 ਤੋਂ ਇਹ ਪ੍ਰੋਤਸਾਹਨ ਰਾਸ਼ੀ ਨਹੀਂ ਮਿਲੇਗੀ। ਇਸਰੋ ਵਿੱਚ ਇਸ ਸਮੇਂ ਲਗਭਗ 16 ਹਜ਼ਾਰ ਵਿਗਿਆਨਕ ਅਤੇ ਇੰਜੀਨੀਅਰ ਹਨ। ਇਸ ਸਰਕਾਰੀ ਆਦੇਸ਼ ਨਾਲ ਇਸਰੋ ਦੇ ਲਗਭਗ 85 ਤੋਂ 90 ਪ੍ਰਤੀਸ਼ਤ ਵਿਗਿਆਨਕਾਂ ਅਤੇ ਇੰਜੀਨੀਅਰਾਂ ਨੂੰ ਆਪਣੀ ਤਨਖਾਹ ਵਿੱਚ 8 ਤੋਂ 10 ਹਜ਼ਾਰ ਰੁਪਏ ਦਾ ਨੁਕਸਾਨ ਹੋਵੇਗਾ। ਕਿਉਂਕਿ ਬਹੁਤੇ ਵਿਗਿਆਨਕ ਇਨ੍ਹਾਂ ਹੀ ਸ਼੍ਰੇਣੀਆਂ ਵਿੱਚ ਆਉਂਦੇ ਹਨ।

...ਅਤੇ ਅੰਤ ਵਿੱਚ : ਇੱਕ ਸਰਵੇਖਣ ਅਨੁਸਾਰ ਨੋਟ-ਬੰਦੀ ਤੋਂ ਬਾਅਦ ਅਲੀਗੜ੍ਹ ਵਿੱਚ ਘਰੇਲੂ ਲਾਕਰ ਅਤੇ ਤਿਜੋਰੀਆਂ ਬਣਾਉਣ ਵਾਲੀਆਂ ਕੰਪਨੀਆਂ ਦੀ ਵਿਕਰੀ ਵਿੱਚ ਤਿੰਨ ਗੁਣਾਂ ਵਾਧਾ ਹੋ ਗਿਆ ਹੋਇਆ ਹੈ। ਇਸਤ੍ਰੀਆਂ ਬੈਂਕਾਂ ਦੀ ਬਜਾਏ ਘਰ ਦੇ ਹੀ ਲਾਕਰ ਵਿੱਚ ਹੀ ਆਪਣੇ ਗਹਿਣੇ ਆਦਿ ਰਖਣ ਨੂੰ ਬਹੁਤਾ ਪਸੰਦ ਕਰ ਰਹੀਆਂ ਹਨ। ਦਸਿਆ ਗਿਆ ਹੈ ਕਿ ਬੈਂਕਾਂ ਦੀ ਤਰਜ਼ 'ਤੇ ਹੀ ਅਲੀਗੜ੍ਹ ਵਿੱਚ ਛੋਟੀਆਂ ਅਤੇ ਘਰੇਲੂ ਤਜੋਰੀਆਂ ਬਣਾਈਆਂ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਲਗਭਗ ਢਾਈ ਸਾਲ ਪਹਿਲਾਂ ਦੇਸ਼ ਵਿੱਚ ਨੋਟ-ਬੰਦੀ ਤੋਂ ਬਾਅਦ ਘਰਾਂ ਵਿੱਚ ਵਰਤੀਆਂ ਜਾਣ ਵਾਲੀਆਂ ਛੋਟੀਆਂ ਤਜੋਰੀਆਂ ਕਾਫੀ ਪਸੰਦ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਵਿੱਚ ਖਾਸ ਗਲ ਇਹ ਹੈ ਕਿ ਦੀਵਾਰਾਂ ਵਿੱਚ ਫਿਟ ਹੋ ਸਕਣ ਵਾਲੀਆਂ ਤਿਜੋਰੀਆਂ ਦੀ ਮੰਗ ਸਭ ਤੋਂ ਵੱਧ ਵਧੀ ਹੈ। ਇਸਦਾ ਕਾਰਣ ਇਹ ਹੈ ਕਿ ਵਜ਼ਨ ਵਿੱਚ ਕਾਫੀ ਭਾਰੀ ਹੋਣ ਦੇ ਬਾਵਜੂਦ ਇਹ ਛੋਟੀਆਂ ਤਿਜੋਰੀਆਂ ਦੀਵਾਰ ਵਿੱਚ ਫਿਟ ਹੋਣ ਤੋਂ ਬਾਅਦ ਨਜ਼ਰ ਹੀ ਨਹੀਂ ਆਉਂਦੀਆਂ। ਇਹ ਵੀ ਦਸਿਆ ਜਾ ਰਿਹਾ ਹੈ ਕਿ ਇਸਤ੍ਰੀਆਂ ਆਪਣੇ ਗਹਿਣੇ ਅਤੇ ਹੋਰ ਜ਼ਰੂਰੀ ਦਸਤਾਵੇਜ਼ ਤੇ ਕੀਮਤੀ ਸਾਮਾਨ ਨੂੰ ਆਪਣੇ ਕੋਲ ਹੀ ਸੁਰਖਿਅਤ ਰਖਣ ਵਾਸਤੇ ਘਰਾਂ ਵਿੱਚ ਲਾਕਰ ਲਗਵਾ ਰਹੀਆਂ ਹਨ।

ਮੋਬਾ: +91 95 82 71 98 90

## ਵਿਅੰਗ- ਸਰ ਜੀ, ਜ਼ਰਾ ਐਡਜਸਟ ਕਰ ਲਿਓ

-ਰਾਜੇਸ਼ ਰਿਖੀ ਪੰਜਗਰਾਈਆਂ

''ਬਾਈ ਕੀ ਕਰੀਏ, ਘਰ ਵਿੱਚ ਇੱਕ ਉਤੇ ਇੱਕ ਉਲਝੇਵਾਂ ਪੈ ਰਿਹਾ ਹੈ। ਪਹਿਲਾਂ ਬੱਚਾ ਬਿਮਾਰ। ਫਿਰ ਪਤਨੀ ਦਾ ਤਾਇਆ ਸੁਰਗਵਾਸ ਹੋ ਗਿਆ। ਫਿਰ ਮੇਰੇ ਤਾਏ ਦਾ ਮੁੰਡਾ ਘਰੋਂ ਰੁੱਸ ਕੇ ਭੱਜ ਗਿਆ। ਰਹਿੰਦੀ-ਖੂੰਹਦੀ ਮੋਟਰ ਖਰਾਬ ਹੋ ਗਈ। ਪਤਾ ਨਹੀਂ ਕੀ ਚੱਲ ਰਿਹਾ ਸਭ। ਮੇਰੀਆਂ ਸਾਰੀਆਂ ਛੁੱਟੀਆਂ ਆਹ ਮਾਰਚ ਵਿੱਚ ਹੀ ਮੁੱਕਣ ਵਾਲੀਆਂ ਹੋ ਗਈਆਂ।''

''ਇਹ ਆਪਾਂ ਸਮਾਧਾਂ ਵਾਲੇ ਬਾਬੇ ਨੂੰ ਪੁੱਛਾਂਗੇ। ਇੱਕ ਧਾਗੇ ਨਾਲ ਸਭ ਠੀਕ ਕਰ ਦੇਊ, ਪਰ ਆਹ ਛੁੱਟੀਆਂ ਖਤਮ ਹੋਣ ਵਾਲੀ ਗੱਲ ਸਮਝ ਨਹੀਂ ਆਈ।''

''ਇਹਦੇ ਵਿੱਚ ਨਾ ਸਮਝ ਆਉਣ ਵਾਲੀ ਕਿਹੜੀ ਗੱਲ ਹੈ। ਬਈ ਜਦੋਂ ਐਨੇ ਕੰਮ ਨਿਕਲਦੇ ਰਹੇ ਤਾਂ ਮੈਂ ਦਫਤਰ ਤੋਂ ਛੁੱਟੀ ਲੈ ਕੇ ਕੰਮ ਹੀ ਕਰਨੇ ਸੀ।''

''ਹੈਂ! ਛੁੱਟੀਆਂ ਲੈ ਕੇ ਕਿਉਂ? ਤੇਰੇ ਦਫਤਰ ਵਿੱਚ ਐਡਜਸਟ ਨਹੀਂ ਕਰਦੇ?''

''ਐਡਜਸਟ! ਮੈਂ ਸਮਝਿਆ ਨਹੀਂ। ਕੀ ਮਤਲਬ?''

''ਓ ਭਰਾਵਾ! ਮੇਰਾ ਸਿੱਧਾ ਮਤਲਬ ਹੈ ਕਿ ਫਰਲੋ।''

''ਫਰਲੋ ਕਿਸ ਲਈ ਮਾਸਟਰ ਜੀ? ਮੇਰੇ ਕੰਮ ਸੀ, ਮੈਂ ਨਹੀਂ ਛੁੱਟੀ ਲਵਾਂਗਾ ਤਾਂ ਹੋਰ ਕੌਣ ਲਵੇਗਾ। ਨਾਲੇ ਛੁੱਟੀਆਂ ਤਾਂ ਹੁੰਦੀਆਂ ਹੀ ਦੁਖਦੇ ਸੁਖਦੇ ਲਈ ਹਨ।''

''ਓ ਛੱਡ ਯਾਰ, ਛੁੱਟੀਆਂ ਇਸ ਲਈ ਥੋੜ੍ਹਾ ਹੁੰਦੀਆਂ ਨੇ, ਤੁਹਾਨੂੰ ਕਿਹੜਾ ਸਮਝਾਵੇ! ਦੇਖ ਭਰਾਵਾ, ਜੇ ਤੇਰੇ ਵਾਂਗ ਛੁੱਟੀ ਭਰਨ ਲੱਗ ਜਾਈਏ ਤਾਂ ਆਹ ਦਸ ਸੀ ਐੱਲ ਤੇ ਬਾਕੀ ਮੈਡੀਕਲ ਛੁੱਟੀਆਂ ਨਾਲ ਸਾਰੇ ਸਾਲ ਵਿੱਚ ਸਾਡਾ ਕਿੱਥੋਂ ਸਰ ਜਾਵੇ। ਇਹ ਤਾਂ ਅਸੀਂ ਇੱਕ ਮਹੀਨੇ ਵਿੱਚ ਹੀ ਮੁਕਾ ਦੇਈਏ।''

''ਤੁਸੀਂ ਦੱਸੋ ਮਾਸਟਰ ਜੀ, ਐਡਜਸਟ ਕਿਵੇਂ ਹੁੰਦੈ?''

''ਪੰਜ ਵਾਰ ਜੇ ਕੋਈ ਨਿੱਕਾ ਮੋਟਾ ਕੰਮ ਪੈ ਜਾਵੇ ਜਾਂ ਜਾਣ ਨੂੰ ਚਿੱਤ ਜਿਹਾ ਨਾ ਕਰੇ ਤਾਂ ਆਪਣੇ ਮੁੱਖ ਅਧਿਆਪਕ ਨੂੰ ਇੱਕ ਫੋਨ ਹੀ ਕਰਨਾ ਹੁੰਦੈ ਕਿ 'ਸਰ ਜੀ, ਜ਼ਰਾ ਐਡਜਸਟ ਕਰ ਲਿਓ।''

''ਨਿੱਕਾ ਮੋਟਾ ਕੰਮ? ਮੈਂ ਸਮਝਿਆ ਨਹੀਂ।''

''ਓ ਤੂੰ ਵੀ ਭੋਲਾ ਹੀ ਹੈਂ। ਨਿੱਕਾ ਮੋਟਾ ਕੰਮ, ਜਿਵੇਂ ਪਤਨੀ ਨੂੰ ਸੂਟ ਦਿਵਾਉਣ ਜਾਣਾ ਹੋਵੇ, ਬੱਚੇ ਦੀ ਫੀਸ ਭਰਨ ਜਾਣਾ ਜਾਂ ਦਵਾਈ ਬੂਟੀ ਕਰਾਉਣ ਡਾਕਟਰ ਦੇ ਜਾਣਾ ਜਾਂ ਸਹੁਰੇ ਜਾਣਾ ਜਾਂ ਕਣਕ ਉੱਤੇ ਕਰਨ ਵਾਲੀ ਸਪਰੇਅ ਲੈਣ ਜਾਣਾ ਹੋਵੇ, ਤੂੰ ਗੱਲ ਮੁਕਾ, ਇਹੋ ਜਿਹਾ ਹੀ ਕੋਈ ਹੋਰ ਨਿੱਕਾ ਮੋਟਾ ਕੰਮ ਹੋਵੇ ਤਾਂ...। ਹੋਰ ਮਾਸਟਰਾਂ ਨੂੰ ਕੀ ਕੰਮ ਹੁੰਦੇ ਨੇ।''

''ਇਹ ਤਾਂ ਬੜਾ ਰਿਸਕੀ ਹੈ ਮਾਸਟਰ ਜੀ, ਆਖਰ ਨੂੰ ਸਰਕਾਰੀ ਡਿਊਟੀ ਹੈ, ਕਿਤੇ ਜੇ ਕੋਈ ਚੈਕਿੰਗ ਹੋ ਜਾਵੇ।''

''ਮੈਨੇਜਰ ਸਾਹਿਬ, ਤੁਸੀਂ ਤਾਂ ਬਾਹਲੇ ਡਰਪੋਕ ਓ। ਦਰਅਸਲ ਆਪਣਾ ਖਾਨਾ ਖਾਲੀ ਹੁੰਦੈ। ਜੇ ਕੋਈ ਚੈਕਿੰਗ ਟੀਮ ਆਉਂਦੀ ਨਜ਼ਰ ਪਵੇ ਤਾਂ ਉਹ ਜਦੋਂ ਨੂੰ ਟੀਮ ਸਕੂਲ ਅੰਦਰ ਆਊ, ਰਜਿਸਟਰ ਚੁੱਕ ਕੇ ਛੁੱਟੀ ਕਰ ਦਿਓ ਜਾਂ ਮੂਵਮੈਂਟ ਦਿਖਾ ਦਿਓ ਕਿ ਭਾਈ ਉਹ ਮਿਡ ਡੇਅ ਮੀਲ ਦਾ ਸਿਲੰਡਰ ਭਰਾਉਣ ਗਿਆ ਹੋਇਐ। ਬੱਸ ਹੋਰ ਕੀ ਹੈ, ਨਾਲੇ ਭੇਡ ਮਰੀ ਉੱਤੇ ਫਾਂਸੀ ਨਹੀਂ ਹੁੰਦੀ।''

''ਇਹ ਤਾਂ ਤੇਰੇ ਵਰਗਾ ਕੋਈ ਵਿਰਲਾ ਹੀ ਕਰਦਾ ਹੋਣਾ। ਆਖਰ ਡਿਊਟੀ ਵੀ ਕੋਈ ਚੀਜ਼ ਹੈ।''

''ਮੇਰੇ ਵਰਗਾ ਕੋਈ...? ਬਈ ਇਥੇ ਤੇਰੇ ਵਰਗਾ ਕੋਈ ਕੋਈ ਹੈ। ਤੈਨੂੰ ਇੱਕ ਗੱਲ ਦੱਸਾਂ, ਸਾਡੇ ਮਹਿਕਮੇ ਵਿੱਚ ਇਹ ਐਡਜਸਟਮੈਂਟ ਐਨੀ ਵਧੀਆ ਚੀਜ਼ ਹੈ ਨਾ..।'' ਚਾਹੇ ਅਸੀਂ ਵਿਆਹ ਕਰਾਉਣਾ ਹੋਵੇ, ਯਾਤਰਾ 'ਤੇ ਜਾਣਾ ਹੋਵੇ, ਘਰ ਬਣਾਉਣਾ ਹੋਵੇ, ਕੋਈ ਖੁਸ਼ੀ ਹੋਵੇ ਜਾਂ ਗਮੀ ਖਾਨੇ ਵਿੱਚ ਛੁੱਟੀ ਭਰਾਉਣ ਦੀ ਲੋੜ ਨਹੀਂ ਪੈਂਦੀ। ਬੱਸ ਇੱਕ ਫੋਨ ਹੀ ਕਰਨਾ ਪੈਂਦਾ ਹੈ ਕਿ ਸਰ ਜੀ, ਜ਼ਰਾ ਐਡਜਸਟ ਕਰ ਲਓ।''

''ਜੇ ਥੋੜ੍ਹਾ ਮੋਟਾ ਲੇਟ ਜਾਣਾ ਜਾਂ ਪਹਿਲਾਂ ਆਉਣਾ ਹੋਵੇ ਫਿਰ?''

''ਫਿਰ ਤਾਂ ਕਦੇ ਕਦੇ ਫੋਨ ਕਰਨ ਦੀ ਲੋੜ ਵੀ ਨਹੀਂ ਪੈਂਦੀ। ਬੱਸ ਪਤਾ ਹੀ ਹੁੰਦੈ ਕਿ ਆ ਜਾਣਗੇ।''

''ਤੁਹਾਡੀ ਜ਼ਮੀਰ ਕੁਝ ਨਹੀਂ ਕਹਿੰਦੀ ਕਿ ਤੁਸੀਂ ਆਪਣੀ ਡਿਊਟੀ, ਫਰਜ਼ ਨਾਲ ਇਨਸਾਫ ਨਹੀਂ ਕਰ ਰਹੇ?''

''ਓ ਬਾਹਲਾ ਨਹੀਂ ਸੋਚੀਦਾ। ਸਾਡੇ ਵਿੱਚ ਵੀ ਹੈਨੀ ਤੇਰੇ ਵਾਂਗ ਮਹਾਨ ਗੱਲਾਂ ਕਰਨ ਵਾਲੇ ਤੇ ਫਿਰ ਤੇਰੇ ਵਾਂਗ ਤੀਜੇ ਮਹੀਨੇ ਛੁੱਟੀਆਂ ਮੁਕਾ ਕੇ ਬੈਠ ਜਾਂਦੇ ਹਨ ਤੇ ਸਾਡੇ ਵਰਗਿਆਂ ਕੋਲ ਦਸੰਬਰ 'ਚ ਵੀ ਵਾਧੂ ਛੁੱਟੀਆਂ ਪਈਆਂ ਹੁੰਦੀਆਂ ਨੇ।''

''ਭਾਵੇਂ ਸਾਡੀਆਂ ਛੁੱਟੀਆਂ ਜਿਹੜੇ ਮਹੀਨੇ ਮਰਜ਼ੀ ਮੁੱਕ ਜਾਣ, ਸਾਡੀ ਇਮਾਨਦਾਰੀ ਕਦੇ ਨਹੀਂ ਮੁੱਕਦੀ ਤੇ ਜਿਹੜਾ ਆਪਣੀ ਡਿਊਟੀ, ਆਪਣੇ ਕਿੱਤੇ ਨਾਲ ਇਨਸਾਫ ਨਹੀਂ ਕਰਦਾ ਉਸ ਨੂੰ ਪ੍ਰਮਾਤਮਾ ਕਦੇ ਮੁਆਫ ਨਹੀਂ ਕਰਦਾ।''

''ਇਹ ਤਾਂ ਸਾਰੇ ਥਾਂ ਚੱਲਦਾ ਜਨਾਬ। ਜੇ ਐਡਜਸਟ ਨਾ ਹੋਵੇ, ਫਿਰ ਸਰਕਾਰੀ ਮੁਲਾਜ਼ਮ ਕਾਹਦੇ।''

''ਸਾਰੇ ਥਾਂ ਨਹੀਂ ਚਲਦਾ। ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ ਅਤੇ ਸਮਾਂ ਵੀ ਸਦਾ ਇੱਕੋ ਜਿਹਾ ਨਹੀਂ ਰਹਿੰਦਾ, ਮੈਂ ਤੁਹਾਨੂੰ ਕੀ ਸਮਝਾ ਸਕਦਾ ਹਾਂ, ਤੁਸੀਂ ਤਾਂ ਖੁਦ ਗੁਰੂ ਹੋ, ਗਿਆਨ ਵੰਡਣ ਵਾਲੇ ਸੂਰਜ ਹੋ। ਚੰਗਾ ਚੱਲਦਾ ਹਾਂ ਮਾਸਟਰ ਜੀ, ਮੇਰਾ ਤਾਂ ਡਿਊਟੀ ਦਾ ਸਮਾਂ ਹੋ ਗਿਆ। ਤੁਸੀਂ ਤਾਂ ਕਹਿ ਹੀ ਦੇਣਾ ਐ 'ਸਰ ਜੀ, ਜ਼ਰਾ ਐਡਜਸਟ ਕਰ ਲਿਓ।'

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਰਾਸ਼ਟਰਵਾਦੀ ਕਾਂਗਰਸ ਪਾਰਟੀ ਦਾ ਹਾਲ ਕਾਂਗਰਸ ਤੋਂ ਵੀ ਨਾਜ਼ੁਕ

-ਕਲਿਆਣੀ ਸ਼ੰਕਰ

ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ ਸੀ ਪੀ) ਮੁਸਕਲ ਸਮੇਂ 'ਚੋਂ ਲੰਘ ਰਹੀ ਹੈ। ਪਿਛਲੇ ਕੁਝ ਦਿਨਾਂ ਤੋਂ ਪਾਰਟੀ ਖੋਰੇ ਦਾ ਸ਼ਿਕਾਰ ਹੋ ਰਹੀ ਹੈ। ਵਿਧਾਨ ਸਭਾ ਚੋਣਾਂ ਅਕਤੂਬਰ ਵਿੱਚ ਸੰਭਾਵਿਤ ਹਨ। ਐਨ ਸੀ ਪੀ ਦੇ ਮੁਖੀ ਸ਼ਰਦ ਪਵਾਰ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੀ ਪਾਰਟੀ ਤੋਂ ਲੋਕਾਂ ਦੀ ਦਲ ਬਦਲੀ ਕਰ ਕੇ ਭਾਜਪਾ /ਸ਼ਿਵ ਸੈਨਾ 'ਚ ਜਾਣ ਦਾ ਕਾਰਨ ਭਾਜਪਾ ਵੱਲੋਂ ਸ਼ੁਰੂ ਕੀਤੀ ਜੋੜ-ਤੋੜ ਦੀ ਰਾਜਨੀਤੀ ਹੈ। ਇਸੇ ਦੌਰਾਨ ਜਦੋਂ ਪਵਾਰ ਡੈਮੇਜ ਕੰਟਰੋਲ ਵਿੱਚ ਲੱਗੇ ਹੋਏ ਹਨ ਤਾਂ ਚੋਣ ਕਮਿਸ਼ਨ ਨੇ ਐਨ ਸੀ ਪੀ ਨੂੰ ਨੋਟਿਸ ਭੇਜਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਉਸ ਦਾ ਨਾਂਅ ਰਾਸ਼ਟਰੀ ਦਲਾਂ ਦੀ ਸੂਚੀ ਵਿੱਚੋਂ ਬਾਹਰ ਹੋ ਗਿਆ ਹੈ।

ਸ਼ਰਦ ਪਵਾਰ ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਵੱਡੇ ਤੇ ਕੱਦਾਵਰ ਨੇਤਾ ਹਨ, ਪਰ ਇਸ ਸਮੇਂ ਗਿਣਤੀ ਦੇ ਪੱਖ ਤੋਂ ਉਨ੍ਹਾਂ ਦੀ ਤਾਕਤ ਕਾਫੀ ਘੱਟ ਗਈ ਹੈ। ਪਿਛਲੇ ਹਫਤੇ ਹੀ ਸੀਨੀਅਰ ਐਨ ਸੀ ਪੀ ਨੇਤਾ ਸਚਿਨ ਅਹੀਰ ਨੇ ਸ਼ਿਵ ਸੈਨਾ ਦਾ ਪੱਲਾ ਫੜ ਲਿਆ। ਉਸ ਤੋਂ ਬਾਅਦ ਐਨ ਸੀ ਪੀ ਮਹਿਲਾ ਵਿੰਗ ਦੀ ਪ੍ਰਧਾਨ ਚਿੱਤਰਾ ਬਾਘ ਨੇ ਵੀ ਪਾਰਟੀ ਛੱਡ ਦਿੱਤੀ। ਇਸ ਤੋਂ ਤੁਰੰਤ ਬਾਅਦ ਅਕੋਲਾ ਤੋਂ ਐਨ ਸੀ ਪੀ ਵਿਧਾਇਕ ਵੈਭਵ ਪਿਸ਼ਾਦ ਨੇ ਭਾਜਪਾ ਵਿੱਚ ਜਾਣ ਦੀ ਸੰਭਾਵਨਾ ਹੈ ਅਤੇ ਭਾਜਪਾ ਨੂੰ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ 'ਚ ਕੋਈ ਇਤਰਾਜ਼ ਨਹੀਂ। ਅਜਿਹੀਆਂ ਵੀ ਅਫਵਾਹਾਂ ਹਨ ਕਿ ਛਗਨ ਭੁਜਵਲ ਵੀ ਦਲ ਬਦਲੀ ਕਰ ਕੇ ਭਾਜਪਾ ਦਾ ਪੱਲਾ ਫੜ ਸਕਦੇ ਹਨ। ਇਸ ਸਾਰੇ ਘਟਨਾਚੱਕਰ 'ਤੇ ਪਵਾਰ ਦਾ ਕਹਿਣਾ ਹੈ ਕਿ ਕੁਝ ਲੋਕ ਪੂਰੀ ਉਮਰ ਸਰਕਾਰ ਦਾ ਹਿੱਸਾ ਬਣੇ ਰਹਿਣਾ ਚਾਹੁੰਦੇ ਹਨ ਅਤੇ ਅਜਿਹੇ ਲੋਕ ਪਾਰਟੀ ਛੱਡ ਰਹੇ ਹਨ। ਉਨ੍ਹਾਂ ਨੇ ਭਾਜਪਾ 'ਤੇ ਐਨ ਸੀ ਪੀ ਨੇਤਾਵਾਂ ਉਤੇ ਤਸ਼ੱਦਦ ਕਰਨ ਲਈ ਜਾਂਚ ਏਜੰਸੀਆਂ ਦੀ ਦੁਰਵਰਤੋਂ ਦਾ ਵੀ ਦੋਸ਼ ਲਾਇਆ ਹੈ ਤਾਂ ਕਿ ਉਹ ਭਾਜਪਾ ਵਿੱਚ ਸ਼ਾਮਲ ਹੋ ਜਾਣ। ਉਨ੍ਹਾਂ ਨੇ ਕਿਹਾ ਕਿ ''ਮੈਂ ਕਿਸੇ ਵੀ ਸਰਕਾਰ ਵੱਲੋਂ ਸਰਕਾਰੀ ਮਸ਼ੀਨਰੀ ਦੀ ਅਜਿਹੀ ਦੁਰਵਰਤੋਂ ਕਦੇ ਨਹੀਂ ਦੇਖੀ। ਹੱਦ ਤੋਂ ਵੱਧ ਦੁਰਵਰਤੋਂ ਹੋ ਰਹੀ ਹੈ।''

ਇਸ ਬਾਰੇ ਪਵਾਰ ਦਾ ਕਹਿਣਾ ਹੈ ਕਿ ਏਦਾਂ ਦਲ ਬਦਲੀ ਨਾਲ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ, ਪਰ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਪਾਰਟੀ ਵਿੱਚ ਖੋਰਾ ਕਿਸੇ ਵੀ ਸਿਆਸੀ ਦਲ ਲਈ ਚੰਗਾ ਸੰਕੇਤ ਨਹੀਂ ਹੈ। 1989 ਦੀ ਸਥਿਤੀ ਨਾਲ ਤੁਲਨਾ ਕਰਦੇ ਹੋਏ ਪਵਾਰ ਨੇ ਦਾਅਵਾ ਕੀਤਾ, ''ਮੈਂ ਇਸ ਵਿੱਚ ਦਲ ਬਦਲੀ ਤੋਂ ਚਿੰਤਤ ਨਹੀਂ ਹਾਂ ਕਿਉਂਕਿ 1980 ਵਿੱਚ ਜਦੋਂ ਮੈਂ ਮੁੱਖ ਮੰਤਰੀ ਸੀ, ਓਦੋਂ ਵੀ ਮੈਂ ਏਦਾਂ ਦੀਆਂ ਸਥਿਤੀਆਂ ਦਾ ਸਾਹਮਣਾ ਕੀਤਾ ਹੈ। ਸਾਡੇ ਕੁੱਲ 60 ਵਿਧਾਇਕਾਂ ਵਿੱਚੋਂ ਸਿਰਫ ਛੇ ਬਚੇ ਸਨ। (ਕਾਂਗਰਸ ਵਿੱਚ), ਉਦੋਂ ਮੈਂ ਅਧਿਕਾਰਤ ਵਿਦੇਸ਼ ਦੌਰੇ 'ਤੇ ਸੀ। ਉਸ ਤੋਂ ਬਾਅਦ ਚੋਣਾਂ 'ਚ ਦਲ ਬਦਲਣ ਵਾਲੇ ਸਾਰੇ ਲੋਕ ਹਾਰ ਗਏ ਅਤੇ ਮੈਨੂੰ ਮੇਰੀਆਂ ਸਾਰੀਆਂ 60 ਸੀਟਾਂ ਵਾਪਸ ਮਿਲ ਗਈਆਂ।''

ਇੱਕ ਚਲਾਕ ਨੇਤਾ ਹੋਣ ਦੇ ਨਾਤੇ ਪਵਾਰ ਨੇ ਪਾਰਟੀ ਵਿੱਚ ਗਿਰਾਵਟ ਕੁਝ ਸਮਾਂ ਪਹਿਲਾਂ ਹੀ ਮਹਿਸੂਸ ਕਰ ਲਈ ਹੋਵੇਗੀ। ਦਲ ਬਦਲਣ ਨਾਲ ਕਾਂਗਰਸ ਤੋਂ ਵੀ ਵੱਧ ਨੁਕਸਾਨ ਐਨ ਸੀ ਪੀ ਨੂੰ ਹੋਇਆ ਹੈ। ਇਥੋਂ ਤੱਕ ਕਿ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਤਰ੍ਹਾਂ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਸਨ, ਜਦੋਂ ਅਜੀਤ ਪਵਾਰ ਦੇ ਬੇਟੇ ਪਾਰਥ ਪਵਾਰ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਪੇਸ਼ ਕੀਤਾ ਗਿਆ ਸੀ ਤਾਂ ਪਾਰਟੀ 'ਚ ਕਾਫੀ ਅਸੰਤੋਸ਼ ਸੀ ਅਤੇ ਪਵਾਰ ਪਰਵਾਰ ਦੇ ਰੁਤਬੇ ਦੇ ਬਾਵਜੂਦ ਪਾਰਥ ਆਪਣੀ ਸੀਟ ਵੀ ਨਹੀਂ ਜਿੱਤ ਸਕੇ ਸਨ। ਇਥੋਂ ਤੱਕ ਕਿ ਪਵਾਰ ਦੀ ਧੀ ਸੁਪ੍ਰਿਆ ਸੂਲੇ ਨੂੰ ਵੀ ਪਰਵਾਰ ਦੇ ਗੜ੍ਹ ਬਾਰਾਮਤੀ ਤੋਂ ਚੋਣ ਜਿੱਤਣ ਲਈ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ।

ਕਾਂਗਰਸ ਅਤੇ ਐਨ ਸੀ ਪੀ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਇਕੱਠੇ ਲੜਨ ਦਾ ਫੈਸਲਾ ਲਿਆ ਹੈ, ਪਰ ਕਾਂਗਰਸ ਲਈ ਵੀ ਹਾਲਾਤ ਚੰਗੇ ਨਹੀਂ। ਦੋਵੇਂ ਪਾਰਟੀਆਂ ਉਲਝਣਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰ ਰਹੀਆਂ ਹਨ। ਦੋ ਮਹੀਨੇ ਪਹਿਲਾਂ ਰਾਹੁਲ ਗਾਂਧੀ ਵੱਲੋਂ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਪਾਰਟੀ ਵਿੱਚ ਸਰਵਉਚ ਪੱਧਰ 'ਤੇ ਦੁਚਿੱਤੀ ਦੀ ਸਥਿਤੀ ਹੈ। ਪਾਰਟੀ ਨੂੰ ਅਜੇ ਨਵਾਂ ਪ੍ਰਧਾਨ ਨਹੀਂ ਮਿਲਿਆ। ਕਾਂਗਰਸ ਵਿੱਚ ਕੌਮੀ ਅਤੇ ਸੂਬਿਆਂ ਦੇ ਪੱਧਰ 'ਤੇ ਚੀਜ਼ਾਂ ਉਸ ਦੇ ਕੰਟਰੋਲ ਤੋਂ ਬਾਹਰ ਹੋ ਰਹੀਆਂ ਹਨ। ਕਾਂਗਰਸ ਵਿੱਚ ਵੀ ਖੋਰੇ ਦੀ ਸਥਿਤੀ ਹੈ। ਜਿਨ੍ਹਾਂ ਨੂੰ ਲੋਕਾਂ ਐਨ ਸੀ ਪੀ ਜਾਂ ਕਾਂਗਰਸ ਦੀ ਟਿਕਟ 'ਤੇ ਜਿੱਤਣ ਦਾ ਭਰੋਸਾ ਨਹੀਂ ਹੈ, ਉਹ ਇਨ੍ਹਾਂ ਪਾਰਟੀਆਂ ਨੂੰ ਛੱਡ ਕੇ ਬਿਹਤਰ ਸੰਭਾਵਨਾ ਵਾਲੀਆਂ ਪਾਰਟੀਆਂ ਵਿੱਚ ਜਾ ਰਹੇ ਹਨ। ਸਥਾਨਕ ਦਲ ਧੜੇਬੰਦੀ ਤੇ ਅਨੁਸ਼ਾਸਨਹੀਣਤਾ ਦੀ ਸਮੱਸਿਆ ਨਾਲ ਜੂਝ ਰਹੇ ਹਨ। ਸੂਬੇ ਦੇ ਪੱਧਰ 'ਤੇ ਸਿੰਗਲ ਲੀਡਰਸ਼ਿਪ ਦੀ ਘਾਟ ਹੈ। ਪਿਛਲੀਆਂ ਲੋਕ ਸਭਾ ਚੋਣਾਂ 'ਚ ਹਾਰ ਪਿੱਛੋਂ ਉਤਸ਼ਾਹਹੀਣਤਾ ਦੀ ਸਥਿਤੀ ਹੈ। ਪਿਛਲੇ ਹਫਤੇ ਕਰਨਾਟਕ ਦੀ ਸੱਤਾ ਗੁਆਉਣ ਪਿੱਛੋਂ ਕਾਂਗਰਸ ਸਿਰਫ ਪੰਜਾਬ, ਪੁਡੂਚੇਰੀ, ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿੱਚ ਹੀ ਕਾਬਜ਼ ਰਹਿ ਗਈ ਹੈ।

ਲੋਕ ਸਭਾ ਚੋਣਾਂ ਤੋਂ ਬਾਅਦ ਐਨ ਸੀ ਪੀ ਦੇ ਕਾਂਗਰਸ ਵਿੱਚ ਮਿਲ ਜਾਣ ਦੀਆਂ ਅਫਵਾਹਾਂ ਉਡੀਆਂ ਸਨ। ਇਸ ਬਾਰੇ ਰਾਹੁਲ ਅਤੇ ਸ਼ਰਦ ਪਵਾਰ ਦੀ ਗੱਲਬਾਤ ਹੋਈ ਸੀ ਤਾਂ ਕਿ ਐਨ ਸੀ ਪੀ ਦਾ ਕਾਂਗਰਸ 'ਚ ਰਲੇਵਾਂ ਕਰ ਕੇ ਕਾਂਗਰਸ ਨੂੰ ਵਿਰੋਧੀ ਧਿਰ ਦੇ ਨੇਤਾ ਦਾ ਅਹੁਦਾ ਦਿਵਾਇਆ ਜਾ ਸਕੇ, ਪਰ ਇਹ ਮਾਮਲਾ ਸਿਰੇ ਨਹੀਂ ਚੜ੍ਹਿਆ। ਇਸ ਵਿੱਚ ਸ਼ੱਕ ਨਹੀਂ ਕਿ ਐਨ ਸੀ ਪੀ ਸਿਆਸੀ ਤੌਰ 'ਤੇ ਸੁੰਗੜ ਰਹੀ ਹੈ, ਪਿਛਲੀਆਂ ਚੋਣਾਂ ਵਿੱਚ ਉਸ ਨੂੰ ਪੰਜ ਸੀਟਾਂ ਮਿਲੀਆਂ, ਪਰ ਇਹ ਉਸ ਦੀ ਆਸ ਤੋਂ ਕਾਫੀ ਘੱਟ ਸਨ। 2019 ਦੀਆਂ ਆਮ ਚੋਣਾਂ ਤੋਂ ਪਹਿਲਾਂ ਟੀ ਡੀ ਪੀ ਮੁਖੀ ਚੰਦਰਬਾਬੂ ਨਾਇਡੂ ਅਤੇ ਐਨ ਸੀ ਪੀ ਮੁਖੀ ਸ਼ਰਦ ਪਵਾਰ ਨੇ ਉਨ੍ਹਾਂ (ਪਵਾਰ) ਨੂੰ ਵਿਰੋਧੀ ਧਿਰ ਦੇ ਚਿਹਰੇ ਦੇ ਤੌਰ 'ਤੇ ਪ੍ਰੋਜੈਕਟ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਸ ਵਿੱਚ ਕਾਮਯਾਬੀ ਨਹੀਂ ਮਿਲੀ।

ਭਾਜਪਾ ਤੇ ਸ਼ਿਵ ਸੈਨਾ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਪੁਖਤਾ ਤਿਆਰੀਆਂ 'ਚ ਜੁਟ ਗਈਆਂ ਹਨ ਅਤੇ ਦੋਵਾਂ ਦੇ ਮਿਲ ਕੇ ਚੋਣ ਲੜਨ ਦੀ ਸਥਿਤੀ ਵਿੱਚ ਉਹ ਐਨ ਸੀ ਪੀ ਅਤੇ ਕਾਂਗਰਸ ਦੇ ਮੁਕਾਬਲੇ ਕਾਫੀ ਬਿਹਤਰ ਨਤੀਜਾ ਹਾਸਲ ਕਰ ਸਕਦੀਆਂ ਹਨ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਸ਼ਿਵ ਸੈਨਾ ਦੇ ਨੇਤਾ ਆਦਿੱਤਿਆ ਠਾਕਰੇ ਵਿਸ਼ਾਲ ਜਨ ਸੰਪਰਕ ਪ੍ਰੋਗਰਾਮਾਂ ਲਈ ਪੈਦਲ ਯਾਤਰਾਵਾਂ ਕਰ ਰਹੇ ਹਨ। ਅਗਲੇ ਦੋ ਮਹੀਨੇ ਕਾਂਗਰਸ ਅਤੇ ਐਨ ਸੀ ਪੀ ਲਈ ਕਾਫੀ ਅਹਿਮ ਹਨ, ਜਿਸ ਦੌਰਾਨ ਉਨ੍ਹਾਂ ਨੂੰ ਘਰ ਵਿੱਚ ਹਾਲਾਤ ਨੂੰ ਸੁਧਾਰਨਾ ਹੋਵੇਗਾ ਕਿਉਂਕਿ ਉਨ੍ਹਾਂ ਦਾ ਕਾਫੀ ਕੁਝ ਦਾਅ 'ਤੇ ਹੈ। ਜੇ ਇਹ ਗਠਜੋੜ ਹਾਰਦਾ ਹੈ ਤਾਂ ਲਗਾਤਾਰ ਦੋ ਕਾਰਜਕਾਲਾਂ ਤੱਕ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਰਹਿਣਾ ਪਵੇਗਾ।

# ਪਿੰਡ ਦੀ ਆਵਾਜ਼ ਬਣਦੀ ਸੱਥ

-ਡਾ. ਪ੍ਰਿਤਪਾਲ ਸਿੰਘ ਮਹਿਰੋਕ



ਸੱਥ ਪਿੰਡ ਦੀ ਸਾਂਝੀ ਤੇ ਜਾਣੀ ਪਛਾਣੀ ਥਾਂ ਹੁੰਦੀ ਹੈ, ਜਿਥੇ ਪਿੰਡ ਦੀ ਰੂਪ ਧੜਕਦੀ ਰਹਿੰਦੀ ਹੈ। ਪਿੰਡਾਂ ਵਿੱਚ ਅਕਸਰ ਕੋਈ ਨਾ ਕੋਈ ਸਾਂਝੀ ਥਾਂ ਹੁੰਦੀ ਹੈ। ਬਹੁਤੀਆਂ ਸਥਿਤੀਆਂ ਤੇ ਆਮ ਹਾਲਤਾਂ ਵਿੱਚ ਇਹ ਕਿਸੇ ਵੱਡੇ ਰੁੱਖ ਹੇਠਾਂ ਉਸ ਦੇ ਮੁੱਢ ਦੇ ਆਲੇ ਦੁਆਲੇ ਬਣੇ ਥੜ੍ਹੇ ਵਾਲੀ ਥਾਂ ਹੁੰਦੀ ਹੈ, ਜਿਥੇ ਲੋਕ ਆਪਣੇ ਵਿਹਲ ਦੇ ਪਲ ਲੰਘਾਉਣ ਲਈ, ਗੱਪ ਸ਼ੱਪ ਮਾਰਨ ਲਈ, ਕੁਝ ਕਹਿਣ ਸੁਣਨ ਲਈ ਆ ਬੈਠਦੇ ਹਨ। ਉਂਜ ਲੋਕਾਂ ਨੂੰ ਆਪਣੇ ਖੇਤਾਂ ਬੰਨ੍ਹਿਆਂ ਦੇ, ਘਰਾਂ ਦੇ, ਮਾਲ ਡੰਗਰ ਨੂੰ ਸਾਂਭਣ ਦੇ ਕੰਮਾਂ ਤੋਂ ਵਿਹਲ ਹੀ ਘੱਟ ਮਿਲਦੀ ਹੈ, ਪਰ ਰੋਜ਼ਾਨਾ ਜੀਵਨ ਦੇ ਕੰਮਾਂ ਤੋਂ ਵਿਹਲ ਕੱਢ ਕੇ ਲੋਕ ਪਿੰਡ ਦੀ ਸੱਥ ਵਿੱਚ ਆ ਕੇ ਬੈਠਣਾ ਪਸੰਦ ਕਰਦੇ ਹਨ। ਸਰਸਰੀ ਤੇ ਓਪਰੀ ਨਜ਼ਰੇ ਵੇਖਿਆਂ ਕਈ ਵਾਰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਪਿੰਡ ਦੇ ਬਜ਼ੁਰਗ, ਕੰਮਾਂਕਾਰਾਂ ਤੋਂ ਵਿਹਲੇ ਹੋ ਕੇ ਆਏ ਲੋਕ ਤੇ ਵਿਹਲੜ ਇਸ ਥਾਂ ਆ ਬੈਠਦੇ ਤੇ ਆਪਣੇ ਵਿਹਲ ਦੇ ਪਲਾਂ ਨੂੰ ਦਿਲਚਸਪ ਤੇ ਮਨੋਰੰਜਨ ਬਣਾ ਕੇ ਗੁਜ਼ਾਰਦੇ ਹਨ। ਵੱਡੇ/ ਬੁੱਢੇ ਬੋਹੜ ਹੇਠਾਂ ਜੁੜ ਬੈਠੇ, ਗੱਲਾਂ ਬਾਤਾਂ ਕਰਦੇ, ਹਾਸਾ ਮਜ਼ਾਕ ਕਰਦੇ, ਆਪਣੇ ਤਜਰਬੇ ਸਾਂਝੇ ਕਰਦੇ ਲੋਕ ਖੇਤਾਂ, ਫਸਲਾਂ, ਪਸ਼ੂਆਂ, ਖੇਤੀ ਸੰਦਾਂ, ਮੰਡੀਆਂ, ਆੜ੍ਹਤੀਆਂ, ਜਿਣਸਾਂ ਦੇ ਭਾਅ, ਨਫੇ ਨੁਕਸਾਨ, ਪਿੰਡ ਦੇ ਲੜਾਈ ਝਗੜਿਆਂ, ਪੰਚਾਇਤਾਂ ਦੀਆਂ ਗੱਲਾਂ ਕਰਦੇ ਮਸਤ ਰਹਿੰਦੇ ਹਨ। ਅਖਬਾਰਾਂ ਦੀਆਂ ਖਬਰਾਂ, ਚਲੰਤ ਮਾਮਲਿਆਂ ਦੇਸ਼/ ਪ੍ਰਾਂਤ ਦੀਆਂ ਸਰਕਾਰਾਂ, ਰਾਜਨੀਤੀ, ਕਿਸੇ ਦੀ ਬਹਾਦਰੀ, ਕਿਸੇ ਖੇਤਰ ਵਿੱਚ ਪਿੰਡ ਦਾ ਨਾਂ ਰੌਸ਼ਨ ਕਰਨ ਵਾਲੇ ਲੋਕਾਂ ਦੀਆਂ ਗੱਲਾਂ ਆਦਿ ਅਕਸਰ ਸੱਥ ਵਿੱਚ ਚਰਚਾ ਦੇ ਵਿਸ਼ੇ ਬਣਦੀਆਂ ਹਨ।

ਸੱਥ ਵਿੱਚ ਬੈਠ ਕੇ ਲੋਕ ਇਕ ਦੂਜੇ ਨਾਲ ਦੁਖ ਸੁਖ ਸਾਂਝੇ ਕਰਦੇ ਹਨ। ਮਨ ਦੇ ਬੋਝ ਨੂੰ ਹਲਕਾ ਕਰਦੇ ਤੇ ਜੀਵਨ ਵਿੱਚ ਰੰਗ ਭਰਨ ਦੇ ਆਹਰ ਵਿੱਚ ਜੁਟੇ ਰਹਿੰਦੇ ਹਨ। ਪੰਜਾਬੀ ਸੱਭਿਆਚਾਰ ਵਿੱਚ ਇਹ ਥਾਂ ਰਮਣੀਕ ਥਾਂ ਬਣਨ ਦਾ ਰੁਤਬਾ ਰੱਖਦੀ ਹੈ, ਇਹ ਸੱਥ ਵਿੱਚ ਬੈਠਦੇ ਲੋਕ ਬਿਹਤਰ ਜਾਣਦੇ ਹਨ।

ਗਪੌੜੀ, ਅਮਲੀ, ਚੁਟਕਲੇ ਸੁਣਾਉਣ ਵਾਲੇ ਅਤੇ ਗੱਲਾਂ ਨੂੰ ਰੌਚਕ ਬਿਰਤਾਂਤ ਬਣਾ ਕੇ ਪੇਸ਼ ਕਰਨ ਵਾਲੇ ਲੋਕ ਸੱਥ ਵਿੱਚ ਮਾਣ ਸਨਮਾਨ ਹਾਸਲ ਕਰਦੇ ਹਨ। ਜ਼ਿੰਦਗੀ ਦੇ ਕਿੱਸਿਆਂ ਨੂੰ ਉਤਸੁਕਤਾ ਭਰਪੂਰ ਰਸ ਰੰਗ ਨਾਲ ਸ਼ਿੰਗਾਰ ਕੇ ਬਿਆਨ ਕਰਨ ਦੀ ਕਲਾ ਵਿੱਚ ਮਾਹਰ ਲੋਕ ਸੱਥ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾ ਲੈਂਦੇ ਹਨ। ਸੱਥ ਵਿੱਚ ਮਹਿਫਲ ਸੱਜਦੀ ਹੈ। ਬਿਨਾਂ ਕਿਸੇ ਸੰਗ ਸੰਕੋਚ ਤੋਂ ਲੋਕ ਆਪਣੀ ਗੱਲ ਕਹਿ ਸੁਣਾਉਂਦੇ ਹਨ। ਉਥੇ ਬਾਤ ਦਾ ਬਤਗੰੜ ਬਣਦਾ ਹੈ, ਰਾਈ ਦਾ ਪਹਾੜ ਬਣਾ ਕੇ ਤੇ ਰੱਸੀਆਂ ਦੇ ਸੱਪ ਬਣਾ ਕੇ ਪੇਸ਼ ਕੀਤੇ ਜਾ ਸਕਦੇ ਹਨ। ਬੂੰਦ ਦਾ ਸਮੁੰਦਰ ਬਣਾਇਆ ਜਾ ਸਕਦਾ ਹੈ, ਸਮੁੰਦਰ ਨੂੰ ਕੁੱਜੇ ਵਿੱਚ ਬੰਦ ਕੀਤਾ ਜਾ ਸਕਦਾ ਹੈ।

ਸੌ ਹੱਥ ਰੱਸਾ ਸਿਰੇ 'ਤੇ ਗੰਢ ਕਹਿ ਕੇ ਕਿਸੇ ਗੱਲ/ ਬਹਿਸ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ। ਸੱਥਾਂ ਵਿੱਚ ਗੱਲਾਂ ਕਰਦੇ ਗਾਲੜੀ ਪਿੰਡ ਦੀਆਂ ਛੋਟੀਆਂ ਵੱਡੀਆਂ ਖਬਰਾਂ/ ਸੂਚਨਾਵਾਂ ਨੂੰ ਮਿਰਚ ਮਸਾਲੇ ਲਾ ਕੇ ਸਾਂਝਾ ਕਰਦੇ ਹਨ। ਉਹ ਗੱਲਾਂ ਦੀ ਲੜੀ ਟੁੱਟਣ ਨਹੀਂ ਦਿੰਦੇ। ਸੱਥ ਵਿੱਚ ਦੇਸ਼ ਦੇ, ਰਾਜ ਦੇ, ਇਲਾਕੇ ਦੇ, ਲੋਕਾਂ ਦੇ ਸਾਂਝੇ ਮਸਲਿਆਂ ਉਪਰ ਖੁੰਢ ਚਰਚਾ ਛਿੜਦੀ ਹੈ। ਕਈ ਵਾਰ ਗੰਭੀਰ ਮਸਲੇ ਵੀ ਵਿਚਾਰ ਅਧੀਨ ਲਿਆਂਦੇ ਜਾਂਦੇ ਹਨ। ਪਿੰਡ ਦੇ ਕੇਂਦਰੀ ਸਥਾਨ ਸੱਥ ਵਿੱਚ ਪਿੰਡ ਦਾ ਦਿਲ ਧੜਕਦਾ ਹੈ। ਲੋਕ ਮਨ ਬੋਲਦਾ ਹੈ। ਸੱਥ ਵਿੱਚੋਂ ਪਿੰਡ ਦੀ ਆਵਾਜ਼ ਸੁਣੀ ਜਾ ਸਕਦੀ ਹੈ। ਪਿੰਡ ਦੀ ਨਬਜ਼ ਟਟੋਲੀ ਜਾ ਸਕਦੀ ਹੈ। ਪਿੰਡ ਦੇ ਗਲੀ ਮੁਹੱਲੇ ਤੋਂ ਲੈ ਕੇ ਰਾਸ਼ਟਰਪਤੀ, ਅੰਤਰਰਾਸ਼ਟਰੀ ਸਮੱਸਿਆਵਾਂ ਦਾ ਜ਼ਿਕਰ ਛਿੜਦਾ ਹੈ। ਸੱਥ ਵਿੱਚੋਂ ਪਿੰਡ ਦਾ ਸੁਭਾਅ, ਸਮੁੱਚੇ ਪਿੰਡ ਦੇ ਚਰਿੱਤਰ ਦੇ ਕਈ ਪਹਿਲੂਆਂ ਨੂੰ ਸੁਣਿਆ, ਸਮਝਿਆ, ਜਾਣਿਆ ਜਾ ਸਕਦਾ ਹੈ। ਮੁੱਛ ਫੁਟ ਗੱਭਰੂ ਵੀ ਕੁਝ ਨਵਾਂ ਸੁਣਨ ਵਾਸਤੇ ਸੱਥ ਵਿੱਚ ਗੇੜਾ ਲਾ ਆਉਂਦੇ ਹਨ। ਕਈ ਵਾਰ ਉਥੋਂ ਸੁਣੀਆਂ ਗੱਲਾਂ ਉਨ੍ਹਾਂ ਦੇ ਮਾਨਸਿਕ ਤੇ ਬੌਧਿਕ ਵਿਕਾਸ ਵਿੱਚ ਸਹਾਈ ਹੋ ਸਕਦੀਆਂ ਹਨ। ਸੱਥ ਵਿੱਚੋਂ ਉਨ੍ਹਾਂ ਨੂੰ ਜੀਵਨ ਜਾਚ ਦੇ ਨੁਕਤੇ ਤੇ ਨੈਤਿਕ ਕਦਰਾਂ ਕੀਮਤਾਂ ਵਾਲੀਆਂ ਗੱਲਾਂ ਸੁਣਨ ਨੂੰ ਮਿਲ ਸਕਦੀਆਂ ਹਨ। ਦੇਸ਼, ਰਾਜ ਤੇ ਇਲਾਕੇ ਦੇ ਨੇਤਾਵਾਂ ਦੇ ਵਿਹਾਰ, ਉਨ੍ਹਾਂ ਦੇ ਕੰਮਾਂ, ਉਨ੍ਹਾਂ ਦੇ ਗੁਣ ਔਗੁਣ ਵੀ ਸੱਥ ਵਿੱਚ ਚਰਚਾ ਦਾ ਵਿਸ਼ਾ ਬਣਦੇ ਹਨ। ਅੱਜ ਦੇ ਅਤੇ ਪੁਰਾਣੇ ਨੇਤਾਵਾਂ ਦੀ ਤੁਲਨਾ ਕੀਤੀ ਜਾਂਦੀ ਹੈ। ਕਿਸਾਨ ਜਥੇਬੰਦੀਆਂ ਦੀਆਂ ਗੱਲਾਂ, ਸਾਂਝੇ ਘੋਲਾਂ/ ਅੰਦੋਲਨਾਂ ਦੀਆਂ ਗੱਲਾਂ, ਕਰਜ਼ੇ ਦੀ ਖਰਾਬੀ, ਵਿਆਹਾਂ ਦੇ ਖਰਚਿਆਂ, ਦਫਤਰਾਂ ਵਿੱਚ ਕੰਮ ਕਰਵਾਉਣ ਵੇਲੇ ਆਉਂਦੀਆਂ ਕਠਿਨਾਈਆਂ/ ਰੁਕਾਵਟਾਂ, ਭ੍ਰਿਸ਼ਟਾਚਾਰ ਆਦਿ ਬਾਰੇ ਗੱਲਾਂ ਛਿੜਦੀਆਂ ਹਨ। ਲਾਈ ਲੱਗਾਂ ਦੀਆਂ ਗੱਲਾਂ ਵੀ ਕਹੀਆਂ ਸੁਣੀਆਂ ਜਾਂਦੀਆਂ ਹਨ। ਨਕਲਾਂ ਕਰਨ ਵਾਲੇ, ਭੰਡ, ਰਾਸ ਧਾਰੀਏ ਤੇ ਲੋਕਾਂ ਦਾ ਹਲਕਾ ਫੁਲਕਾ ਮਨੋਰੰਜਨ ਕਰਨ ਵਾਲੇ ਲੋਕ ਕਲਾਕਾਰ ਵੀ ਸੱਥ ਵਿੱਚ ਆ ਕੇ ਆਪਣੀ ਕਲਾ ਦੇ ਰੰਗ ਬਿਖੇਰਦੇ ਹਨ। ਸੱਥ ਵਿੱਚ ਅਸਲ ਦੁਨੀਆ ਦੇ ਸਮਾਨਾਂਤਰ ਇਕ ਦੁਨੀਆ ਵਾਸਾ ਕਰਦੀ ਪ੍ਰਤੀਤ ਹੁੰਦੀ ਹੈ। ਸੱਚ ਮੁੱਚ ਪਿੰਡ ਦੀ ਆਵਾਜ਼ ਬਣਦੀ ਹੈ। ਸਮੇਂ ਦੇ ਫੇਰ ਬਦਲ ਨਾਲ ਸੱਥ ਦੇ ਸੁਭਾਅ ਤੇ ਰੌਣਕ ਵਿੱਚ ਤਬਦੀਲੀ ਦਾ ਵਾਪਰਨਾ ਸਹਿਜ ਕਿਸਮ ਦਾ ਵਰਤਾਰਾ ਹੈ।

# ਲੋਪ ਹੋ ਰਹੀ ਨਕਲਾਂ ਦੀ ਕਲਾ

-ਪ੍ਰੋ. ਬੇਅੰਤ ਸਿੰਘ ਬਾਜਵਾ

ਨਕਲਾਂ ਪੰਜਾਬੀ ਸੱਭਿਆਚਾਰ ਵਿੱਚ ਲੋਕ ਨਾਟਕਾਂ ਦੀ ਅਜਿਹੀ ਨਾਟਕੀ ਵਿਧਾ ਹੈ, ਜਿਸ ਨੂੰ ਰੀਸ ਕਰਨਾ ਜਾਂ ਨਕਲ ਲਾਉਣਾ ਵੀ ਕਿਹਾ ਜਾਂਦਾ ਹੈ। ਕਈ ਇਲਾਕਿਆਂ ਵਿੱਚ ਇਸ ਨੂੰ ਭੰਡ ਵੀ ਆਖਦੇ ਹਨ। ਨਕਲਾਂ ਕਰਨ ਵਾਲੇ ਕਲਾਕਾਰਾਂ ਨੂੰ ਨਕਲੀਏ ਕਿਹਾ ਜਾਂਦਾ ਹੈ। ਮਰਾਸੀ ਤੇ ਭੰਡ ਦੋ ਖਾਸ ਜਾਤਾਂ ਹਨ। ਮਰਾਸੀ ਜਿਸ ਨੂੰ ਲੋੜ ਤੋਂ ਵੱਧ ਗੱਲ ਔੜ੍ਹਦੀ ਹੋਵੇ। ਇਸ ਦੇ ਲਫਜ਼ੀ ਅਰਥ ਹਨ ਮੀਰਾਸ, ਮਾਲਕੀ ਜਾਂ ਵਿਰਾਸਤ ਦੇ ਹੱਕ ਦਾ ਦਾਅਵੇਦਾਰ। ਪੁਰਾਤਨ ਸਮਿਆਂ ਵਿੱਚ ਮਰਾਸੀ ਆਪਣੇ ਜਜ਼ਮਾਨਾਂ ਦੇ ਕੁਰਸੀਨਾਮੇ ਅਥਵਾ ਬੰਸਾਵਲੀਆਂ ਕਵਿਤਾ ਵਿੱਚ ਜੋੜ ਕੇ ਪੜ੍ਹਦੇ ਤੇ ਇਨਾਮ ਪ੍ਰਾਪਤ ਕਰਦੇ ਸਨ। ਭੰਡ ਭੰਡੀ ਕਰਨ ਵਾਲੇ ਨੂੰ ਕਿਹਾ ਜਾਂਦਾ ਹੈ। ਨਕਲੀਏ ਮੁਸਲਮਾਨਾਂ ਦੇ ਭਾਰਤ ਆਉਣ ਨਾਲ ਮੁਸਲਮਾਨ ਬਣੇ ਸਨ। ਕੁਝ ਖੋਜੀਆਂ ਦਾ ਵਿਚਾਰ ਹੈ ਕਿ ਸੁਆਂਗੀ ਗੈਰ ਆਰੀਅਨ ਭਾਰਤ ਜਾਤੀ ਵਿੱਚੋਂ ਸਨ ਅਤੇ ਪੰਜਾਬ ਦੇ ਵਸਨੀਕ ਸਨ। ਜਦੋਂ ਉਨ੍ਹਾਂ ਦੀ ਨਾਟਕੀ ਕਲਾ ਵੇਖੀ ਤਾਂ ਆਰੀਆ ਨੇ ਆਪਣਾ ਕੇ ਇਨ੍ਹਾਂ ਨੂੰ ਘਟੀਆ ਸ਼ੂਦਰ ਕਹਿ ਕੇ ਨਿਰਾਦਰ ਕੀਤਾ ਤਾਂ ਇਨ੍ਹਾਂ ਨੇ ਬਦਲਾ ਲੈਣ ਲਈ ਉਚ ਜਾਤਾਂ ਨੂੰ ਨਕਲਾਂ ਰਾਹੀਂ ਭੰਡਣਾ ਸ਼ੁਰੂ ਕਰ ਦਿੱਤਾ। ਇਹੀ ਬਾਅਦ ਵਿੱਚ ਨਕਲਾਂ ਅਖਵਾਈਆਂ।

ਨਕਲਾਂ ਦੀ ਕਲਾ ਚੁਸਤ ਵਾਰਤਾਲਾਪ, ਹਾਜ਼ਰ ਜਵਾਬੀ, ਵਿਅੰਗ ਅਤੇ ਨਾਟਕੀ ਮੌਕੇ ਸਿਰਜਣ ਦੀ ਸਮਰੱਥਾ ਕਾਰਨ ਸੰਜੀਵ ਨਾਟਕੀ ਪੇਸ਼ਕਾਰੀ ਦਾ ਪ੍ਰਤੀਨਿਧ ਨਮੂਨਾ ਹਨ। ਨਕਲਾਂ ਅੱਗੇ ਦੀ ਅੱਗੇ ਉਸਤਾਦੀ ਸ਼ਾਗਿਰਦੀ ਨਾਲ ਪੀੜ੍ਹੀ ਦਰ ਪੀੜ੍ਹੀ ਤੁਰੀਆਂ ਆ ਰਹੀਆਂ ਹਨ। ਕੁਝ ਖੋਜਾਰਥੀਆਂ ਨੇ ਇਨ੍ਹਾਂ ਨੂੰ ਕਲਮਬੱਧ ਵੀ ਕੀਤਾ ਹੈ। ਲਿਖਤੀ ਰੂਪ ਵਿੱਚ ਆਣ ਕੇ ਇਹ ਸਥਿਰ ਤੇ ਨਿਰਜੀਵ ਹੋ ਜਾਂਦੀਆਂ ਹਨ ਕਿਉਂਕਿ ਇਹ ਸਮੇਂ ਦੇ ਪ੍ਰਸੰਗ ਵਿੱਚ ਕਿਰਿਆਸ਼ੀਲ ਰਹਿੰਦੀਆਂ ਹਨ। ਸਮਾਂ, ਸਥਾਨ ਤੇ ਪ੍ਰਸੰਗ ਬਦਲਣ ਨਾਲ ਇਨ੍ਹਾਂ ਦੀ ਸਾਰਥਿਕਤਾ ਵੀ ਘੱਟ ਵੱਧ ਹੁੰਦੀ ਰਹਿੰਦੀ ਹੈ। ਸਮੇਂ ਦੇ ਬਦਲਣ ਨਾਲ ਪੁਰਾਤਨ ਨਕਲਾਂ ਵਿੱਚ ਕਾਫੀ ਫੇਰ ਬਦਲ ਹੋ ਗਿਆ। ਪੁਰਾਣੀਆਂ ਨਕਲਾਂ ਦੀ ਥਾਂ ਨਵੀਆਂ ਨਕਲਾਂ ਨੇ ਲੈ ਲਈ। ਇਹ ਸਾਰਾ ਕੁਝ ਆਪਣੇ ਆਪ ਵਾਪਰਦਾ ਰਹਿੰਦਾ ਹੈ ਅਤੇ ਮੌਕੇ ਅਨੁਸਾਰ ਕਈ ਨਵੀਆਂ ਨਕਲਾਂ ਵੀ ਸਿਰਜ ਲਈਆਂ ਜਾਂਦੀਆਂ ਹਨ।

ਨਕਲਾਂ ਦੀਆਂ ਕਈ ਕਿਸਮਾਂ ਹਨ, ਪਰ ਮੁੱਖ ਤੌਰ 'ਤੇ ਵਿਸ਼ੇ ਪੱਖੋਂ ਇਹ ਜਨਮ, ਵਿਆਹ, ਰੀਸਾਂ, ਕਿੱਤਿਆਂ ਅਤੇ ਵਿਸ਼ੇਸ਼ ਵਿਅਕਤੀਆਂ ਬਾਰੇ ਕਹੀਆਂ ਜਾ ਸਕਦੀਆਂ ਹਨ। ਰੂਪਕ ਤੌਰ 'ਤੇ ਇਹ ਦੋ ਕਿਸਮ ਦੀਆਂ ਹੁੰਦੀਆਂ ਹਨ- ਨਿੱਕੀਆਂ ਨਕਲਾਂ ਤੇ ਲੰਮੀਆਂ ਨਕਲਾਂ। ਨਿੱਕੀਆਂ ਨਕਲਾਂ ਨੂੰ ਸਿਰਫ ਦੋ ਹੀ ਕਲਾਕਾਰ ਖੇਡਦੇ ਹਨ, ਜਿਨ੍ਹਾਂ ਵਿੱਚੋਂ ਇਕ ਦੇ ਹੱਥ ਚਮੋਟਾ ਹੁੰਦਾ ਹੈ ਤੇ ਦੂਜੇ ਦੇ ਛੋਟਾ ਜਿਹਾ ਤਬਲਾ। ਤਬਲੇ ਵਾਲਾ ਜਦੋਂ ਵੀ ਕੋਈ ਬੇਤੁਕੀ ਗੱਲ ਕਰਦਾ ਹੈ ਤਾਂ ਦੂਜਾ ਉਸ ਦੇ ਚਮੋਟਾ ਮਾਰਦਾ ਹੈ, ਜਿਸ 'ਤੇ ਹਾਸਾ ਪੈਦਾ ਹੁੰਦਾ ਹੈ। ਇਸ ਦੀ ਇਕ ਝਾਕੀ 'ਚ ਹਾਸਰਸੀ ਸਿਖਰ ਉਸਾਰਿਆ ਜਾਂਦਾ ਹੈ ਤੇ ਇਸ ਦਾ ਸਮਾਂ ਪੰਜ ਮਿੰਟ ਤੋਂ ਦਸ ਮਿੰਟ ਤੱਕ ਦਾ ਹੁੰਦਾ ਹੈ। ਇਸ ਦੀ ਸ਼ੁਰੂਆਤ ਸਾਧਾਰਨ ਗੱਲਬਾਤ ਤੋਂ ਹੁੰਦੀ ਹੈ। ਵਿਚਾਲੇ ਲਟਕਾਊ ਤੇ ਅੰਤ ਪਟਾਕੇ ਵਾਂਗ ਫੁੱਟਦਾ ਹੈ।

ਨਿੱਕੀਆਂ ਨਕਲਾਂ ਨੂੰ ਜਿਥੇ ਦੋ ਕਲਾਕਾਰ ਖੇਡਦੇ ਹਨ, ਉਥੇ ਲੰਮੀ ਨਕਲ ਖੇਡਣ ਲਈ ਪੂਰੀ ਟੋਲੀ ਦੀ ਲੋੜ ਹੁੰਦੀ ਹੈ। ਇਸ ਵਿੱਚ ਦਸ ਤੋਂ ਪੰਦਰਾਂ ਦੇ ਕਰੀਬ ਪਾਤਰ ਹੁੰਦੇ ਹਨ। ਲੰਮੀ ਨਕਲ ਵਿੱਚ ਘਟਨਾ ਜਾਂ ਕਹਾਣੀ ਨੂੰ ਵੱਖ-ਵੱਖ ਝਾਕੀਆਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਇਸ ਦਾ ਸਮਾਂ ਤਿੰਨ ਘੰਟੇ ਤੱਕ ਹੋ ਸਕਦਾ ਹੈ। ਇਸ ਰਾਹੀਂ ਥਾਂ-ਥਾਂ ਹਾਸੇ ਦੇ ਮੌਕੇ ਪੈਦਾ ਕੀਤੇ ਜਾਂਦੇ ਹਨ। ਲੰਮੀਆਂ ਨਕਲਾਂ ਦੇ ਸਾਰੇ ਪਾਤਰਾਂ ਵਿੱਚੋਂ ਦੋ ਮਹੱਤਵ ਪੂਰਨ ਪਾਤਰ ਹੁੰਦੇ ਹਨ। ਜਿਨ੍ਹਾਂ ਵਿੱਚੋਂ ਇਕ ਰੰਗਾ ਹੁੰਦਾ ਹੈ ਤੇ ਦੂਜਾ ਬਿਗਲਾ। ਰੰਗਾ ਸ਼ਬਦਾਂ ਦਾ ਮਹਿਲ ਉਸਾਰਦਾ ਅਤੇ ਬਿਗਲਾ ਲੱਤ ਮਾਰ ਕੇ ਉਸ ਨੂੰ ਢਾਹ ਦਿੰਦਾ ਹੈ। ਰੰਗਾ ਲੰਮੀ ਨਕਲ ਦਾ ਇਕ ਪ੍ਰਕਾਰ ਦਾ ਨਿਰਦੇਸ਼ਕ ਹੁੰਦਾ ਹੈ, ਜਿਸ ਦੇ ਹੱਥ ਵਿੱਚ ਚਮੋਟਾ ਹੁੰਦਾ ਹੈ। ਬਹੁਤ ਸਿਆਣਾ ਨਕਲੀਆ ਰੰਗੇ ਦਾ ਕਿਰਦਾਰ ਨਿਭਾਉਂਦਾ ਹੈ। ਬਿਗਲਾ ਨਕਲਾਂ ਦਾ ਮਖੌਲੀਆ ਪਾਤਰ ਹੁੰਦਾ ਹੈ, ਜਿਸ ਦੀ ਸ਼ਕਲ ਵੇਖ ਕੇ ਹਾਸਾ ਆ ਜਾਂਦਾ ਹੈ। ਇਸ ਤੋਂ ਇਲਾਵਾ ਕੁਝ ਹੋਰ ਪਾਤਰਾਂ ਨੂੰ ਔਰਤਾਂ ਵੀ ਬਣਨਾ ਪੈਂਦਾ ਹੈ।

ਨਕਲਾਂ ਵਿੱਚ ਦਰਸ਼ਕਾਂ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਦਰਸ਼ਕ ਚੱਲਦੀਆਂ ਨਕਲਾਂ ਵਿੱਚ ਆਪਣੀ ਵੀ ਕੋਈ ਗੱਲ ਆਖ ਸਕਦੇ ਹਨ। ਜਦੋਂ ਨਕਲੀਏ ਪਿੜ ਲਾਉਂਦੇ ਹਨ ਤਾਂ ਦਰਸ਼ਕ ਉਨ੍ਹਾਂ ਦੇ ਆਲੇ ਦੁਆਲੇ ਜੁੜਨੇ ਸ਼ੁਰੂ ਹੋ ਜਾਂਦੇ ਹਨ। ਨਕਲੀਏ ਦੀ ਸੰਬੋਧਨੀ ਸ਼ੈਲੀ ਬਹੁ ਪਸਾਰੀ ਹੁੰਦੀ ਹੈ। ਨਕਲਾਂ ਦੇ ਪ੍ਰੋਗਰਾਮ ਦੌਰਾਨ ਜਦੋਂ ਮਨ ਚਾਹੇ ਦਰਸ਼ਕ ਉਨ੍ਹਾਂ ਨੂੰ ਪੈਸੇ ਦੇ ਸਕਦੇ ਹਨ ਜਿਸ ਨੂੰ 'ਵੇਲ' ਕਿਹਾ ਜਾਂਦਾ ਹੈ। ਪੈਸੇ ਮਿਲਣ 'ਤੇ ਨਕਲੀਏ ਨਕਲ ਨੂੰ ਉਥੇ ਰੋਕ ਕੇ ਪੈਸੇ ਦੇਣ ਵਾਲੇ ਦੀ ਉਚੀ ਹੇਕ ਵਿੱਚ ਵੇਲ ਕਰਦੇ ਹਨ। ਜੇ ਦਰਸ਼ਕ ਵੇਲ ਕਿਸੇ ਮਨਮਰਜ਼ੀ ਦੇ ਪਾਤਰ ਨੂੰ ਦੇਣਾ ਚਾਹੁੰਦੇ ਹੋਣ ਤਾਂ ਨੋਟ ਦਿਖਾ ਕੇ ਉਸ ਨੂੰ ਕੋਲ ਸੱਦ ਲੈਂਦੇ ਹਨ ਜਾਂ ਮੰਚ 'ਤੇ ਵੀ ਜਾ ਸਕਦੇ ਹਨ। ਮੰਚ ਦੇ ਪੱਖ ਤੋਂ ਨਕਲਾਂ ਸਮੂਹਿਕ ਤੇ ਖੁੱਲ੍ਹੇ ਚਰਿੱਤਰ ਦੀਆਂ ਧਾਰਨੀ ਹਨ। ਇਨ੍ਹਾਂ ਦੀ ਪੇਸ਼ਕਾਰੀ ਖੁੱਲ੍ਹੇ ਅਖਾੜੇ ਵਿੱਚ ਲੋਕਾਂ ਲਈ ਹੁੰਦੀ ਹੈ।

ਨਕਲਾਂ ਖੇਡਣ ਲਈ ਤਿੰਨ ਤਰ੍ਹਾਂ ਦਾ ਪਿੜ ਵਰਤਿਆ ਜਾਂਦਾ ਹੈ। ਘੱਗਰੀ, ਤੀਰ ਕਮਾਨੀ ਤੇ ਦਰੱਖਤ ਵਾਲਾ ਥੜ੍ਹਾ। ਜਦੋਂ ਨਕਲੀਏ ਇਕ ਥਾਂ ਖੜ ਕੇ ਨਕਲਾਂ ਕਰਨ ਤੇ ਦਰਸ਼ਕ ਉਨ੍ਹਾਂ ਦੇ ਚਾਰ ਚੁਫੇਰੇ ਗੋਲ ਘੇਰਾ ਬਣਾ ਲੈਣ ਤਾਂ ਉਸ ਪਿੜ ਨੂੰ ਘੱਗਰੀ ਪਿੜ ਕਿਹਾ ਜਾਂਦਾ ਹੈ। ਜੇ ਪਿਛਲੇ ਪਾਸੇ ਕਿਸੇ ਮਕਾਨ ਜਾਂ ਦੀਵਾਰ ਦਾ ਆਸਰਾ ਮਿਲ ਜਾਵੇ ਤੇ ਪਿਛਲੇ ਪਾਸੇ ਕੋਈ ਦਰਸ਼ਕ ਨਾ ਆ ਸਕੇ ਤਾਂ ਇਹ ਤੀਰ ਕਮਾਨੀ ਪਿੜ ਹੁੰਦਾ ਹੈ। ਕਦੇ-ਕਦੇ ਕਿਸੇ ਰੁੱਖ ਹੇਠਾਂ ਬਣਿਆ ਥੜ੍ਹਾ ਵੀ ਨਕਲਾਂ ਕਰਨ ਲਈ ਵਰਤ ਲਿਆ ਜਾਂਦਾ ਹੈ। ਨਕਲੀਏ ਮੁੰਡਾ ਜੰਮਣ, ਵਿਆਹਾਂ ਆਦਿ ਮੌਕੇ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਹਨ। ਅਜੋਕੇ ਸਮੇਂ ਵਿੱਚ ਵੀ ਕਿਸੇ ਖਾਸ ਸਮਾਗਮ 'ਤੇ ਇਨ੍ਹਾਂ ਨੂੰ ਸਾਈ ਦੇ ਕੇ ਸੱਦਿਆ ਜਾਂਦਾ ਹੈ। ਆਧੁਨਿਕ ਸਮੇਂ ਵਿੱਚ ਮਨੋਰੰਜਨ ਦੇ ਅਨੇਕਾਂ ਸਾਧਨ ਆ ਗਏ ਹਨ, ਜਿਸ ਕਾਰਨ ਨਕਲਾਂ ਦੀ ਕਲਾ ਪੰਜਾਬ ਵਿੱਚ ਲੋਪ ਹੁੰਦੀ ਜਾ ਰਹੀ ਹੈ। ਨਕਲੀਆਂ ਦੀ ਨਵੀਂ ਪੀੜ੍ਹੀ ਹੁਣ ਇਹ ਕੰਮ ਨਹੀਂ ਕਰਦੀ।






## ਸੜਕ ਹਾਦਸੇ ਵਿੱਚ ਪਤੀ-ਪਤਨੀ ਦੀ ਮੌਤ, ਬੱਚੇ ਜ਼ਖਮੀ




ਮੌੜ ਮੰਡੀ, 1 ਅਗਸਤ (ਪੋਸਟ ਬਿਊਰੋ)- ਇਥੋਂ ਨੇੜਲੇ ਪਿੰਡ ਮਾਈਸਰਖਾਨਾ ਦੇ ਇਤਿਹਾਸਕ ਗੁਰਦੁਆਰਾ ਤਿੱਤਰਸਰ ਸਾਹਿਬ ਨੇੜੇ ਬਠਿੰਡਾ-ਜ਼ੀਰਕਪੁਰ ਰਾਜ ਮਾਰਗ 'ਤੇ ਹਾਦਸੇ 'ਚ ਪਤੀ-ਪਤਨੀ ਦੀ ਮੌਤ ਹੋ ਗਈ ਅਤੇ ਉਨ੍ਹਾਂ ਦੇ ਦੋ ਬੱਚੇ ਜ਼ਖਮੀ ਹੋ ਗਏ, ਜਿਸ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਕ ਆਲਟੋ ਕਾਰ ਬਠਿੰਡਾ ਵੱਲੋਂ ਮੌੜ ਮੰਡੀ ਵੱਲ ਆ ਰਹੀ ਸੀ, ਜੋ ਸਾਹਮਣਿਓਂ ਆ ਰਹੇ ਹਿੰਦੁਸਤਾਨ ਪੈਟਰੋਲੀਅਮ ਦੇ ਤੇਲ ਲੋਡਰ ਟਰੱਕ ਕੋਲੋਂ ਲੰਘਣ ਸਮੇਂ ਉਸ ਨਾਲ ਟਕਰਾ ਗਈ। ਕਾਰ ਵਿੱਚ ਸਤਿਗੁਰ ਸਿੰਘ (44), ਉਸ ਦੀ ਪਤਨੀ ਅਮਰਜੀਤ ਕੌਰ (42), ਲੜਕੀ ਸਿਮਰਜੀਤ ਕੌਰ ਅਤੇ ਲੜਕਾ ਯੁਵਰਾਜ ਸਿੰਘ ਵਾਸੀ ਮਾਨਸਾ ਸਵਾਰ ਸਨ। ਹਾਦਸੇ ਦੌਰਾਨ ਉਹ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਬਠਿੰਡਾ ਤੇ ਮਾਨਸਾ ਦੇ ਹਸਪਤਾਲਾਂ ਵਿੱਚ ਭੇਜਿਆ ਗਿਆ। ਓਥੇ ਸਤਿਗੁਰ ਸਿੰਘ ਤੇ ਅਮਰਜੀਤ ਕੌਰ ਨੇ ਦਮ ਤੋੜ ਦਿੱਤਾ। ਲੜਕੀ ਸਿਮਰਜੀਤ ਕੌਰ ਦਾ ਬਠਿੰਡਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਲੜਕੇ ਯੁਵਰਾਜ ਸਿੰਘ ਦੇ ਮਾਮੂਲੀ ਸੱਟਾਂ ਲੱਗੀਆਂ ਹਨ।

ਇਸ ਘਟਨਾ ਦੇ ਜਾਂਚ ਅਫਸਰ ਪਰਮਜੀਤ ਸਿੰਘ ਨੇ ਦੱਸਿਆ ਕਿ ਮਾਨਸਾ ਵਾਸੀ ਸਤਿਗੁਰ ਸਿੰਘ ਆਪਣੇ ਪਰਵਾਰ ਨਾਲ ਬਠਿੰਡਾ ਤੋਂ ਆ ਰਿਹਾ ਸੀ ਕਿ ਜਦੋਂ ਉਹ ਸਾਹਮਣੇ ਤੋਂ ਆ ਰਹੇ ਟਰੱਕ ਨੂੰ ਕਰਾਸ ਕਰਨ ਲੱਗਾ ਤਾਂ ਅਚਾਨਕ ਕਾਰ ਟਰੱਕ ਨਾਲ ਟਕਰਾ ਗਈ, ਜਿਸ ਦੌਰਾਨ ਪਤੀ-ਪਤਨੀ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਟਰੱਕ ਚਾਲਕ ਮੌਕੇ ਤੋਂ ਫਰਾਰ ਹੋ ਗਿਆ ਹੈ। ਉਸ ਖਿਲਾਫ ਕੇਸ ਦਰਜ ਕਰਕੇ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

## 12 ਹਜ਼ਾਰ ਯੂਰੋ ਅਤੇ 33.63 ਲੱਖ ਦੀ ਹਵਾਲਾ ਰਾਸ਼ੀ ਨਾਲ ਇੱਕ ਜਣਾ ਕਾਬੂ

ਜਲੰਧਰ, 1 ਅਗਸਤ (ਪੋਸਟ ਬਿਊਰੋ)- ਬੂਟਾਂ ਦੇ ਡੱਬਿਆਂ ਵਿੱਚ ਛਿਪਾ ਕੇ ਲਿਆਂਦੀ ਜਾ ਰਹੀ 33.63 ਲੱਖ ਰੁਪਏ ਦੀ ਹਵਾਲਾ ਰਾਸ਼ੀ ਅਤੇ 12 ਹਜ਼ਾਰ ਯੂਰੋ ਸਮੇਤ ਇੱਕ ਦੋਸ਼ੀ ਨੂੰ ਪੁਲਸ ਨੇ ਫਿਲੌਰ ਤੋਂ ਗ੍ਰਿਫਤਾਰ ਕੀਤਾ ਹੈ। ਇਹ ਰਾਸ਼ੀ ਉਹ ਲੁਧਿਆਣਾ ਤੋਂ ਲੈ ਕੇ ਆਇਆ ਸੀ ਤੇ ਫਗਵਾੜਾ ਦੇ ਕਿਸੇ ਹਵਾਲਾ ਕਾਰੋਬਾਰੀ ਅਸ਼ੋਕ ਕੁਮਾਰ ਨੂੰ ਦੇਣੀ ਸੀ।

ਪੁਲਸ ਨੇ ਬਰਾਮਦ ਕੀਤੇ ਗਏ ਰੁਪਏ, ਯੂਰੋ ਅਤੇ ਦੋਸ਼ੀ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਹਵਾਲੇ ਕਰ ਦਿੱਤਾ ਹੈ। ਈ ਡੀ ਦੇ ਅਸਿਸਟੈਂਟ ਡਾਇਰੈਕਟਰ ਜਗਮਿੰਦਰ ਸਿੰਘ ਦੀ ਅਗਵਾਈ ਵਿੱਚ ਟੀਮ ਨੇ ਉਸ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਫਿਲੌਰ ਦੇ ਡੀ ਐੱਸ ਪੀ ਦਵਿੰਦਰ ਅੱਤਰੀ ਨੇ ਦੱਸਿਆ ਕਿ ਫਿਲੌਰ ਦੇ ਹਾਈਟੈਕ ਨਾਕੇ ਉੱਤੇ ਐੱਸ ਐੱਚ ਓ



ਇੰਸਪੈਕਟਰ ਸੁੱਖਾ ਸਿੰਘ ਆਪਣੀ ਟੀਮ ਨਾਲ ਮੌਜੂਦ ਸਨ। ਇਸ ਦੌਰਾਨ ਰੂਟੀਨ ਚੈਕਿੰਗ ਲਈ ਲੁਧਿਆਣਾ ਵੱਲੋਂ ਆ ਰਹੀ ਬਸ ਨੂੰ ਰੋਕਿਆ ਅਤੇ ਸ਼ੱਕ ਹੋਣ ਉਤੇ ਬੂਟਾਂ ਦੇ ਡੱਬਿਆਂ ਦੀ ਜਾਂਚ ਕੀਤੀ ਗਈ ਤਾਂ ਉਨ੍ਹਾਂ ਵਿੱਚ ਰੁਪਿਆਂ ਦੀਆਂ ਗੱਠੀਆਂ ਸਨ। ਪੁਲਸ ਨੇ ਤੁਰੰਤ ਦੋਸ਼ੀ ਸੁਰਿੰਦਰ ਸਿੰਘ ਵਾਸੀ ਹਰਗੋਬਿੰਦ ਨਗਰ ਫਗਵਾੜਾ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਸ ਜਾਂਚ ਵਿੱਚ ਇਹੀ ਸੰਭਾਵਨਾ ਦੱਸੀ ਜਾ ਰਹੀ ਹੈ ਕਿ ਇਹ ਪੈਸੇ ਵਿਦੇਸ਼ ਤੋਂ ਹਵਾਲਾ ਰਾਹੀਂ ਲੁਧਿਆਣਾ ਪਹੁੰਚੇ ਸਨ, ਜਿਸ ਨੂੰ ਸੁਰਿੰਦਰ ਸਿੰਘ ਨੇ ਹਵਾਲਾ ਕਾਰੋਬਾਰੀ ਅਸ਼ੋਕ ਤੱਕ ਪਹੁੰਚਾਉਣਾ ਸੀ। ਫਿਰ ਇਨ੍ਹਾਂ ਪੈਸਿਆਂ ਨੂੰ ਉਨ੍ਹਾਂ ਲੋਕਾਂ ਤੱਕ ਭੇਜਿਆ ਜਾਣਾ ਸੀ, ਜਿਨ੍ਹਾਂ ਲਈ ਇਹ ਭੇਜੇ ਗਏ ਸਨ। ਸੁਰਿੰਦਰ ਸਿੰਘ ਨੇ ਪੁੱਛਗਿੱਛ ਵਿੱਚ ਕਿਹਾ ਕਿ ਉਹ ਫਗਵਾੜਾ ਦੇ ਅਸ਼ੋਕ ਦੇ ਲਈ ਕੰਮ ਕਰਦਾ ਹੈ, ਜੋ ਇਹ ਹਵਾਲਾ ਦਾ ਕਾਰੋਬਾਰ ਚਲਾਉਂਦਾ ਹੈ। ਫਿਲੌਰ ਵਿੱਚ ਲੱਗੇ ਇਸ ਹਾਈਟੈੱਕ ਨਾਕੇ 'ਤੇ ਪੁਲਸ ਵੱਲੋਂ ਰੂਟੀਨ ਵਿੱਚ ਹਰ ਪ੍ਰਾਈਵੇਟ ਗੱਡੀ ਦੀ ਜਾਂਚ ਕੀਤੀ ਜਾਂਦੀ ਹੈ। ਦੇਰ ਸ਼ਾਮ ਅਤੇ ਰਾਤ ਨੂੰ ਚੱਲਣ ਵਾਲੀਆਂ ਬਸਾਂ ਦੀ ਖਾਸ ਤਲਾਸ਼ੀ ਹੁੰਦੀ ਹੈ, ਕਿਉਂਕਿ ਅਕਸਰ ਉਨ੍ਹਾਂ ਰਾਹੀਂ ਗੈਰ ਕਾਨੂੰਨੀ ਕਾਰੋਬਾਰ ਚਲਾਇਆ ਜਾਂਦਾ ਹੈ ਅਤੇ ਸਵਾਰੀਆਂ ਦੇ ਕਾਰਨ ਦੋਸ਼ੀ ਬਚਣ ਦੀ ਤਾਕ ਵਿੱਚ ਰਹਿੰਦੇ ਹਨ।

## ਮੈਂ ਬੇਅਦਬੀ ਮਾਮਲੇ ਵਿੱਚ ਕਿਸੇ ਨੂੰ ਕਲੀਨ ਚਿੱਟ ਕਦੇ ਨਹੀਂ ਦਿੱਤੀ: ਸੁਖਬੀਰ

ਚੰਡੀਗੜ੍ਹ, 1 ਅਗਸਤ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੱਲ੍ਹ ਬੇਅਦਬੀ ਕੇਸ ਵਿੱਚ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਬਾਰੇ ਮੀਡੀਆ ਵੱਲੋਂ ਪੇਸ਼ ਕੀਤੇ ਉਨ੍ਹਾਂ ਦੇ ਬਿਆਨ 'ਤੇ ਸਖ਼ਤ ਇਤਰਾਜ਼ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਬਿਆਨ ਨੂੰ ਬਿਲਕੁਲ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਕੇਸ ਵਿੱਚ ਮੈਂ ਕਦੇ ਕਿਸੇ ਨੂੰ ਕਲੀਨ ਚਿੱਟ ਨਹੀਂ ਦਿੱਤੀ ਅਤੇ ਨਾ ਡੇਰਾ ਪ੍ਰੇਮੀਆਂ ਦੀ ਗ੍ਰਿਫਤਾਰੀ ਨੂੰ ਗਲਤ ਆਖਿਆ ਹੈ। ਉਨ੍ਹਾਂ ਕਿਹਾ ਕਿ ਇਸ ਦੇ ਉਲਟ ਮੀਡੀਆ ਨਾਲ ਗੱਲਬਾਤ ਦੌਰਾਨ ਮੈਂ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਅਕਾਲੀ ਦਲ ਇਸ ਕਲੋਜ਼ਰ ਰਿਪੋਰਟ ਦਾ ਸਖ਼ਤ ਵਿਰੋਧ ਕਰਦਾ ਅਤੇ ਚਾਹੁੰਦਾ ਹੈ ਕਿ



ਇਸ ਕੇਸ ਨੂੰ ਕਿਸੇ ਸਿੱਟੇ ਉੱਤੇ ਪਹੁੰਚਾਇਆ ਜਾਵੇ। ਉਨ੍ਹਾਂ ਕਿਹਾ ਕਿ ਜਿਹੜੇ ਵੀ ਦੋਸ਼ੀ ਹੋਣ, ਉਨ੍ਹਾਂ ਨੂੰ ਫਾਂਸੀ ਹੋਣੀ ਚਾਹੀਦੀ ਹੈ।

ਸੁਖਬੀਰ ਸਿੰਘ ਬਾਦਲ ਨੇ ਕਲੋਜ਼ਰ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਇਸ ਜਾਂਚ ਨੂੰ ਬੰਦ ਕਰਨ ਦੇ ਵਿਰੁੱਧ ਮੈਂ ਪੂਰੀ ਦ੍ਰਿੜ੍ਹਤਾ ਨਾਲ ਆਪਣਾ ਅਤੇ ਆਪਣੀ ਪਾਰਟੀ ਦਾ ਸਟੈਂਡ ਦੁਹਰਾਉਂਦਾ ਹਾਂ। ਅਸੀਂ ਇਸ ਕਲੋਜ਼ਰ ਰਿਪੋਰਟ ਨੂੰ ਵਾਪਸ ਲਏ ਜਾਣ ਦੀ ਮੰਗ ਕੀਤੀ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸੀ ਬੀ ਆਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਦੀ ਜਾਂਚ ਨੂੰ ਅੰਤਿਮ ਸਿੱਟੇ ਉੱਤੇ ਪਹੁੰਚਾਉਣ ਦਾ ਨਿਰਦੇਸ਼ ਦੇਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਅਸਲੀ ਦੋਸ਼ੀਆਂ, ਉਨ੍ਹਾਂ ਦੇ ਸਪਾਂਸਰਾਂ ਤੇ ਇਸ ਸਾਜ਼ਿਸ਼ ਦੇ ਸਰਗਣਿਆਂ ਨੂੰ ਲੋਕਾਂ ਦੇ ਸਾਹਮਣੇ ਨੰਗਾ ਕਰਨਾ ਚਾਹੁੰਦਾ ਹੈ ਤੇ ਉਨ੍ਹਾਂ ਨੂੰ ਕਾਨੂੰਨ ਰਾਹੀਂ ਅਜਿਹੀ ਮਿਸਾਲੀ ਸਜ਼ਾ ਦਿਵਾਉਣੀ ਚਾਹੁੰਦਾ ਹੈ ਕਿ ਭਵਿੱਖ ਵਿੱਚ ਕੋਈ ਅਜਿਹੀ ਹਰਕਤ ਕਰਨ ਦੀ ਜੁਰਅੱਤ ਨਾ ਕਰੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਵੇਖ ਕੇ ਸਾਰੇ ਸਿੱਖਾਂ ਨੂੰ ਬਹੁਤ ਦੁੱਖ ਹੁੰਦਾ ਹੈ ਕਿ ਸੂਬੇ ਅੰਦਰ ਬੇਅਦਬੀ ਦੀਆਂ ਘਿਨਾਉਣੀਆਂ ਘਟਨਾਵਾਂ ਲਗਾਤਾਰ ਜਾਰੀ ਹਨ ਅਤੇ ਕਾਂਗਰਸ ਸਰਕਾਰ ਨੇ ਇਸ ਸਾਰੀ ਸਾਜ਼ਿਸ਼ ਦੀ ਜੜ੍ਹ ਤੱਕ ਜਾਣ ਲਈ ਕੋਈ ਗੰਭੀਰਤਾ ਜਾਂ ਕਾਹਲ ਨਹੀਂ ਵਿਖਾਈ ਹੈ।

## ਮੁਹੰਮਦ ਸਦੀਕ ਦੀ ਤੂੰਬੀ ਅਖਾੜਿਆਂ ਦੇ ਵਿੱਚ ਏਦਾਂ ਹੀ ਟੁਣਕਦੀ ਰਹੂ!

ਬਠਿੰਡਾ, 1 ਅਗਸਤ (ਪੋਸਟ ਬਿਊਰੋ)- ਫਰੀਦਕੋਟ ਤੋਂ ਪਾਰਲੀਮੈਂਟ ਮੁਹੰਮਦ ਸਦੀਕ ਦੀ ਤੂੰਬੀ ਭਵਿੱਖ ਵਿੱਚ ਵੀ ਏਦਾਂ ਹੀ ਟੁਣਕਦੀ ਰਹੇਗੀ। ਉਸ ਦੇ ਲਈ ਤੂੰਬੀ ਇਕੱਲੀ ਰੂਹ ਦੀ ਖੁਰਾਕ ਨਹੀਂ, ਰੋਜ਼ੀ ਦਾ ਵਸੀਲਾ ਵੀ ਹੈ। ਸਦੀਕ ਪਾਰਲੀਮੈਂਟ ਦੀ ਪੌੜੀ ਜ਼ਰੂਰ ਚੜ੍ਹੇ ਹਨ। ਉਹ ਹਾਲੇ ਅਖਾੜਿਆਂ ਦੀ ਸਟੇਜ ਤੋਂ ਨਹੀਂ ਉਤਰਨਗੇ।

ਇਸ ਸੰਬੰਧ ਵਿੱਚ ਮੁਹੰਮਦ ਸਦੀਕ ਨੇ ਕਿਹਾ ਕਿ ਜਦੋਂ ਤੱਕ ਦਮ ਹੈ, ਉਦੋਂ ਤੱਕ ਤੂੰਬੀ ਨਹੀਂ ਰੁਕੇਗੀ, ਉਦੋਂ ਕੋਈ ਅਖਾੜਾ ਨਹੀਂ ਲੱਗੇਗਾ ਜਦੋਂ ਪਾਰਲੀਮੈਂਟ ਸੈਸ਼ਨ ਚੱਲਦਾ ਹੋਵੇਗਾ। ਸਦੀਕ ਨੇ ਕਿਹਾ ਕਿ ਪਾਰਲੀਮੈਂਟ 'ਚ ਲੋਕ ਮੁੱਦਿਆਂ ਦੀ ਗੂੰਜ ਪਾਵਾਂਗਾ ਅਤੇ ਲੋਕ ਫਰਜ਼ਾਂ 'ਤੇ ਪਹਿਰਾ ਦਿਆਂਗਾ। ਵਰਨਣ ਯੋਗ ਹੈ ਕਿ ਚਰਚੇ ਚੱਲਦੇ ਹਨ ਕਿ ਮੁਹੰਮਦ ਸਦੀਕ ਲੋਕ ਸਭਾ ਦੇ ਮੈਂਬਰ ਬਣ ਗਏ ਹਨ, ਇਸ ਲਈ ਉਨ੍ਹਾਂ ਦੇ ਅਖਾੜੇ ਨਹੀਂ ਸੱਜਣਗੇ। ਮੁਹੰਮਦ ਸਦੀਕ ਨੇ ਦੱਸਿਆ ਕਿ ਗਾਇਕੀ ਉਸ ਦੀ ਰੋਜ਼ੀ ਰੋਟੀ ਹੈ ਅਤੇ ਕਮਾਈ ਦਾ ਹੋਰ ਕੋਈ ਸਾਧਨ ਨਹੀਂ। ਨਾ ਖੇਤੀ ਵਾਲੀ ਤੇ ਨਾ ਕੋਈ ਵਪਾਰਕ ਪ੍ਰਾਪਰਟੀ ਹੈ। ਤੂੰਬੀ ਨਾਲ ਹੀ ਘਰ ਬਾਰ ਚੱਲਦਾ ਹੈ ਅਤੇ ਨਾਲੇ ਚੋਣ ਜਿੱਤਣ ਨਾਲ ਖਰਚੇ ਵੀ ਵਧ ਗਏ ਹਨ।

ਵਰਨਣ ਯੋਗ ਹੈ ਕਿ ਐਮ ਪੀ ਬਣਨ ਮਗਰੋਂ ਮੁਹੰਮਦ ਸਦੀਕ ਦੋ ਤਿੰਨ ਅਖਾੜੇ ਲਾ ਚੁੱਕੇ ਹਨ। ਉਹ ਆਖਦੇ ਹਨ ਕਿ ਪਹਿਲਾਂ ਵਾਲੀ ਗੱਲ ਤਾਂ ਨਹੀਂ ਰਹੀ, ਪ੍ਰੰਤੂ ਉਨ੍ਹਾਂ ਦੀ ਤੂੰਬੀ ਵੱਜਦੀ ਰਹੇਗੀ। 79 ਸਾਲਾਂ ਦੇ ਹੋ ਗਏ ਸਦੀਕ ਨੇ 1960 ਤੋਂ ਸਟੇਜੀ ਪ੍ਰੋਗਰਾਮ ਸ਼ੁਰੂ ਕੀਤੇ ਸਨ। ਉਹ ਜਦੋਂ ਪਹਿਲੀ ਵਾਰ ਭਦੌੜ ਤੋਂ ਵਿਧਾਇਕ ਬਣ ਕੇ ਵਿਧਾਨ ਸਭਾ ਵਿੱਚ ਗਏ ਤਾਂ ਉਦੋਂ ਸਿਆਸੀ ਭਲਵਾਨਾਂ 'ਚ ਘਿਰ ਗਏ ਸਨ। ਵੱਡੇ ਬਾਦਲ ਦੀ ਸਿਫਾਰਸ਼ 'ਤੇ ਸਦੀਕ ਨੇ ਸੈਸ਼ਨ 'ਚ ਪ੍ਰੋ. ਮੋਹਨ ਸਿੰਘ ਦੀ ਕਵਿਤਾ ਸੁਣਾ ਦਿੱਤੀ ਤਾਂ ਉਦੋਂ ਚੱਲਦੇ ਸੈਸ਼ਨ 'ਚ ਸਦੀਕ ਦਾ ਮਜ਼ਾਕ ਉਡਾਇਆ ਗਿਆ ਸੀ। ਮੁਹੰਮਦ ਸਦੀਕ ਆਖਦੇ ਹਨ ਕਿ ਉਦੋਂ ਉਹ ਸ਼ਰਾਫਤ ਕਾਰਨ ਫਸ ਗਏ ਤੇ ਸਿਆਸੀ ਲੋਕਾਂ ਦੇ ਦਾਅ ਪੇਚਾਂ ਤੋਂ ਅਣਜਾਣ ਸਨ। ਭੋਲੇਪਣ ਵਿੱਚ ਪੰਜਾਬ ਦੀ ਸਿਫਤ ਵਾਲੀ ਕਵਿਤਾ ਸੁਣਾ ਬੈਠੇ ਸਨ। ਸਦੀਕ ਨੇ ਪਾਰਲੀਮੈਂਟ ਦੇ ਪਹਿਲੇ ਤਜਰਬੇ ਬਾਰੇ ਆਖਿਆ ਕਿ 'ਪਾਰਲੀਮੈਂਟ 'ਚ ਹਕੂਮਤ ਵਾਲੇ ਸ਼ੁਗਲੀ ਲੋਕ ਬੈਠੇ ਹਨ, ਜਿਨ੍ਹਾਂ ਦੇ ਜਾਲ 'ਚ ਉਹ ਨਹੀਂ ਫਸਣਗੇ। ਜੋ ਭੁੱਲ ਵਿਧਾਨ ਸਭਾ 'ਚ ਹੋਈ, ਉਹ ਪਾਰਲੀਮੈਂਟ 'ਚ ਕਦਾਚਿੱਤ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਲੰਚ ਸਮੇਂ ਦੌਰਾਨ ਕਈ ਐਮ ਪੀਜ਼ ਗਾਣਾ ਸੁਣਨ ਦੀ ਇੱਛਾ ਜ਼ਾਹਰ ਕਰਦੇ ਹਨ, ਪਰ ਉਨ੍ਹਾਂ ਕੋਰੀ ਨਾਂਹ ਕਰ ਦਿੱਤੀ। ਸਦੀਕ ਆਖਦਾ ਹੈ ਕਿ 'ਹੁਣ ਤਾਂ ਬੋਚ-ਬੋਚ ਪੈਰ ਧਰਦਾ ਹਾਂ।'

## ਧੀ ਨੇ ਮਾਂ ਉਤੇ ਪਿਓ ਨੂੰ ਕਤਲ ਕਰਨ ਦੇ ਦੋਸ਼ ਲਾਏ




ਮੱਖੂ, 1 ਅਗਸਤ (ਪੋਸਟ ਬਿਊਰੋ)- ਪਿੰਡ ਵਰ੍ਹਿਆਂ ਤੋਂ ਸ਼ੱਕੀ ਹਾਲਤ ਵਿੱਚ ਲਾਪਤਾ ਹੋਏ ਵਿਅਕਤੀ ਦੀ ਧੀ ਨੇ ਮਾਂ ਉਤੇ ਆਪਣੇ ਪਤੀ ਨੂੰ ਕਤਲ ਕਰਕੇ ਲਾਸ਼ ਖੁਰਦ ਬੁਰਦ ਕਰਨ ਦੇ ਦੋਸ਼ ਲਾਏ ਹਨ। ਜੈਮਲ ਸਿੰਘ, ਚਾਚਾ ਹਰਜਿੰਦਰ ਸਿੰਘ ਤੇ ਲਾਪਤਾ ਸਰਵਣ ਸਿੰਘ ਦੇ ਮਾਮਾ ਰੂੜ ਸਿੰਘ ਦੀ ਹਾਜ਼ਰੀ ਵਿੱਚ ਕੋਮਲਪ੍ਰੀਤ ਕੌਰ ਨੇ ਇਹ ਦੋਸ਼ ਲਾਏ ਹਨ।

ਲਾਪਤਾ ਵਿਅਕਤੀ ਦੀ ਧੀ ਕੋਮਲਪ੍ਰੀਤ ਨੇ ਕਿਹਾ ਕਿ 28-29 ਜੁਲਾਈ ਦੀ ਰਾਤ ਉਸ ਦਾ ਬਾਪ ਅਚਾਨਕ ਬਿਨਾਂ ਦੱਸੇ ਘਰ ਤੋਂ ਗਾਇਬ ਹੋਣ ਬਾਰੇ ਉਸ ਨੂੰ ਸ਼ੱਕ ਹੈ। ਉਸ ਨੇ ਦੱਸਿਆ ਕਿ ਉਸ ਦਾ ਬਾਪ ਕਿਤੇ ਵੀ ਜਾਣ ਵੇਲੇ ਉਸੇ ਨੂੰ ਕੱਪੜੇ ਤਿਆਰ ਕਰਨ ਲਈ ਕਹਿੰਦਾ ਸੀ। ਇਸ ਦੇ ਬਾਅਦ ਪਿਤਾ ਦੇ ਨੰਬਰ 'ਤੇ ਬਹੁਤ ਵਾਰੀ ਫੋਨ ਕੀਤਾ, ਪਰ ਫੋਨ ਬੰਦ ਆ ਰਿਹਾ ਸੀ। ਮਾਂ ਨੂੰ ਪੁੱਛਣ ਉੱਤੇ ਉਸ ਨੇ ਦੱਸਿਆ ਕਿ ਸਰਵਣ ਸਿੰਘ ਹਿਮਾਚਲ ਪ੍ਰਦੇਸ਼ ਕੰਮ ਵਾਸਤੇ ਇਕ ਮਹੀਨੇ ਲਈ ਚਲਾ ਗਿਆ ਹੈ। ਕੋਮਲਪ੍ਰੀਤ ਕੌਰ ਨੇ ਮਾਂ ਦੇ ਚਰਿੱਤਰ ਬਾਰੇ ਕਿਹਾ ਕਿ ਦੇਰ ਰਾਤ ਤੱਕ ਘਰੋਂ ਬਾਹਰ ਰਹਿਣ ਵਾਲੀ ਉਸ ਦੀ ਮਾਂ ਕਦੇ ਵੀ ਸਵੇਰੇ 10 ਵਜੇ ਤੋਂ ਪਹਿਲਾਂ ਨਹੀਂ ਜਾਗਦੀ ਸੀ। ਘਟਨਾ ਵਾਲੇ ਦਿਨ ਉਹ ਤੜਕੇ ਚਾਰ ਵਜੇ ਘਰ ਦੀ ਸਫਾਈ ਤੋਂ ਬਾਅਦ ਕੱਪੜੇ ਧੋ ਰਹੀ ਸੀ, ਪੁੱਛਣ 'ਤੇ ਆਖਣ ਲੱਗੀ ਕਿ ਨੀਂਦ ਨਹੀਂ ਆਈ ਤਾਂ ਕੰਮ ਕਰ ਰਹੀ ਹਾਂ। ਕੋਮਲਪ੍ਰੀਤ ਦੇ ਮੁਤਾਬਕ ਮਾਂ ਦੇ ਕੁਝ ਬਾਹਰੀ ਵਿਅਕਤੀ ਨਾਲ ਸੰਪਰਕ ਸਨ।

30 ਜੁਲਾਈ ਸਵੇਰੇ ਮਾਂ ਸੁੱਤੀ ਸੀ ਤਾਂ ਉਹ ਸ਼ਿਕਾਇਤ ਲੈ ਕੇ ਮੱਖੂ ਥਾਣੇ ਪਹੁੰਚ ਗਈ। ਥਾਣੇ ਵਿੱਚ ਮਾਂ ਦੇ ਵਾਕਫ ਬੰਦੇ ਵੇਖ ਕੇ ਉਹ ਡਰ ਗਈ ਤੇ ਦਾਦੇ ਦੇ ਭਰਾ ਦੇ ਘਰ ਰਸੂਲਪੁਰ ਫਾਟਕ ਨੇੜੇ ਪੁੱਜੀ ਤੇ ਉਸ ਦੇ ਰਾਹੀਂ ਦਿੱਲੀ ਪੁਲਸ ਦੇ ਸਾਬਕਾ ਉਤ ਅਧਿਕਾਰੀ ਰਿਸ਼ਤੇਦਾਰ ਜ਼ਰੀਏ ਪੱਤਰਕਾਰਾਂ ਨਾਲ ਸੰਪਰਕ ਕੀਤਾ। ਥਾਣਾ ਮੁਖੀ ਇੰਸਪੈਕਟਰ ਜਤਿੰਦਰ ਸਿੰਘ ਨੇ ਸੰਪਰਕ ਕਰਨ 'ਤੇ ਆਖਿਆ ਕਿ ਧੀ ਤੇ ਉਸ ਦੇ ਰਿਸ਼ਤੇਦਾਰਾਂ ਨੂੰ ਥਾਣੇ ਭੇਜੋ। ਮਾਮਲਾ ਗੰਭੀਰ ਹੈ। ਪੜਤਾਲ ਕਰਾਂਗੇ।

## ਕ੍ਰਿਕਟਰ ਹਰਭਜਨ ਸਿੰਘ ਦੇ ਕੇਸ ਵਿੱਚ ਪੰਜਾਬ ਸਰਕਾਰ ਨੇ ਜਾਂਚ ਦੇ ਹੁਕਮ ਦਿੱਤੇ

ਚੰਡੀਗੜ੍ਹ, 1 ਅਗਸਤ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਭਾਰਤੀ ਕ੍ਰਿਕਟਰ ਹਰਭਜਨ ਸਿੰਘ ਦੇ ਇਨ੍ਹਾਂ ਦੋਸ਼ਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ ਕਿ ਰਾਜ ਦੇ ਖੇਡ ਵਿਭਾਗ ਦੀ ਪ੍ਰਸ਼ਾਸਨਿਕ ਦੇਰੀ ਉਨ੍ਹਾਂ ਨੂੰ ਵੱਕਾਰੀ ਖੇਡ ਰਤਨ ਪੁਰਸਕਾਰ ਨਾ ਮਿਲਣ ਸਕਣ ਦਾ ਕਾਰਨ ਹੈ। ਖੇਡ ਰਤਨ ਪੁਰਸਕਾਰ ਦੇ ਲਈ ਇਸ ਕ੍ਰਿਕਟਰ ਦੀ ਨਾਮਜ਼ਦਗੀ ਨੂੰ ਕੇਂਦਰੀ ਖੇਡ ਤੇ ਯੁਵਾ ਮਾਮਲਿਆਂ ਦੇ ਮੰਤਰਾਲੇ ਨੇ ਇਸ ਆਧਾਰ 'ਤੇ ਰੱਦ ਕਰ ਦਿੱਤਾ ਸੀ ਕਿ ਉਨ੍ਹਾਂ ਦੇ ਦਸਤਾਵੇਜ਼ ਲੇਟ ਪਹੁੰਚੇ ਹਨ। ਹਰਭਜਨ ਸਿੰਘ ਨੇ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਇਸ ਵਿੱਚ ਦਖਲ ਦੀ ਅਪੀਲ ਕੀਤੀ ਤੇ ਮੰਤਰੀ ਨੇ ਇਸ ਕ੍ਰਿਕਟਰ ਦੇ ਦਸਤਾਵੇਜ਼ ਕੇਂਦਰ ਨੂੰ ਦੇਰ ਨਾਲ ਭੇਜਣ ਦੇ ਮਾਮਲੇ ਦੀ ਜਾਂਚ ਦਾ ਹੁਕਮ ਦਿੱਤਾ ਹੈ। ਰਾਣਾ ਗੁਰਮੀਤ ਸਿੰਘ ਸੋਢੀ ਨੇ ਦੱਸਿਆ, ਮੈਂ ਇਸ ਮਾਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਡਾਇਰੈਕਟਰ (ਖੇਡ) ਨੂੰ ਸੌਂਪੀ ਹੈ।

ਆਪਣੇ ਟਵਿੱਟਰ ਹੈਂਡਲ ਉੱਤੇ ਪਾਏ ਵੀਡੀਓ ਵਿੱਚ ਹਰਭਜਨ ਸਿੰਘ ਨੇ ਦਾਅਵਾ ਕੀਤਾ ਸੀ ਕਿ ਇਸ ਪੁਰਸਕਾਰ ਦੀ ਨਾਮਜ਼ਦਗੀ ਦੇ ਲਈ



ਉਨ੍ਹਾਂ ਨੇ ਆਪਣਾ ਫਾਰਮ ਪੰਜਾਬ ਖੇਡ ਵਿਭਾਗ ਨੂੰ ਸਮੇਂ ਸਿਰ ਜਮ੍ਹਾ ਕਰਵਾ ਦਿੱਤਾ ਸੀ। ਹਰਭਜਨ ਨੇ ਕਿਹਾ, ਮੈਨੂੰ ਮੀਡੀਆ ਤੋਂ ਪਤਾ ਲੱਗਾ ਕਿ ਰਾਜੀਵ ਗਾਂਧੀ ਖੇਡ ਰਤਨ ਪੁਰਸਕਾਰ ਲਈ ਪੰਜਾਬ ਸਰਕਾਰ ਨੇ ਮੇਰੇ ਨਾਂਅ ਦੀ ਸਿਫਾਰਸ਼ ਕਰਨ ਵਾਲੀ ਜੋ ਫਾਈਲ ਕੇਂਦਰ ਨੂੰ ਭੇਜੀ, ਉਸ ਨੂੰ ਇਹ ਕਾਰਨ ਦੱਸ ਕੇ ਰੱਦ ਕਰ ਦਿੱਤਾ ਗਿਆ ਕਿ ਇਹ ਦਸਤਾਵੇਜ਼ ਕਾਫੀ ਦੇਰ ਨਾਲ ਪਹੁੰਚੇ ਹਨ ਅਤੇ ਮੈਨੂੰ ਪਤਾ ਲੱਗਾ ਹੈ ਕਿ ਇਸ ਦੇਰ ਕਾਰਨ ਇਸ ਵਾਰ ਪੁਰਸਕਾਰ ਦੇ ਲਈ ਮੇਰੇ ਨਾਂਅ 'ਤੇ ਵਿਚਾਰ ਨਹੀਂ ਕੀਤਾ ਜਾਏਗਾ ਅਤੇ ਇਸ ਦੇ ਕਾਰਨ ਇਸ ਵਾਰ ਮੈਨੂੰ ਪੁਰਸਕਾਰ ਨਹੀਂ ਮਿਲੇਗਾ।

ਹਰਭਜਨ ਸਿੰਘ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਸੰਬੰਧਤ ਦਸਤਾਵੇਜ਼ 20 ਮਾਰਚ ਨੂੰ ਜਮ੍ਹਾ ਕਰਾ ਦਿੱਤੇ ਸਨ, ਉਨ੍ਹਾਂ ਦੀ ਸਮਝ ਨਹੀਂ ਆਇਆ ਕਿ ਉਨ੍ਹਾਂ ਦੇ ਦਸਤਾਵੇਜ਼ ਕੇਂਦਰ ਸਰਕਾਰ ਕੋਲ ਭੇਜਣ ਵਿੱਚ ਦੇਰ ਕਿਸ ਨੇ ਕੀਤੀ ਸੀ, ਜਿਸ ਦੇ ਕਾਰਨ ਉਨ੍ਹਾਂ ਨੇ ਇਸ ਨੂੰ ਰੱਦ ਕਰ ਦਿੱਤਾ। ਉਸ ਨੇ ਮੰਤਰੀ ਨੂੰ ਕਿਹਾ ਕਿ ਅਗਲੇ ਸਾਲ ਉਨ੍ਹਾਂ ਦੇ ਨਾਮਜ਼ਦਗੀ ਦਸਤਾਵੇਜ਼ ਫਿਰ ਭੇਜੇ ਜਾਣ, ਪਰ ਜੇ ਇੰਝ ਹੀ ਦੇਰ ਹੁੰਦੀ ਰਹੀ ਤਾਂ ਖਿਡਾਰੀ ਪਿੱਛੇ ਰਹਿ ਜਾਣਗੇ, ਜੋ ਸਹੀ ਨਹੀਂ ਹੈ ਤੇ ਉਮੀਦ ਕਰਦਾ ਹਾਂ ਕਿ ਤੁਸੀਂ (ਸੋਢੀ) ਮਾਮਲੇ ਵਿੱਚ ਕਾਰਵਾਈ ਕਰਨਗੇ ਅਤੇ ਦੋਬਾਰਾ ਮੇਰੇ ਨਾਂਅ ਦੀ ਸਿਫਾਰਸ਼ ਭੇਜਣਗੇ।

## ਮੱਲਕੇ ਬੇਅਦਬੀ ਕੇਸ ਵਿੱਚ ਪੰਜ ਡੇਰਾ ਪ੍ਰੇਮੀਆਂ 'ਤੇ ਦੋਸ਼ ਲਾਗੂ

ਚੰਡੀਗੜ੍ਹ, 1 ਅਗਸਤ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ 2015 ਵਿੱਚ ਦਰਜ ਹੋਏ ਕੇਸਾਂ ਵਿਚੋਂ ਪਿੰਡ ਮੱਲਕੇ ਵਾਲੀ ਘਟਨਾ ਨਾਲ ਸਬੰਧਤ ਮਾਮਲੇ ਵਿੱਚ ਕੱਲ੍ਹ ਮੋਗਾ ਦੇ ਜੁਡੀਸ਼ਲ ਮੈਜਿਸਟਰੇਟ ਦਲਜੀਤ ਕੌਰ ਨੇ ਪੰਜ ਡੇਰਾ ਪ੍ਰੇਮੀਆਂ ਵਿਰੁੱਧ ਦੋਸ਼ ਲਾਗੂ ਕਰਨ ਦਾ ਫੈਸਲਾ ਲਿਆ ਹੈ।



ਚਾਰ ਨਵੰਬਰ 2015 ਨੂੰ ਸਵੇਰੇ ਚਾਰ ਤੋਂ ਪੰਜ ਵਜੇ ਵਿਚਾਲੇ ਵਾਪਰੀ ਇਸ ਘਟਨਾ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਪੱਤਰੇ ਪਾੜ ਕੇ ਸੁੱਟੇ ਗਏ ਸਨ, ਜਿਸ ਦੇ ਬਾਅਦ ਥਾਣਾ ਸਮਾਲਸਰ ਵਿਖੇ ਸ਼ਿਕਾਇਤ ਦਰਜ ਕੀਤੀ ਗਈ ਸੀ। ਇਸ ਦੀ ਜਾਂਚ ਦਾ ਕੰਮ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੂੰ ਦਿੱਤਾ ਗਿਆ ਸੀ, ਜਿਨ੍ਹਾਂ ਨੇ ਜੂਨ 2018 ਵਿੱਚ ਬੇਅਦਬੀ ਦੇ ਕੇਸਾਂ ਬਾਰੇ ਮਹਿੰਦਰਪਾਲ ਬਿੱਟੂ ਦੀ ਗ੍ਰਿਫਤਾਰੀ ਪਿੱਛੋਂ ਉਸ ਤੋਂ ਕੀਤੀ ਪੁੱਛਗਿੱਛ ਦੇ ਆਧਾਰ 'ਤੇ ਮਲਕੇ ਘਟਨਾ ਦੇ ਦੋਸ਼ੀਆਂ ਤੱਕ ਪੁੱਜਣ 'ਚ ਸਫਲਤਾ ਹਾਸਲ ਕੀਤੀ ਸੀ। ਕੱਲ੍ਹ ਜਿਨ੍ਹਾਂ ਪੰਜ ਡੇਰਾ ਸਿਰਸਾ ਦੇ ਪ੍ਰੇਮੀਆਂ ਦੇ ਖਿਲਾਫ ਦੋਸ਼ ਆਇਦ ਕੀਤੇ ਗਏ, ਉਨ੍ਹਾਂ ਵਿੱਚ ਪ੍ਰਿਥਵੀ ਸਿੰਘ ਪ੍ਰਿਥੀ, ਅਮਰਦੀਪ ਸਿੰਘ ਉਰਫ ਦੀਪਾ, ਮਿੱਠੂ ਸਿੰਘ ਉਰਫ ਮਿੱਠੂ ਮਾਨ, ਦਵਿੰਦਰ ਸਿੰਘ ਹਰੀਏ ਵਾਲੇ, ਸਤਨਾਮ ਸਿੰਘ ਸੱਤਾ ਸ਼ਾਮਲ ਹਨ। ਅਦਾਲਤ ਨੇ ਇਸ ਕੇਸ ਦੇ ਨਾਲ ਸਬੰਧਤ ਤਿੰਨ ਹੋਰ ਦੋਸ਼ੀਆਂ ਹਰਸ਼ ਪੁਰੀ, ਸੰਦੀਪ ਬਰੇਟਾ ਅਤੇ ਪ੍ਰਦੀਪ ਕਲੇਰ ਦੇ ਵਾਰੰਟ ਜਾਰੀ ਕੀਤੇ ਹੋਏ ਹਨ, ਪਰ ਪੁਲਸ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲ ਨਹੀਂ ਹੋ ਸਕੀ।

ਹਰਸ਼ ਪੁਰੀ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਦੱਸੇ ਜਾਂਦੇ ਹਨ। ਦੂਸਰੇ ਦੋਵੇਂ ਅਤੇ ਗ੍ਰਿਫਤਾਰ ਕੀਤੇ ਜਾਣ ਵਾਲੇ ਬਾਕੀ ਦੋਸ਼ੀ ਇਸ ਡੇਰੇ ਦੀ ਛੇ ਮੈਂਬਰੀ ਕਮੇਟੀ ਦੇ ਮੈਂਬਰ ਹਨ। ਜਿਨ੍ਹਾਂ ਪੰਜ ਦੋਸ਼ੀਆਂ ਵਿਰੁੱਧ ਕੱਲ੍ਹ ਅਦਾਲਤ ਨੇ ਦੋਸ਼ ਆਇਦ ਕੀਤੇ ਗਏ ਹਨ, ਉਨ੍ਹਾਂ ਵਿੱਚੋਂ ਪ੍ਰਿਥੀ, ਦੀਪਾ ਅਤੇ ਮਿੱਠੂ ਮਾਨ ਅਦਾਲਤ ਸਾਹਮਣੇ ਆਪਣੇ ਦੋਸ਼ਾਂ ਨੂੰ ਕਬੂਲਣ ਸਬੰਧੀ ਵੀ ਬਿਆਨ ਦੇ ਚੁੱਕੇ ਹਨ। ਪਿੰਡ ਮਲਕੇ ਪਿੰਡ ਬਰਗਾੜੀ ਤੋਂ ਪੰਜ ਛੇ ਕਿਲੋਮੀਟਰ ਦੂਰ ਹੈ, ਪਰ ਬਰਗਾੜੀ ਅਤੇ ਗੁਰੂਸਰ ਭਗਤਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਪਾੜ ਕੇ ਸੁੱਟਣ ਦੀਆਂ ਘਟਨਾਵਾਂ ਦੇ ਕੇਸ ਸੀ ਬੀ ਆਈ ਨੂੰ ਨਹੀਂ ਦਿੱਤੇ ਗਏ ਸਨ ਅਤੇ ਇਨ੍ਹਾਂ ਦੀ ਪੈਰਵੀ ਪੰਜਾਬ ਪੁਲਸ ਕਰ ਰਹੀ ਹੈ।

ਸੀ ਬੀ ਆਈ ਨੂੰ ਦਿੱਤੇ ਗਏ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ ਦੇ ਕੇਸ ਵੀ ਇਨ੍ਹਾਂ ਦੋ ਘਟਨਾਵਾਂ ਨਾਲ ਹੀ ਜੁੜੇ ਹੋਏ ਸਨ, ਕਿਉਂਕਿ ਇਹ ਸਾਰੀਆਂ ਘਟਨਾਵਾਂ ਕੋਈ 20-25 ਕਿਲੋਮੀਟਰ ਦੇ ਖੇਤਰ 'ਚ ਵਾਪਰੀਆਂ। ਵਰਨਣ ਯੋਗ ਹੈ ਕਿ ਉਕਤ ਕੇਸ 'ਚ ਪੱਤਰੇ ਖਿੰਡਾਉਣ ਲਈ ਵਰਤਿਆ ਗਿਆ ਮੋਟਰ ਸਾਈਕਲ ਵੀ ਪੁਲਸ ਨੇ ਫੜ ਲਿਆ ਸੀ। ਦੋਸ਼ ਲਾਗੂ ਹੋਣ ਤੋਂ ਬਾਅਦ ਅਦਾਲਤ ਵੱਲੋਂ ਇਸ ਕੇਸ ਦੀ ਬਕਾਇਦਾ ਸੁਣਵਾਈ ਸ਼ੁਰੂ ਹੋ ਜਾਵੇਗੀ।

## ਸੱਤ ਲੱਖ ਲੈ ਕੇ ਡਰੱਗ ਦੇ ਦੋਸ਼ੀ ਨੂੰ ਛੱਡਣ ਵਾਲਾ ਏ ਐੱਸ ਆਈ ਖ਼ੁਦ ਗ੍ਰਿਫਤਾਰ

ਮੋਹਾਲੀ, 1 ਅਗਸਤ (ਪੋਸਟ ਬਿਊਰੋ)- ਨਸ਼ੀਲੇ ਪਦਾਰਥਾਂ ਦੇ ਕਾਨੂੰਨ (ਐੱਨ ਡੀ ਪੀ ਐੱਸ ਐਕਟ) ਦੇ ਦੋਸ਼ੀ ਨੂੰ ਸੱਤ ਲੱਖ ਰੁਪਏ ਲੈ ਕੇ ਛੱਡਣ ਦੇ ਦੋਸ਼ ਵਿੱਚ ਏ ਐੱਸ ਆਈ ਸੁਖਮਿੰਦਰ ਸਿੰਘ ਨੂੰ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਐੱਸ ਟੀ ਐੱਫ ਦੇ ਡੀ ਐੱਸ ਪੀ ਰਾਜਨ ਪਰਮਿੰਦਰ ਸਿੰਘ ਨੇ ਕਿਹਾ ਕਿ ਰਿਮਾਂਡ ਲੈਣ ਸਮੇਂ ਅਦਾਲਤ ਵਿੱਚ ਇਹ ਤਰਕ ਰੱਖਿਆ ਗਿਆ ਸੀ ਕਿ ਦੋਸ਼ੀ ਤੋਂ ਪੁੱਛਗਿੱਛ ਨਾਲ ਇਹ ਪਤਾ ਲਾਉਣਾ ਹੈ ਕਿ ਕੁਲਦੀਪ ਸਿੰਘ ਤੋਂ ਲਈ ਗਈ ਸੱਤ ਲੱਖ ਰੁਪਏ ਦੀ ਰਕਮ ਵਿੱਚ ਉਸ ਦੇ ਇਲਾਵਾ ਹੋਰ ਕੌਣ ਹਿੱਸੇਦਾਰ ਹਨ।



ਵਰਨਣ ਯੋਗ ਹੈ ਕਿ ਐੱਸ ਟੀ ਐੱਫ ਨੇ 29 ਜੁਲਾਈ ਨੂੰ 370 ਗਰਾਮ ਹੈਰੋਇਨ, ਢਾਈ ਲੱਖ ਰੁਪਏ ਡਰੱਗ ਮਨੀ ਅਤੇ 168.920 ਗਰਾਮ ਸੋਨੇ ਨਾਲ ਕੁਲਦੀਪ ਸਿੰਘ, ਉਸ ਦੀ ਪਤਨੀ ਸਰਬਜੀਤ ਕੌਰ ਅਤੇ ਉਨ੍ਹਾਂ ਦੇ ਸਾਥੀ ਗਗਨਦੀਪ ਸਿੰਘ ਅਤੇ ਅਰੁਣ ਕੁਮਾਰ ਨੂੰ ਗ੍ਰਿਫਤਾਰ ਕੀਤਾ ਸੀ। ਇਸ ਕੇਸ ਵਿੱਚ ਨਾਮਜਦ ਦੋਸ਼ੀ ਕੁਲਦੀਪ ਸਿੰਘ ਨੇ ਐੱਸ ਟੀ ਐੱਫ ਦੀ ਪੁੱਛਗਿੱਛ ਦੌਰਾਨ ਸਨੇਟਾ ਪੁਲਸ ਚੌਕੀ ਦੇ ਇੰਚਾਰਜ ਐਸ ਆਈ ਸੁਖਮਿੰਦਰ ਸਿੰਘ ਦਾ ਨਾਂਅ ਲਿਆ ਅਤੇ ਦੱਸਿਆ ਕਿ ਇਸ ਸਾਲ ਮਈ ਮਹੀਨੇ ਵਿੱਚ ਜਦ ਐੱਸ ਆਈ ਸੁਖਮਿੰਦਰ ਸਿੰਘ ਨਾਰਕੋਟਿਕ ਵਿੰਗ ਵਿੱਚ ਸੀ ਤਾਂ ਕੁਲਦੀਪ ਸਿੰਘ ਨੂੰ ਸੀ ਆਈ ਏ ਖਰੜ ਪੁਲਸ ਨੇ ਅੱਠ ਗਰਾਮ ਹੈਰੋਇਨ ਨਾਲ ਗ੍ਰਿਫਤਾਰ ਕੀਤਾ ਸੀ। ਉਸ ਨੂੰ ਗ੍ਰਿਫਤਾਰ ਕਰਨ ਪਿੱਛੋਂ ਐੱਸ ਆਈ ਸੁਖਮਿੰਦਰ ਸਿੰਘ ਅਤੇ ਸੀ ਆਈ ਏ ਦੇ ਇੱਕ ਗਨਮੈਨ ਨੇ ਉਸ ਨੂੰ ਛੱਡਣ ਦੇ ਲਈ ਤਿੰਨ ਕਿਸ਼ਤਾਂ ਵਿੱਚ ਦੋ ਲੱਖ, ਚਾਰ ਲੱਖ ਤੇ 1.3 ਲੱਖ ਰੁਪਏ ਅਦਾ ਕੀਤੇ ਸਨ, ਜਿਸ ਦੇ ਬਾਅਦ ਉਸ ਨੂੰ ਛੱਡ ਦਿੱਤਾ ਗਿਆ।

## ਟੀਚਰ ਨੇ ਕੁੱਟ-ਕੁੱਟ ਕੇ ਵਿਦਿਆਰਥੀ ਦੀ ਲੱਤ ਤੋੜੀ

ਲੁਧਿਆਣਾ, 1 ਅਗਸਤ (ਪੋਸਟ ਬਿਊਰੋ)- ਮੁੰਡੀਆਂ ਰੋਡ ਉੱਤੇ ਜੀ ਕੇ ਅਸਟੇਟ ਵਿੱਚ ਬਣੇ ਹੋਏ ਸਕੂਲ ਵਿੱਚ ਕੁੱਟਮਾਰ ਕਰ ਕੇ ਅਪਾਹਜ ਬੱਚੇ ਦੀ ਲੱਤ ਤੋੜਨ ਦਾ ਪਤਾ ਲੱਗਾ ਹੈ। ਉਸ ਦੇ ਘਰ ਫੋਨ ਕਰਕੇ ਦੱਸਿਆ ਗਿਆ ਕਿ ਡਿੱਗਣ ਨਾਲ ਉਹ ਜ਼ਖਮੀ ਹੋਇਆ ਹੈ। ਬੱਚੇ ਨੂੰ ਸੀ ਐਮ ਸੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਥੇ ਡਾਕਟਰਾਂ ਨੇ ਕੁੱਟਮਾਰ ਦਾ ਖਦਸ਼ਾ ਜ਼ਾਹਰ ਕੀਤਾ ਤਾਂ ਪਰਵਾਰ ਹਰਕਤ ਵਿੱਚ ਆ ਗਿਆ। ਗੁਰਮੀਤ ਸਿੰਘ ਨੇ ਦੱਸਿਆ ਕਿ ਵੱਡਾ ਪੁੱਤਰ 18 ਸਾਲਾਂ ਦਾ ਹੈ, ਉਹ ਬੋਲ ਨਹੀਂ ਸਕਦਾ ਤੇ ਸਹੀ ਤਰ੍ਹਾਂ ਤੁਰ ਨਹੀਂ ਸਕਦਾ। ਇਸ ਲਈ ਉਨ੍ਹਾਂ ਨੇ ਜੀ ਕੇ ਅਸਟੇਟ ਦੇ 'ਸਮਰਪਣ ਸਕੂਲ' ਵਿੱਚ ਦਾਖਲ ਕਰਵਾਇਆ ਸੀ। ਇਸ ਵਾਸਤੇ ਉਹ ਸੱਤ ਹਜ਼ਾਰ ਮਹੀਨਾ ਅਦਾ ਕਰਦੇ ਸਨ।

29 ਜੁਲਾਈ ਨੂੰ ਉਨ੍ਹਾਂ ਨੂੰ ਸਕੂਲ ਦੇ ਮੁਲਾਜ਼ਮ ਨੇ ਫੋਨ ਕੀਤਾ ਕਿ ਡਿੱਗਣ ਕਾਰਨ ਬੱਚਾ ਜ਼ਖਮੀ ਹੋ ਗਿਆ ਹੈ। ਉਹ ਸਕੂਲ ਪੁੱਜੇ ਤੇ ਬੱਚੇ ਨੂੰ ਕ੍ਰਿਸਚੀਅਨ ਕਾਲਜ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ। ਉਹ ਦੋਬਾਰਾ ਸਕੂਲ ਗਏ ਤਾਂ ਮੁਲਾਜ਼ਮਾਂ ਨੇ ਗੁੰਮਰਾਹ ਕਰਨਾ ਸ਼ੁਰੂ ਕਰ ਦਿੱਤਾ। ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਤੋਂ ਸਾਫ ਨਜ਼ਰ ਆ ਰਿਹਾ ਸੀ ਕਿ ਬੱਚੇ ਨੂੰ ਧੱਕਾ ਦਿੱਤਾ ਗਿਆ ਹੈ, ਜਿਸ ਕਾਰਨ ਉਸ ਦੀ ਲੱਤ ਟੁੱਟੀ ਹੈ। ਇਕ ਬੰਦਾ ਉਸ ਨੂੰ ਚੁੱਕਣ ਆਇਆ ਤੇ ਕੁਰਸੀ ਤੋਂ ਚੁੱਕ ਕੇ ਧੱਕਾ ਦੇ ਦਿੱਤਾ, ਜਿਸ ਨਾਲ ਡਿੱਗਣ ਕਰਕੇ ਉਹਦੀ ਲੱਤ ਟੁੱਟੀ ਹੈ।

## ਸਰਕਾਰ ਪੈਰਾ ਮੈਡੀਕਲ ਕੋਰਸ ਦੀਆਂ ਨਕਲੀ ਡਿਗਰੀਆਂ ਦੀ ਜਾਂਚ ਕਰਾਉਣ ਲੱਗੀ

ਚੰਡੀਗੜ੍ਹ, 1 ਅਗਸਤ (ਪੋਸਟ ਬਿਊਰੋ)- ਇਹ ਹੈਰਾਨੀ ਵਾਲੀ ਗੱਲ ਪਤਾ ਲੱਗੀ ਹੈ ਕਿ ਸਿੱਕਮ, ਬਿਹਾਰ ਤੇ ਛੱਤੀਸਗੜ੍ਹ ਤੋਂ ਕੁਝ ਲੋਕ ਕੁਝ ਸੰਸਥਾਵਾਂ ਦੇ ਪੈਰਾ ਮੈਡੀਕਲ ਕੋਰਸ ਦੀਆਂ ਨਕਲੀ ਡਿਗਰੀਆਂ ਪੰਜਾਬ ਵਿੱਚ ਵੰਡ ਰਹੇ ਹਨ। ਕੱਲ੍ਹ ਇਹ ਮਾਮਲਾ ਮੈਡੀਕਲ ਐਜੂਕੇਸ਼ਨ ਮੰਤਰੀ ਓ ਪੀ ਸੋਨੀ ਅਤੇ ਮੈਡੀਕਲ ਕਾਲਜ ਅਤੇ ਹਸਪਤਾਲਾਂ ਦੇ ਪ੍ਰਿੰਸੀਪਲਾਂ ਦੀ ਬੈਠਕ ਵਿੱਚ ਵੀ ਉੱਠਿਆ। ਮੰਤਰੀ ਨੇ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਵਿਭਾਗੀ ਜਾਂਚ ਕਰਾਉਣ ਦਾ ਫੈਸਲਾ ਕੀਤਾ ਹੈ। ਜਾਂਚ ਵਿੱਚ ਜੇ ਇਹ ਗੱਲ ਸਾਬਿਤ ਹੋਈ ਤਾਂ ਸੰਬੰਧਤ ਸੰਸਥਾ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

ਇਸ ਸੰਬੰਧ ਵਿੱਚ ਮਹੱਤਵ ਪੂਰਨ ਗੱਲ ਇਹ ਹੈ ਕਿ ਅਜੇ ਤੱਕ ਅਜਿਹੀ ਡਿਗਰੀ ਸਿੱਕਮ, ਬਿਹਾਰ ਤੇ ਛੱਤੀਸਗੜ੍ਹ ਤੋਂ ਆਉਂਦੀ ਸੀ। ਪੰਜਾਬ ਵਿੱਚ ਪੈਰਾ ਮੈਡੀਕਲ ਕੋਰਸ ਦੀ ਨਕਲੀ ਡਿਗਰੀ ਮਿਲਣਾ ਪੰਜਾਬ ਸਰਕਾਰ ਲਈ ਵੀ ਚਿੰਤਾ ਦਾ ਵਿਸ਼ਾ ਹੈ। ਪੈਰਾ ਮੈਡੀਕਲ ਦੀ ਕੋਈ ਕੌਂਸਲ ਨਹੀਂ ਹੈ, ਜਿੱਥੇ ਕੋਰਸ ਕਰਨ ਪਿੱਛੋਂ ਵਿਦਿਆਰਥੀ ਆਪਣਾ



ਰਜਿਸਟਰੇਸ਼ਨ ਕਰਵਾ ਸਕਣ। ਇਹੀ ਕਾਰਨ ਹੈ ਕਿ ਵਿਦਿਆਰਥੀ ਨੂੰ ਪਤਾ ਨਹੀਂ ਲੱਗਦਾ ਕਿ ਉਨ੍ਹਾਂ ਨੇ ਜੋ ਕੋਰਸ ਕਰ ਕੇ ਡਿਗਰੀ ਹਾਸਲ ਕੀਤੀ ਹੈ, ਉਹ ਅਸਲੀ ਹੈ ਜਾਂ ਨਕਲੀ। ਇਸ ਦਾ ਪਤਾ ਓਦੋਂ ਹੀ ਲੱਗਦਾ ਹੈ ਜਦ ਵਿਦਿਆਰਥੀ ਨੌਕਰੀ ਦੇ ਲਈ ਅਪਲਾਈ ਕਰਦਾ ਹੈ। ਮੰਤਰੀ ਓ ਪੀ ਸੋਨੀ ਨੇ ਕਿਹਾ ਕਿ ਐੱਮ ਬੀ ਬੀ ਐੱਸ ਦੀ ਡਿਗਰੀ ਦੇ ਮੈਡੀਕਲ ਕਾਲਜਾਂ ਵਿੱਚ ਦਾਖਲੇ ਦੌਰਾਨ ਪੰਜਾਬ ਦੇ ਵਿਦਿਆਰਥੀਆਂ ਦੇ ਹਿੱਤਾਂ ਦੀ ਰੱਖਿਆ ਕਰਨਾ ਯਕੀਨੀ ਕੀਤਾ ਜਾਏਗਾ।

ਬੈਠਕ ਵਿੱਚ ਇਹ ਗੱਲ ਵੀ ਸਾਹਮਣੇ ਆਈ ਕਿ ਜੇਲ੍ਹਾਂ ਵਿੱਚ ਸਜ਼ਾ ਭੁਗਤ ਰਹੇ ਕੈਦੀ ਇਲਾਜ ਦੇ ਨਾਂਅ ਉਤੇ ਕਈ ਵਾਰ ਹਸਪਤਾਲਾਂ ਵਿੱਚ ਕਈ ਕਈ ਦਿਨ ਦਾਖਲ ਰਹਿੰਦੇ ਹਨ। ਮੰਤਰੀ ਨੇ ਇਸ 'ਤੇ ਰੋਕ ਲਾਉਣ ਦੇ ਨਿਰਦੇਸ਼ ਦਿੱਤੇ ਹਨ।



# ਝਟਕਾ ਦੇਣ ਦੇ ਚੱਕਰ ਵਿੱਚ ਦਲਬਦਲੂ ਅਲਪੇਸ਼ ਨੇ ਮੂੰਹ ਦੀ ਖਾਧੀ

ਅਹਿਮਦਾਬਾਦ, 1 ਅਗਸਤ (ਪੋਸਟ ਬਿਊਰੋ)- ਕਾਂਗਰਸ ਨੂੰ ਝਟਕਾ ਦੇ ਕੇ ਪਿੱਛੇ ਜਿਹੇ ਇਕ ਸਾਥੀ ਵਿਧਾਇਕ ਦੇ ਨਾਲ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸਾਬਕਾ ਵਿਧਾਇਕ ਅਤੇ ਓ ਬੀ ਸੀ ਨੇਤਾ ਅਲਪੇਸ਼ ਠਾਕੋਰ ਨੂੰ ਆਪਣੀ ਘਰੇਲੂ ਜ਼ਮੀਨ 'ਤੇ ਹੀ ਪਹਿਲਾ ਹੋਰ ਵੱਡਾ ਝਟਕਾ ਲੱਗਾ ਹੈ। ਰਾਧਨਪੁਰ ਤਹਿਸੀਲ ਪੰਚਾਇਤ ਵਿੱਚ ਸੱਤਾ ਪਲਟ ਦੀ ਕੋਸ਼ਿਸ਼ ਵਿੱਚ ਲੱਗੇ ਠਾਕੋਰ ਨੂੰ ਮੂੰਹ ਦੀ ਖਾਣੀ ਪਈ ਅਤੇ ਉਹ ਠਿੱਠ ਹੋ ਗਏ ਹਨ।

ਅਸਲ ਵਿੱਚ ਜਿਨ੍ਹਾਂ ਭਾਜਪਾ ਮੈਂਬਰਾਂ ਦੀ ਹਮਾਇਤ 'ਤੇ ਅਲਪੇਸ਼ ਠਾਕੋਰ ਸੱਤਾ ਪਲਟ ਦੀ ਕੋਸ਼ਿਸ਼ ਕਰ ਰਹੇ ਸਨ, ਵੋਟਿੰਗ ਵੇਲੇ ਉਨ੍ਹਾਂ ਵਿੱਚੋਂ ਕੋਈ ਵੀ ਨਹੀਂ ਪੁੱਜਾ। ਰਾਜ ਸਰਕਾਰ ਵਿੱਚ ਮੰਤਰੀ ਬਣਨ ਦੀ ਚਾਹਤ ਰੱਖਦੇ ਠਾਕੋਰ ਭਾਜਪਾ ਦਾ ਪੱਲਾ ਫੜਨ ਪਿੱਛੋਂ ਆਪਣੀ ਪਹੁੰਚ ਦਾ ਪ੍ਰਦਰਸ਼ਨ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਰਾਧਨਪੁਰ ਤਸੀਲ ਪੰਚਾਇਤ ਵਿੱਚ ਸੱਤਾਧਾਰੀ ਕਾਂਗਰਸ ਨੂੰ ਬੇਭਰੋਸਗੀ ਮਤੇ ਨਾਲ ਬੇਦਖਲ ਕਰਨ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। 18 ਮੈਂਬਰੀ ਤਹਿਸੀਲ ਪੰਚਾਇਤ ਵਿੱਚ ਚੇਅਰਮੈਨ ਲਵਜੀ ਠਾਕੋਰ ਸਮੇਤ ਕਾਂਗਰਸ ਦੇ 10 ਅਤੇ ਭਾਜਪਾ ਦੇ ਅੱਠ ਮੈਂਬਰ ਹਨ। ਇਸ ਕ੍ਰਮ ਵਿੱਚ ਤਹਿਸੀਲ ਪੰਚਾਇਤ ਵਿੱਚ ਵਿਰੋਧੀ ਧਿਰ ਦੇ ਨੇਤਾ ਸੁਰੇਸ਼ ਠਾਕੋਰ ਅਤੇ ਸਾਰੇ ਭਾਜਪਾ ਮੈਂਬਰ ਪ੍ਰਧਾਨ ਖਿਲਾਫ ਬੇਭਰੋਸਗੀ ਮਤਾ ਲੈ ਕੇ ਆਏ ਸਨ। ਕੱਲ੍ਹ ਬੇਭਰੋਸਗੀ ਮਤੇ ਲਈ ਮਤਦਾਨ ਵਿੱਚ ਕਾਂਗਰਸ ਦੇ ਸਾਰੇ 10 ਮੈਂਬਰ ਤਾਂ ਪਹੁੰਚ ਗਏ, ਪਰ ਭਾਜਪਾ ਤੋਂ ਕੋਈ ਵੀ ਨਹੀਂ ਪੁੱਜਾ। ਆਗਾਮੀ ਵਿਧਾਨ ਸਭਾ ਜ਼ਿਮਨੀ ਚੋਣਾਂ ਵਿੱਚ ਅਲਪੇਸ਼ ਦਾ ਭਾਜਪਾ ਦੀ ਟਿਕਟ 'ਤੇ ਚੋਣਾਂ ਲੜਨਾ ਵੀ ਤੈਅ ਮੰਨਿਆ ਜਾ ਰਿਹਾ ਹੈ, ਪਰ ਰਾਧਨਪੁਰ ਦੀ ਇਹ ਘਟਨਾ ਉਨ੍ਹਾਂ ਦੀ ਢਿੱਲੀ ਹੁੰਦੀ ਸਿਆਸੀ ਪਕੜ ਦੇ ਵੱਲ ਇਸ਼ਾਰਾ ਕਰਦੀ ਹੈ। ਇਸ ਘਟਨਾ ਨੂੰ ਕਈ ਮਾਅਨਿਆਂ 'ਚ ਸਿਆਸਤ 'ਚ ਅਹਿਮ ਨਜ਼ਰੀਏ ਤੋਂ ਦੇਖਿਆ ਜਾ ਰਿਹਾ ਹੈ।

# ਬੀਤੇ ਚਾਰ ਸਾਲਾਂ ਵਿੱਚ ਦੇਸ਼ ਵਿਚ ਮੌਬ ਲਿੰਚਿੰਗ ਦੇ 134 ਕੇਸ ਹੋਏ

### * ਜ਼ੁਲਮ ਦਾ ਸ਼ਿਕਾਰ ਲੋਕਾਂ ਵਿੱਚ 50 ਫ਼ੀਸਦੀ ਮੁਸਲਿਮ

ਨਵੀਂ ਦਿੱਲੀ, 1 ਅਗਸਤ (ਪੋਸਟ ਬਿਊਰੋ)- ਕੇਂਦਰ ਵਿੱਚ ਭਾਜਪਾ ਸਰਕਾਰ ਬਣਨ ਪਿੱਛੋਂ ਮੌਬ ਲਿੰਚਿੰਗ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਖ਼ਾਸ ਗੱਲ ਇਹ ਕਿ ਘਟਨਾਵਾਂ ਦੇ ਸ਼ਿਕਾਰ ਲੋਕਾਂ ਵਿਚੋਂ 50 ਫ਼ੀਸਦੀ ਮੁਸਲਿਮ ਸਨ।




ਉੱਤਰ ਪ੍ਰਦੇਸ਼ ਦੇ ਮੁਹੰਮਦ ਅਖ਼ਲਾਕ ਤੋਂ ਲੈ ਕੇ ਰਕਬਰ ਖ਼ਾਨ ਤਕ 2014 ਤੋਂ 2018 ਤਕ ਮੌਬ ਲਿਚਿੰਗ ਦੇ 134 ਮਾਮਲੇ ਦੇਸ਼ ਵਿਚ ਵਾਪਰ ਚੁੱਕੇ ਹਨ ਅਤੇ ਇਨ੍ਹਾਂ ਵਿਚ 68 ਲੋਕਾਂ ਦੀਆਂ ਜਾਨਾਂ ਗਈਆਂ। ਇਨ੍ਹਾਂ ਵਿਚ ਦਲਿਤਾਂ ਨਾਲ ਹੋਏ ਜ਼ੁਲਮ ਵੀ ਸ਼ਾਮਲ ਹਨ, ਪਰ ਜੇ ਸਿਰਫ਼ ਗਊ ਰੱਖਿਆ ਦੇ ਨਾਂਅ ਉੱਤੇ ਗੁੰਡਾਗਰਦੀ ਵੇਖੀ ਜਾਵੇ ਤਾਂ ਸਰਕਾਰੀ ਅੰਕੜਿਆਂ ਮੁਤਾਬਕ ਸਾਲ 2014 ਵਿਚ ਅਜਿਹੇ 3 ਕੇਸ ਸਨ ਤੇ ਉਨ੍ਹਾਂ ਵਿਚ 11 ਲੋਕ ਜ਼ਖ਼ਮੀ ਹੋਏ ਸਨ, 2015 ਵਿਚ ਵਧ ਕੇ ਇਹ ਅੰਕੜਾ 12 ਹੋ ਗਿਆ। ਇਨ੍ਹਾਂ 12 ਕੇਸਾਂ ਵਿਚ 10 ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਕਰ ਦਿੱਤਾ ਗਿਆ ਅਤੇ 48 ਜ਼ਖ਼ਮੀ ਹੋਏ। 2016 ਵਿਚ ਗਊ ਰੱਖਿਆ ਦੇ ਨਾਂਅ ਉੱਤੇ ਗੁੰਡਾਗਰਦੀ ਦੀਆਂ ਵਾਰਦਾਤਾਂ ਦੁੱਗਣੀਆਂ ਹੋ ਗਈਆਂ ਅਤੇ 24 ਅਜਿਹੇ ਕੇਸਾਂ ਵਿਚ 8 ਲੋਕਾਂ ਨੂੰ ਜਾਨ ਗਵਾਉਣੀ ਪਈ ਅਤੇ 58 ਲੋਕਾਂ ਨੂੰ ਕੁੱਟ-ਕੁੱਟ ਕੇ ਅੱਧਮੋਏ ਕਰ ਦਿੱਤਾ ਗਿਆ। 2017 ਵਿਚ ਗਊ ਰੱਖਿਆ ਦੇ ਨਾਂਅ ਉੱਤੇ ਗੁੰਡਾਗਰਦੀ ਕਰਨ ਵਾਲੇ ਬੇਕਾਬੂ ਹੋ ਗਏ ਤੇ 37 ਅਜਿਹੇ ਕੇਸ ਹੋਏ, ਜਿਨ੍ਹਾਂ ਵਿਚ 11 ਲੋਕਾਂ ਦੀ ਮੌਤ ਹੋਈ ਤੇ 152 ਜ਼ਖ਼ਮੀ ਹੋਏ। ਸਾਲ 2018 ਵਿਚ ਅਜੇ ਅਜਿਹੇ 9 ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਵਿਚ 5 ਲੋਕ ਮਾਰੇ ਗਏ ਤੇ 16 ਜ਼ਖ਼ਮੀ ਹੋਏ। ਗਊ ਰੱਖਿਆ ਦੇ ਨਾਂਅ ਉੱਤੇ ਅੱਜ ਤਕ ਕੁੱਲ 85 ਗੁੰਡਾਗਰਦੀ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿਚ 34 ਲੋਕ ਮਰੇ ਅਤੇ 289 ਲੋਕਾਂ ਨੂੰ ਕੁੱਟ-ਕੁੱਟ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ।

ਇਨ੍ਹਾਂ ਘਟਨਾਵਾਂ ਬਾਰੇ ਅਕਸਰ ਸਵਾਲ ਉਠਦੇ ਹਨ ਕਿ ਇਹ ਲੋਕ ਕੌਣ ਹਨ ਤੇ ਕਿਵੇਂ ਅਚਾਨਕ ਇੰਨੇ ਲੋਕ ਇੱਕੋ ਵਾਰ ਇਕੋ ਮਕਸਦ ਨਾਲ ਇਕੱਠੇ ਹੋ ਜਾਂਦੇ ਹਨ ਜਾਂ ਫਿਰ ਗੁੰਡਿਆਂ ਦੀ ਕੋਈ ਜਮਾਤ ਹੈ ਜੋ ਕਿਸੇ ਸਾਜਿਸ਼ ਤਹਿਤ ਲੋਕਾਂ ਨੂੰ ਸ਼ਿਕਾਰ ਬਣਾ ਰਹੀ ਹੈ। 20 ਮਈ 2015 ਨੂੰ ਰਾਜਸਥਾਨ ਵਿੱਚ ਭੀੜ ਨੇ ਮੀਟ ਸ਼ਾਪ ਚਲਾਉਣ ਵਾਲੇ 60 ਸਾਲਾ ਬਜ਼ੁਰਗ ਨੂੰ ਲੋਹੇ ਦੀ ਰਾਡ ਅਤੇ ਡੰਡਿਆਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ। 2 ਅਗਸਤ 2015 ਨੂੰ ਉਤਰ ਪ੍ਰਦੇਸ਼ ਵਿੱਚ ਕੁਝ ਗਊ ਭਗਤਾਂ ਨੇ ਮੱਝਾਂ ਲਿਜਾ ਰਹੇ 3 ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। 28 ਸਤੰਬਰ 2015 ਨੂੰ ਉਤਰ ਪ੍ਰਦੇਸ਼ 52 ਸਾਲ ਦੇ ਮੁਹੰਮਦ ਅਖ਼ਲਾਕ ਨੂੰ ਬੀਫ਼ ਖਾਣ ਦੇ ਸ਼ੱਕ ਵਿਚ ਭੀੜ ਨੇ ਇੱਟਾਂ ਤੇ ਡੰਡਿਆਂ ਨਾਲ ਮਾਰ ਦਿੱਤਾ। 14 ਅਕਤੂਬਰ 2015 ਨੂੰ ਹਿਮਾਚਲ ਪ੍ਰਦੇਸ਼ ਦੇ ਗਊ ਰੱਖਿਅਕਾਂ ਨੇ 22 ਸਾਲਾ ਨੌਜਵਾਨ ਦੀ ਗਊ ਲਿਜਾਣ ਦੇ ਸ਼ੱਕ ਵਿਚ ਕੁੱਟ ਕੇ ਹੱਤਿਆ ਕਰ ਦਿੱਤੀ ਤੇ 18 ਮਾਰਚ 2016 ਸਥਾਨ ਲਾਤੇਹਰ, ਝਾਰਖੰਡ ਵਿੱਚ ਪਸ਼ੂਆਂ ਨੂੰ ਵੇਚਣ ਲਈ ਬਾਜ਼ਾਰ ਜਾ ਰਿਹੇ ਮਜ਼ਲੂਮ ਅੰਸਾਰੀ ਤੇ ਇਮਤਿਆਜ਼ ਖ਼ਾਨ ਨੂੰ ਭੀੜ ਨੇ ਰੁੱਖ ਨਾਲ ਲਟਕਾ ਕੇ ਮਾਰ ਦਿੱਤਾ। 5 ਅਪ੍ਰੈਲ 2017 ਸਥਾਨ ਨੂੰ ਅਲਵਰ, ਰਾਜਸਥਾਨ ਵਿੱਚ 200 ਲੋਕਾਂ ਦੀ ਗਊ ਰੱਖਿਅਕ ਫ਼ੌਜ ਨੇ ਦੁੱਧ ਦਾ ਕਾਰੋਬਾਰ ਕਰਦੇ ਪਹਿਲੂ ਖ਼ਾਨ ਨੂੰ ਸ਼ਰ੍ਹੇਆਮ ਕੁੱਟ ਕੇ ਮਾਰ ਦਿੱਤਾ। 20 ਅਪ੍ਰੈਲ 2017 ਨੂੰ ਅਸਾਮ ਵਿੱਚ ਗਊ ਚੋਰੀ ਦੇ ਦੋਸ਼ ਵਿਚ ਕੁਝ ਗਊ ਰੱਖਿਅਕਾਂ ਨੇ ਦੋ ਨੌਜਵਾਨਾਂ ਦੀ ਕੁੱਟ ਕੁੱਟ ਕੇ ਹੱਤਿਆ ਕਰ ਦਿੱਤੀ ਤੇ 10 ਦਿਨ ਮਗਰੋਂ 1 ਮਈ 2017 ਨੂੰ ਆਸਾਮ ਵਿਚ ਹੀ ਗਊ ਚੋਰੀ ਦੇ ਦੋਸ਼ ਵਿਚ ਦੋ ਨੌਜਵਾਨਾਂ ਨੂੰ ਕੁੱਟ ਕੇ ਮਾਰ ਦਿੱਤਾ। 12 ਤੋਂ 18 ਮਈ 2017 ਝਾਰਖੰਡ ਦੇ 4 ਵੱਖ-ਵੱਖ ਕੇਸਾਂ ਵਿਚ 9 ਲੋਕਾਂ ਨੂੰ ਮੌਬ ਲਿੰਚਿੰਗ ਵਿਚ ਮਾਰ ਦਿੱਤਾ ਗਿਆ। 29 ਜੂਨ 2017 ਨੂੰ ਝਾਰਖੰਡ ਵਿੱਚ ਬੀਫ਼ ਲਿਜਾਣ ਦੇ ਫੋਕੇ ਸ਼ੱਕ ਵਿਚ ਭੀੜ ਨੇ ਅਲੀਮੂਦੀਨ ਉਰਫ਼ ਅਸਗਰ ਅੰਸਾਰੀ ਨੂੰ ਕੁੱਟ ਕੇ ਮਾਰ ਦਿੱਤਾ। 10 ਨਵੰਬਰ 2017 ਨੂੰ ਅਲਵਰ ਰਾਜਸਥਾਨ ਦੇ ਗਊ ਰੱਖਿਅਕਾਂ ਨੇ ਉਮਰ ਖ਼ਾਨ ਨਾਂਅ ਦੇ ਵਿਅਕਤੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਅਤੇ 20 ਜੁਲਾਈ 2018 ਸਥਾਨ ਅਲਵਰ ਰਾਜਸਥਾਨ ਗਊ ਤਸਕਰੀ ਦੇ ਸ਼ੱਕ ਵਿਚ ਭੀੜ ਨੇ ਰਕਬਰ ਖ਼ਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ।

# ਵਿਚੋਲਗੀ ਕਮੇਟੀ ਨੇ ਅਯੁੱਧਿਆ ਜ਼ਮੀਨ ਵਿਵਾਦ ਵਿਚ ਸੁਪਰੀਮ ਕੋਰਟ ਨੂੰ ਸੀਲਬੰਦ ਲਿਫਾਫੇ ਵਿੱਚ ਰਿਪੋਰਟ ਸੌਂਪੀ

ਨਵੀਂ ਦਿੱਲੀ, 1 ਅਗਸਤ (ਪੋਸਟ ਬਿਊਰੋ)- ਅਯੁੱਧਿਆ ਵਿਚਲੀ ਜ਼ਮੀਨ ਦੇ ਵਿਵਾਦ ਉੱਤੇ ਬਣਾਈ ਵਿਚੋਲਗੀ ਕਮੇਟੀ ਨੇ ਆਪਣੀ ਰਿਪੋਰਟ ਸੀਲਬੰਦ ਲਿਫਾਫੇ ਵਿੱਚ ਸੁਪਰੀਮ ਕੋਰਟ ਨੂੰ ਸੌਂਪ ਦਿੱਤੀ ਹੈ। ਸੁਪਰੀਮ ਕੋਰਟ ਦੀ ਸੰਵਿਧਾਨ ਬੈਂਚ ਇਸ ਉੱਤੇ ਸੁਣਵਾਈ ਕਰੇਗੀ ਤੇ ਇਹ ਤੈਅ ਕਰੇਗੀ ਕਿ ਮੁੱਖ ਮਾਮਲੇ ਦੀ ਸੁਣਵਾਈ ਕਦੋਂ ਕੀਤੀ ਜਾਵੇ।

ਵਰਨਣ ਯੋਗ ਹੈ ਕਿ ਅਯੁੱਧਿਆ ਕੇਸ ਵਿੱਚ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਰਾਮ ਮੰਦਰ ਜ਼ਮੀਨ ਵਿਵਾਦ ਦੇ ਹੱਲ ਲਈ ਵਿਚੋਲਗੀ ਕਮੇਟੀ ਦਾ ਗਠਨ ਮਾਰਚ ਵਿੱਚ ਹੋਇਆ ਸੀ। ਇਸ ਕਮੇਟੀ ਨੇ ਇਹ ਰਿਪੋਰਟ ਮੁਕੰਮਲ ਕਰ ਲਈ ਹੈ। ਚੀਫ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੀ 5 ਜੱਜਾਂ ਦੀ ਬੈਂਚ ਨੇ



11 ਜੁਲਾਈ ਨੂੰ ਵਿਚੋਲਗੀ ਕਮੇਟੀ ਤੋਂ ਇਸ ਬਾਰੇ ਰਿਪੋਰਟ ਮੰਗੀ ਸੀ। ਵਿਵਾਦ ਪੂਰਨ ਜ਼ਮੀਨ ਦੇ ਸਾਰੇ ਪੱਖਾਂ ਨੇ ਦਿੱਲੀ ਦੇ ਉੱਤਰ ਪ੍ਰਦੇਸ਼ ਸਦਨ ਵਿੱਚ ਸੋਮਵਾਰ ਨੂੰ ਇਸ ਮੁੱਦੇ ਉੱਤੇ ਆਪਣੀ ਆਖਰੀ ਬੈਠਕ ਕੀਤੀ ਸੀ। ਵਿਚੋਲਗੀ ਕਮੇਟੀ ਨੇ ਆਪਣੀ ਪ੍ਰਾਗਰੈੱਸ ਦੇ ਬਾਰੇ ਸੁਪਰੀਮ ਕੋਰਟ ਵਿੱਚ ਆਖਰੀ ਰਿਪੋਰਟ 18 ਜੁਲਾਈ ਨੂੰ ਦੇ ਦਿੱਤੀ ਸੀ। ਓਦੋਂ ਚੀਫ ਜਸਟਿਸ ਰੰਜਨ ਗੋਗੋਈ ਨੇ ਕਿਹਾ ਸੀ ਕਿ ਵਿਚੋਲਗੀ ਕਮੇਟੀ ਦੀ ਰਿਪੋਰਟ ਗੁਪਤ ਹੈ, ਇਸ ਲਈ ਇਸ ਨੂੰ ਹਾਲੇ ਰਿਕਾਰਡ ਵਿੱਚ ਨਹੀਂ ਲਿਆ ਜਾ ਰਿਹਾ। ਕੋਰਟ ਨੇ ਇਹ ਵੀ ਕਿਹਾ ਸੀ ਕਿ ਕਮੇਟੀ ਆਪਣੀ ਫਾਈਨਲ ਰਿਪੋਰਟ ਜਲਦੀ ਸੌਂਪੇ। ਸੁਪਰੀਮ ਕੋਰਟ ਦੇ ਆਦੇਸ਼ ਨਾਲ ਮਾਰਚ ਵਿੱਚ ਬਣਾਈ ਇਸ ਕਮੇਟੀ ਵਿੱਚ ਸੁਪਰੀਮ ਕੋਰਟ ਦੇ ਇੱਕ ਸਾਬਕਾ ਜੱਜ ਐੱਫ ਐੱਮ ਆਈ ਕਲੀਫੁੱਲਾ, ਆਰਟ ਆਫ ਲਿਵਿੰਗ ਦੇ ਮੋਢੀ ਸ੍ਰੀ ਸ੍ਰੀ ਰਵੀਸ਼ੰਕਰ ਤੇ ਸੀਨੀਅਰ ਐਡਵੋਕੇਟ ਸ੍ਰੀਰਾਮ ਪਾਂਚੂ ਸ਼ਾਮਲ ਹਨ। 8 ਮਾਰਚ ਨੂੰ ਕੋਰਟ ਨੇ ਕਿਹਾ ਸੀ ਕਿ ਵਿਚੋਲਗੀ ਪ੍ਰਕਿਰਿਆ ਇਕ ਹਫ਼ਤੇ ਦੇ ਅੰਦਰ ਸ਼ੁਰੂ ਹੋਵੇਗੀ। ਕਮੇਟੀ ਚਾਰ ਹਫਤੇ ਵਿੱਚ ਰਿਪੋਰਟ ਪੇਸ਼ ਕਰੇਗੀ। ਕੋਰਟ ਨੇ ਉਸ ਨੂੰ 8 ਹਫਤਿਆਂ ਅੰਦਰ ਰਿਪੋਰਟ ਪੇਸ਼ ਕਰਨ ਲਈ ਕਿਹਾ ਸੀ।

# ਕੈਫੇ ਕੌਫੀ ਡੇਅ ਦੇ ਮਾਲਕ ਸਿਧਾਰਥ ਦੀ ਲਾਸ਼ ਨਦੀ ਕਿਨਾਰੇ ਮਿਲੀ

ਮੈਂਗਲੁਰੂ/ ਬੈਂਗਲੁਰੂ, 1 ਅਗਸਤ (ਪੋਸਟ ਬਿਊਰੋ)- ਪਿਛਲੇ ਦੋ ਦਿਨਾਂ ਤੋ ਲਾਪਤਾ ਚੱਲ ਰਹੇ ਕੈਫੇ ਕੌਫੀ ਡੇਅ ਦੇ ਮਾਲਕ ਵੀ ਜੀ ਸਿਧਾਰਥ ਦੀ ਲਾਸ਼ ਮੰਗਲੁਰੂ ਨੇੜੇ ਨੇਤਰਵਤੀ ਨਦੀ ਦੇ ਕਿਨਾਰਿਆਂ ਕੋਲੋਂ ਮਿਲੀ ਹੈ। ਉਨ੍ਹਾਂ ਦੀ ਲਾਸ਼ ਨੂੰ ਸਥਾਨਕ ਮਛੇਰਿਆਂ ਤੇ ਗਸ਼ਤੀ ਪੁਲਸ ਪਾਰਟੀ ਨੇ ਲੱਭਿਆ ਹੈ। ਇਸ ਸਬੰਧ ਵਿੱਚ ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਹਰ ਚੀਜ਼ ਖੁਦਕੁਸ਼ੀ ਵੱਲ ਇਸ਼ਾਰਾ ਕਰ ਰਹੀ ਹੈ, ਪਰ ਜਾਂਚ ਪੂਰੀ ਹੋਣ ਤੱਕ ਕੁਝ ਨਹੀਂ ਕਿਹਾ ਜਾ ਸਕਦਾ।

ਵੀ ਜੀ ਸਿਧਾਰਥ ਜਿਨ੍ਹਾਂ ਦੀ ਕੌਫੀ ਚੇਨ ਨੇ ਕੌਫੀ ਪੀਣ ਨੂੰ ਇੱਕ ਜੀਵਨਸ਼ੈਲੀ ਬਣਾ ਦਿੱਤਾ ਅਤੇ ਲੈਟੇ, ਕੈਪੋਚਿਨੋ, ਅਮੈਰੀਕੈਨੋ ਤੇ ਐਸਪ੍ਰੈਸੋ ਨੂੰ ਸ਼ਹਿਰੀ ਭਾਰਤੀਆਂ ਦੇ ਰੋਜ਼ਾਨਾ ਜੀਵਨ 'ਚ ਲੈ ਆਂਦਾ। 59 ਸਾਲਾ ਸਿਧਾਰਥ ਆਪਣੇ ਪਿੱਛੇ ਪਤਨੀ ਮਾਲਵਿਕਾ ਤੇ ਦੋ ਬੇਟਿਆਂ ਨੂੰ ਛੱਡ ਗਏ ਹਨ। ਇਸ ਬਾਰੇ ਦਕਸ਼ਿਨ ਕੰਨੜ ਜ਼ਿਲੇ ਦੇ ਡੀ ਸੀ ਸਸੀਕਾਂਤ ਸੇਂਥਿਲ ਨੇ ਦੱਸਿਆ ਕਿ ਸਿਧਾਰਥ ਦੀ ਲਾਸ਼ ਦੀ ਪਛਾਣ ਉਸ ਨੇ ਦੋਸਤਾਂ ਨੇ ਕੀਤੀ ਹੈ। ਸਿਧਾਰਥ ਦੇ ਲਾਪਤਾ ਹੋਣ ਤੋਂ ਪਹਿਲਾਂ ਬੋਰਡ ਆਫ ਡਾਇਰੈਕਟਰਜ਼ ਅਤੇ ਕੰਪਨੀ ਦੇ ਮੁਲਾਜ਼ਮਾਂ ਨੂੰ ਵਿਦਾਇਗੀ ਚਿੱਠੀ ਲਿਖੀ ਸੀ, ਜਿਸ 'ਚ ਉਨ੍ਹਾਂ ਕਰਜ਼ ਦੇਣ ਵਾਲਿਆਂ ਤੇ ਆਮਦਨ ਕਰ ਅਧਿਕਾਰੀਆਂ 'ਤੇ ਉਨ੍ਹਾਂ (ਸਿਧਾਰਥ) ਨੂੰ ਤੰਗ ਕਰਨ ਦੇ ਦੋਸ਼ ਲਗਾਏ ਸਨ। ਲਾਪਤਾ ਹੋਣ ਦੇ ਕੁਝ ਸਮੇਂ ਬਾਅਦ ਪੁਲਸ ਤੇ ਸਥਾਨਕ ਲੋਕਾਂ ਵੱਲੋਂ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਸੀ।

# ਕੇਰਲ ਦਾ ਵਾਸੀ ਅੱਤਵਾਦੀ ਅਫਗਾਨਿਸਤਾਨ ’ਚ ਮਾਰਿਆ ਗਿਆ

ਤਿਰੂਵਨੰਤਪੁਰਮ, 1 ਅਗਸਤ (ਪੋਸਟ ਬਿਊਰੋ)- ਖ਼ੂੰਖਾਰ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ (ਆਈ ਐਸ) ਵਿੱਚ ਸ਼ਾਮਲ ਹੋਏ ਕੇਰਲ ਵਾਸੀ ਇਕ ਅੱਤਵਾਦੀ ਨੂੰ 18 ਜੁਲਾਈ ਨੂੰ ਅਫਗਾਨਿਸਤਾਨ 'ਚ ਅਮਰੀਕੀ ਡਰੋਨ ਹਮਲੇ ਵਿੱਚ ਮਾਰ ਦਿੱਤਾ ਗਿਆ ਹੈ। ਉਹ ਅਕਤੂਬਰ 2017 'ਚ ਆਈ ਐਸ 'ਚ ਸ਼ਾਮਲ ਹੋਇਆ ਸੀ।

ਜਾਣਕਾਰ ਸੂਤਰਾਂ ਮੁਤਾਬਕ ਕੇਰਲ ਦੇ ਮਲੱਪੁਰਮ ਦਾ ਵਸਨੀਕ ਮੁਹੰਮਦ ਮੋਹਸਿਨ ਅਫਗਾਨਿਸਤਾਨ ਦੇ ਖੋਰਾਸਨ ਸੂਬੇ ਵਿੱਚ ਆਈ ਐਸ ਦੇ ਇਕ ਪ੍ਰਮੁੱਖ ਕਮਾਂਡਰ ਹੁਜ਼ੈਫਾ-ਅਲ-ਬਾਕਿਸਤਾਨੀ ਨਾਲ ਮਾਰਿਆ ਗਿਆ ਹੈ। ਬਾਕਿਸਤਾਨੀ ਅਸਲ ਵਿੱਚ ਪਾਕਿਸਤਾਨੀ ਅੱਤਵਾਦੀ ਸੀ ਅਤੇ ਉਸ ਨੇ ਕਈ ਭਾਰਤੀ ਨੌਜਵਾਨਾਂ ਨੂੰ ਕੱਟੜਪੰਥੀ ਬਣਾਇਆ ਹੋਇਆ ਹੈ। ਅਫਗਾਨਿਸਤਾਨ ਦੇ ਇਕ ਅਣਪਛਾਤੇ ਨੰਬਰ ਤੋਂ ਆਏ ਵਟਸਐਪ ਸੰਦੇਸ਼ ਜ਼ਰੀਏ ਮੋਹਸਿਨ ਦੀ ਮੌਤ ਦੀ ਖਬਰ ਕੇਰਲ 'ਚ ਉਸ ਦੇ ਪਰਵਾਰ ਨੂੰ ਦਿੱਤੀ ਗਈ ਹੈ। ਇਹ ਸੰਦੇਸ਼ ਮਲਿਆਲਮ ਭਾਸ਼ਾ 'ਚ ਭੇਜਿਆ ਗਿਆ ਹੈ।

ਵਰਨਣ ਯੋਗ ਹੈ ਕਿ ਦੱਖਣ ਦੇ ਇਸ ਸੂਬੇ ਦੇ ਵੱਡੀ ਗਿਣਤੀ ਵਿੱਚ ਮਰਦ ਅਤੇ ਔਰਤਾਂ ਪਿਛਲੇ ਕੁਝ ਸਾਲਾਂ 'ਚ ਆਈ ਐਸ 'ਚ ਸ਼ਾਮਲ ਹੋਏ ਹਨ। ਇਕ ਸਰਕਾਰੀ ਅੰਕੜੇ ਦੇ ਮੁਤਾਬਕ ਕੇਰਲ ਦੇ ਕੰਨੂਰ ਸ਼ਹਿਰ ਦੇ ਸਭ ਤੋਂ ਵੱਧ ਲੋਕ ਆਈ ਐਸ 'ਚ ਸ਼ਾਮਲ ਹੋਏ। 15 ਜੂਨ ਤੱਕ ਕੰਨੂਰ ਦੀਆਂ ਅੱਠ ਔਰਤਾਂ ਸਮੇਤ ਲਗਭਗ 40 ਲੋਕ ਆਈ ਐਸ 'ਚ ਸ਼ਾਮਲ ਹੋ ਚੁੱਕੇ ਹਨ। ਅੰਕੜਿਆਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਪਿਛਲੇ ਕੁਝ ਸਾਲਾਂ 'ਚ ਕੇਰਲ ਦੇ 98 ਲੋਕ ਆਈ ਐਸ 'ਚ ਸ਼ਾਮਲ ਹੋਏ ਜਿਨ੍ਹਾਂ 'ਚੋਂ 38 ਮਾਰੇ ਗਏ।

# ਖੇਤੀ ਆਮਦਨ ਉਤੇ ਟੈਕਸ ਛੋਟ ਵਿੱਚ 500 ਕਰੋੜ ਦੀ ਹੋਈ ਗੜਬੜ: ਕੈਗ ਰਿਪੋਰਟ ਦਾ ਖੁਲਾਸਾ

ਮੁੰਬਈ, 1 ਅਗਸਤ (ਪੋਸਟ ਬਿਊਰੋ)- ਖੇਤੀਬਾੜੀ ਦੀ ਆਮਦਨ 'ਤੇ ਛੋਟ ਵਿੱਚ ਘਪਲਾ ਹੋ ਰਿਹਾ ਹੈ। ਕੈਗ ਦੀ ਰਿਪੋਰਟ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਬਿਨਾਂ ਢੁੱਕਵੀਂ ਵੈਰੀਫਿਕੇਸ਼ਨ ਦੇ ਖੇਤੀਬਾੜੀ ਆਮਦਨ 'ਤੇ 500 ਕਰੋੜ ਰੁਪਏ ਦੀ ਆਮਦਨ ਟੈਕਸ ਛੋਟ ਦਿੱਤੀ ਗਈ ਹੈ। ਮਾਰਚ 2018 ਨੂੰ ਖਤਮ ਹੋਏ ਵਿੱਤੀ ਸਾਲ ਲਈ ਸਿੱਧੇ ਟੈਕਸਾਂ 'ਤੇ ਆਡੀਟਰ ਦੀ ਰਿਪੋਰਟ ਤੋਂ ਇਹ ਗੱਲ ਸਾਹਮਣੇ ਆਈ ਹੈ। ਰਿਪੋਰਟ ਮੁੱਖ ਰੂਪ ਨਾਲ ਖੇਤੀਬਾੜੀ ਅਤੇ ਚੈਰੀਟੇਬਲ ਟਰੱਸਟਾਂ ਨੂੰ ਮਿਲੀ ਆਮਦਨ ਟੈਕਸ ਦੀ




ਛੋਟ 'ਤੇ ਰੋਸ਼ਨੀ ਪਾਉਂਦੀ ਹੈ।ਇਸ ਗੜਬੜ ਨੂੰ ਵੇਖਦੇ ਹੋਏ ਕੈਗ (ਕੰਪਟਰੋਲਰ ਐਂਡ ਆਡੀਟਰ ਜਨਰਲ) ਨੇ ਆਮਦਨ ਟੈਕਸ ਵਿਭਾਗ ਨੂੰ ਏਦਾਂ ਦੇ ਮਾਮਲਿਆਂ ਦੀ ਮੁੜ ਕੇ ਜਾਂਚ ਕਰਨ ਦੀ ਸਿਫਾਰਸ਼ ਕੀਤੀ ਹੈ, ਜਿਨ੍ਹਾਂ ਵਿੱਚ ਖੇਤੀਬਾੜੀ ਤੋਂ ਹੁੰਦੀ ਆਮਦਨ ਇੱਕ ਮਿੱਥੀ ਹੱਦ ਤੋਂ ਵੱਧ ਹੈ ਤਾਂ ਜੋ ਟੈਕਸ ਛੋਟ ਦਾ ਲਾਭ ਅਸਲ ਟੈਕਸ ਦਾਤਿਆਂ ਨੂੰ ਮਿਲ ਸਕੇ। ਕੈਗ ਦਾ ਕਹਿਣਾ ਹੈ ਕਿ ਇਸ ਵਿਸ਼ੇ 'ਤੇ ਇਸ ਲਈ ਫੋਕਸ ਕੀਤਾ ਗਿਆ ਕਿ ਟੈਕਸ ਐਡਮਨਿਸਟਰੇਸ਼ਨ ਰਿਫਾਰਮ ਕਮਿਸ਼ਨ ਨੇ ਮਹਿਸੂਸ ਕੀਤਾ ਕਿ ਕਾਰੋਬਾਰੀ ਸਾਲ 2014 ਵਿੱਚ ਗੈਰ ਕਿਸਾਨਾਂ ਦੀ ਖੇਤੀਬਾੜੀ ਤੋਂ ਵਧਦੀ ਆਮਦਨ ਸ਼ੱਕੀ ਹੈ। ਇਹ ਆਮਦਨ ਟੈਕਸ ਤੋਂ ਬਚਣ ਲਈ ਵਿਖਾਈ ਗਈ ਸੀ। ਆਪਣੀ ਰਿਪੋਰਟ ਵਿੱਚ ਕੈਗ ਦਾ ਕਹਿਣਾ ਹੈ ਕਿ 6778 ਕੇਸਾਂ ਦੀ ਅਸੈਸਮੈਂਟ ਵਿੱਚ ਕੁੱਲ 22.5 ਫੀਸਦੀ ਭਾਵ 1527 ਵਿਅਕਤੀਆਂ ਨੂੰ ਖੇਤੀ ਆਮਦਨ 'ਤੇ ਟੈਕਸ ਛੋਟ ਦਿੱਤੀ ਗਈ। ਇਹ ਛੋਟ ਦਸਤਾਵੇਜ਼ਾਂ ਦੀ ਢੁਕਵੀਂ ਜਾਂਚ ਤੋਂ ਬਿਨਾਂ ਹੀ ਦੇ ਦਿੱਤੀ ਗਈ। ਖੇਤੀਬਾੜੀ ਦੀ ਆਮਦਨ ਵਿੱਚ ਛੋਟ ਲਈ ਜ਼ਮੀਨ ਦੇ ਰਿਕਾਰਡ, ਆਮਦਨ ਅਤੇ ਖਰਚ ਦੇ ਵੇਰਵਿਆਂ ਦੇ ਨਾਲ ਫਸਲ ਨਾਲ ਜੁੜੀ ਜਾਣਕਾਰੀ, ਬਿੱਲ ਅਤੇ ਚਲਾਨ ਆਦਿ ਦੇ ਵੇਰਵੇ ਦੇਣੇ ਹੁੰਦੇ ਹਨ। ਇਨ੍ਹਾਂ ਦਸਤਾਵੇਜ਼ਾਂ ਦੇ ਆਧਾਰ 'ਤੇ ਟੈਕਸ ਛੋਟ ਦਾ ਦਾਅਵਾ ਕੀਤਾ ਜਾਂਦਾ ਹੈ।


Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਓ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)



Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection


ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.






Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ’ ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

NEED A LAWYER ??
Red Seal NOTARY
KAUR LAW OFFICE



REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਉਤਰੀ ਕੋਰੀਆ ਨੇ ਮਿਜ਼ਾਈਲ ਦਾ ਤਜਰਬਾ ਕੀਤਾ



ਸਿਓਲ, 1 ਅਗਸਤ (ਪੋਸਟ ਬਿਊਰੋ)- ਲਗਾਤਾਰ ਉਕਸਾਉਣ ਵਾਲੇ ਕਦਮ ਚੁੱਕ ਰਹੇ ਉਤਰੀ ਕੋਰੀਆ ਨੇ ਕੱਲ੍ਹ ਮੁੜ ਦੋ ਬੈਲਿਸਟਿਕ ਮਿਜ਼ਾਈਲ ਤਜਰਬਾ ਕੀਤਾ। ਉਸ ਨੇ ਪਿਛਲੇ ਹਫਤੇ ਵੀ ਦੋ ਮਿਜ਼ਾਈਲਾਂ ਦਾ ਪ੍ਰੀਖਣ ਕੀਤਾ ਸੀ।

ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਉਹ ਅਮਰੀਕਾ ਤੇ ਦੱਖਣੀ ਕੋਰੀਆ ਵਿਚਾਲੇ ਹੋਣ ਵਾਲੀਆਂ ਸਾਂਝੀਆਂ ਜੰਗੀ ਮਸ਼ਕਾਂ ਰੱਦ ਕਰਵਾਉਣ ਲਈ ਦਬਾਅ ਬਣਾ ਰਿਹਾ ਹੈ। ਉਤਰੀ ਕੋਰੀਆ ਦੇ ਇਨ੍ਹਾਂ ਮਿਜ਼ਾਈਲ ਤਜਰਬਿਆਂ ਤੋਂ ਅਮਰੀਕਾ ਨਾਲ ਉਸ ਦੀ ਐਟਮੀ ਗੱਲਬਾਤ ਖਤਰੇ ਵਿੱਚ ਪੈ ਸਕਦੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਵਿਚਕਾਰ ਬੀਤੀ 30 ਜੂਨ ਨੂੰ ਗੱਲਬਾਤ ਬਹਾਲ ਕਰਨ 'ਤੇ ਸਹਿਮਤੀ ਬਣੀ ਸੀ।

ਦੱਖਣੀ ਕੋਰੀਆ ਦੇ ਜੁਆਇੰਟ ਚੀਫ ਆਫ ਸਟਾਫ ਦੇ ਅਨੁਸਾਰ ਕੱਲ੍ਹ ਉਤਰੀ ਕੋਰੀਆ ਦੇ ਪੂਰਬੀ ਤੱਟਵਰਤੀ ਸ਼ਹਿਰ ਵਾਨਸਾਨ ਨੇੜੇ ਘੱਟ ਦੂਰੀ ਤੱਕ ਮਾਰ ਕਰਨ ਵਾਲੀਆਂ ਦੋ ਮਿਜ਼ਾਈਲਾਂ ਦਾਗੀਆਂ ਗਈਆਂ। ਇਹ ਮਿਜ਼ਾਈਲਾਂ ਕਰੀਬ 250 ਕਿਲੋਮੀਟਰ ਤੱਕ ਗਈਆਂ। ਉਤਰੀ ਕੋਰੀਆ ਨੇ ਬੀਤੀ 25 ਜੁਲਾਈ ਨੂੰ ਵੀ ਇਸ ਥਾਂ ਤੋਂ ਦੋ ਮਿਜ਼ਾਈਲਾਂ ਦਾ ਪ੍ਰੀਖਣ ਕੀਤਾ ਸੀ। ਉਨ੍ਹਾਂ ਵਿੱਚੋਂ ਇਕ ਮਿਜ਼ਾਈਲ 430 ਕਿਲੋਮੀਟਰ ਤੇ ਦੂਜੀ 690 ਕਿਲੋਮੀਟਰ ਦੂਰ ਤੱਕ ਗਈ ਸੀ। ਉਤਰੀ ਕੋਰੀਆ ਨੂੰ ਮਿਜ਼ਾਈਲ ਪ੍ਰੀਖਣ ਬੰਦ ਕਰਨ ਦੀ ਅਪੀਲ ਕਰਦਿਆਂ ਦੱਖਣੀ ਕੋਰੀਆ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਕਾਂਗ ਕਿਊਯਾਂਗ ਨੇ ਕਿਹਾ ਕਿ ਇਸ ਤਰ੍ਹਾਂ ਦੇ ਕੰਮਾਂ ਨਾਲ ਫੌਜੀ ਤਣਾਅ ਦੂਰ ਕਰਨ ਵਿੱਚ ਕੋਈ ਮਦਦ ਨਹੀਂ ਮਿਲੇਗੀ।

ਮਾਹਰਾਂ ਦਾ ਕਹਿਣਾ ਹੈ ਕਿ ਕੇ ਐਨ-23 ਨਾਂ ਦੀਆਂ ਨਵੀਆਂ ਮਿਜ਼ਾਈਲਾਂ ਨੂੰ ਆਸਾਨੀ ਨਾਲ ਲਾਂਚ ਕੀਤਾ ਜਾ ਸਕਦਾ ਹੈ। ਇਨ੍ਹਾਂ ਮਿਜ਼ਾਈਲਾਂ ਨੂੰ ਮਿਜ਼ਾਈਲ ਰੱਖਿਆ ਪ੍ਰਣਾਲੀ ਤੋਂ ਬਚਣ ਲਈ ਤਿਆਰ ਕੀਤਾ ਜਾ ਰਿਹਾ ਹੈ।

# ਯਮਨ ਵਿੱਚ ਸੈਨਿਕ ਪਰੇਡ ਉਤੇ ਮਿਜ਼ਾਈਲ ਹਮਲੇ ਵਿੱਚ 32 ਮੌਤਾਂ



ਅਦਨ, 1 ਅਗਸਤ (ਪੋਸਟ ਬਿਊਰੋ)- ਯਮਨ ਦੇ ਅਦਨ ਸ਼ਹਿਰ ਵਿੱਚ ਵੀਰਵਾਰ ਨੂੰ ਹਾਊਦੀ ਬਾਗੀਆਂ ਨੇ ਇਕ ਸੈਨਿਕ ਪਰੇਡ ਉੱਤੇ ਮਿਜ਼ਾਈਲ ਅਤੇ ਡਰੋਨ ਨਾਲ ਹਮਲਾ ਕੀਤਾ, ਜਿਸ ਵਿੱਚ 32 ਲੋਕ ਮਾਰੇ ਗਏ ਅਤੇ ਦਰਜਨਾਂ ਜ਼ਖ਼ਮੀ ਹੋ ਗਏ। ਹਮਲੇ ਦੀ ਜ਼ਿੰਮੇਵਾਰੀ ਲੈਣ ਵਾਲੇ ਈਰਾਨ ਪੱਖੀ ਹਾਊਦੀ ਬਾਗੀਆਂ ਦਾ ਯਮਨ ਦੀ ਰਾਜਧਾਨੀ ਸਨਾ ਸਮੇਤ ਯਮਨ ਦੇ ਬਹੁਤੇ ਹਿੱਸਿਆਂ ਉੱਤੇ ਕਬਜ਼ਾ ਹੈ। ਸਾਊਦੀ ਅਰਬ ਦੀ ਅਗਵਾਈ ਵਾਲੀ ਗਠਜੋੜ ਫ਼ੌਜ 2015 ਤੋਂ ਉਸ ਨਾਲ ਮੁਕਾਬਲਾ ਕਰ ਰਹੀ ਹੈ ਅਤੇ ਨਿੱਤ ਦਿਨ ਦੀ ਲੜਾਈ ਹੋਰ ਤੋਂ ਹੋਰ ਗੰਭੀਰ ਹੁੰਦੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਯਮਨ ਵਿੱਚ ਸਾਊਦੀ ਅਰਬ ਦੇ ਸਮਰਨ ਵਾਲੀ ਸਰਕਾਰ ਦਾ ਕੰਟਰੋਲ ਹੈ। ਅਧਿਕਾਰੀਆਂ ਦੇ ਮੁਤਾਬਕ ਮਿਜ਼ਾਈਲ ਉਸ ਸਮੇਂ ਡਿੱਗੀ, ਜਦੋਂ ਸੈਨਿਕ ਪਰੇਡ ਚੱਲ ਰਹੀ ਸੀ। ਇਹ ਪਰੇਡ ਅਦਨ ਨੇੜੇ ਬ੍ਰੇਕਾ ਸ਼ਹਿਰ ਵਿੱਚ ਕੱਢੀ ਗਈ ਸੀ। ਉਨ੍ਹਾਂ ਇਹ ਨਹੀਂ ਦੱਸਿਆ ਕਿ ਹਮਲੇ ਵਿੱਚ ਕਿੰਨੇ ਸੈਨਿਕਾਂ ਦੀ ਮੌਤ ਹੋਈ, ਪਰ ਏਨਾ ਕਿਹਾ ਕਿ ਮ੍ਰਿਤਕਾਂ ਵਿੱਚ ਕਈ ਕਮਾਂਡਰ ਵੀ ਸ਼ਾਮਲ ਹਨ। ਹਾਊਦੀ ਬਾਗੀਆਂ ਦੇ ਬੁਲਾਰੇ ਬ੍ਰਿਗੇਡੀਅਰ ਜਨਰਲ ਯਾਹੀਆ ਸਰੀਆ ਨੇ ਕਿਹਾ ਕਿ ਇਕ ਬੈਲਿਸਟਿਕ ਮਿਜ਼ਾਈਲ ਨਾਲ ਯੂ ਏ ਈ ਪ੍ਰਤੀ ਵਫ਼ਾਦਾਰੀ ਰੱਖਣ ਵਾਲੇ ਬਲਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਯਮਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਵੀਰਵਾਰ ਅਦਨ ਵਿੱਚ ਇਕ ਪੁਲਿਸ ਸਟੇਸ਼ਨ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਪੁਲਿਸ ਸਟੇਸ਼ਨ ਵਿੱਚ ਧਮਾਕਾਖੇਜ਼ ਸਮੱਗਰੀ ਨਾਲ ਭਰੀ ਇਕ ਕਾਰ ਨਾਲ ਧਮਾਕਾ ਕੀਤਾ ਗਿਆ। ਇਸ ਵਿੱਚ ਤਿੰਨ ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ ਤੇ ਤਿੰਨ ਨਾਗਰਿਕਾਂ ਸਮੇਤ 20 ਲੋਕ ਜ਼ਖ਼ਮੀ ਹੋ ਗਏ।

# ਹਾਂਗਕਾਂਗ ਦੇ ਲੋਕਤੰਤਰ ਸਮਰਥਕਾਂ ਉੱਤੇ ਦੰਗਿਆਂ ਦੇ ਦੋਸ਼



ਹਾਂਗਕਾਂਗ, 1 ਅਗਸਤ (ਪੋਸਟ ਬਿਊਰੋ)- ਹਾਂਗਕਾਂਗ 'ਚ 44 ਲੋਕਤੰਤਰ ਸਮਰਥਕ ਅੰਦੋਲਨਕਾਰੀਆਂ ਨੂੰ ਕੱਲ੍ਹ ਪੁਲਸ ਨੇ ਅਦਾਲਤ ਵਿੱਚ ਪੇਸ਼ ਕੀਤਾ। ਇਨ੍ਹਾਂ ਸਾਰਿਆਂ 'ਤੇ ਦੰਗਾ ਕਰਨ ਦਾ ਵੀ ਦੋਸ਼ ਹੈ। ਇਹ ਦੋਸ਼ ਸਿੱਧ ਹੋ ਗਿਆ ਤਾਂ ਮੁਲਜ਼ਮਾਂ ਨੂੰ 10 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਅਦਾਲਤ ਨੇ ਫਿਲਹਾਲ ਸਾਰੇ ਮੁਲਜ਼ਮਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ। ਜਿਸ ਅਦਾਲਤ ਵਿੱਚ ਇਨ੍ਹਾਂ ਮੁਲਜ਼ਮਾਂ ਦੀ ਸੁਣਵਾਈ ਹੋਣੀ ਸੀ, ਉਸ ਦੇ ਬਾਹਰ ਹਜ਼ਾਰਾਂ ਦੀ ਗਿਣਤੀ ਵਿੱਚ ਅੰਦੋਲਨਕਾਰੀ ਬਾਰਿਸ਼ ਅਤੇ ਤੇਜ਼ ਹਵਾ ਦੀ ਪਰਵਾਹ ਕੀਤੇ ਬਗੈਰ ਕਈ ਘੰਟਿਆਂ ਤੋਂ ਜੰਮੇ ਸਨ। ਉਹ ਲੋਕਤੰਤਰ ਲਾਗੂ ਕੀਤੇ ਜਾਣ ਦੀ ਮੰਗ ਕਰਦੇ ਹੋਏ ਗ੍ਰਿਫਤਾਰ ਸਾਥੀਆਂ ਦੀ ਰਿਹਾਈ ਲਈ ਨਾਅਰੇਬਾਜ਼ੀ ਕਰ ਰਹੇ ਸਨ।

ਅਦਾਲਤ 'ਚ ਜਦੋਂ ਕੇਸ ਦੀ ਸੁਣਵਾਈ ਸ਼ੁਰੂ ਹੋਈ, ਸਾਰੇ ਅੰਦੋਲਨਕਾਰੀ ਸ਼ਾਂਤ ਹੋ ਗਏ ਅਤੇ ਫੈਸਲੇ ਦੀ ਉਡੀਕ ਕਰਨ ਲੱਗੇ। ਜ਼ਮਾਨਤ ਦੀ ਸੂਚਨਾ ਮਿਲਣ 'ਤੇ ਅੰਦੋਲਨਕਾਰੀਆਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਪੁਲਸ ਨੇ ਆਪਣੇ ਦੋਸ਼ ਪੱਤਰ 'ਚ ਇਕ ਟੀਚਰ, ਇਕ ਏਅਰਲਾਈਨ ਪਾਇਲਟ, ਨਾਈ, ਸ਼ੈਫ, ਇਲੈਕਟ੍ਰੀਸ਼ੀਅਨ, ਮਜ਼ਦੂਰ ਤੇ ਬਾਕੀ ਬੇਰੁਜ਼ਗਾਰ ਲੋਕਾਂ ਨੂੰ ਦੋਸ਼ੀ ਬਣਾਇਆ ਹੈ। ਦੁਨੀਆ ਦਾ ਪ੍ਰਮੁੱਖ ਵਪਾਰ ਕੇਂਦਰ ਹਾਂਗਕਾਂਗ ਕਰੀਬ ਦੋ ਮਹੀਨਿਆਂ ਤੋਂ ਗੜਬੜ ਅਤੇ ਅਰਾਜਕਤਾ ਦੀ ਗ੍ਰਿਫਤ ਵਿੱਚ ਹੈ। ਅਸ਼ਾਂਤੀ ਦੀ ਸ਼ੁਰੂਆਤ ਚੀਨ ਨਾਲ ਹਵਾਲਗੀ ਸਮਝੌਤੇ ਦੀ ਕੋਸ਼ਿਸ਼ ਦੌਰਾਨ ਹੋਈ ਸੀ। ਇਸ ਮੁਤਾਬਕ ਹਾਂਗਕਾਂਗ ਵਿੱਚ ਹੋਈਆਂ ਘਟਨਾਵਾਂ ਵਿੱਚ ਗ੍ਰਿਫਤਾਰ ਲੋਕਾਂ ਦੀ ਸੁਣਵਾਈ ਚੀਨੀ ਅਦਾਲਤਾਂ ਵਿੱਚ ਹੋਣ ਦੀ ਤਜਵੀਜ਼ ਸੀ। ਚੀਨ ਦੀਆਂ ਅਦਾਲਤਾਂ ਸਰਕਾਰ ਅਤੇ ਕਮਿਊਨਿਸਟ ਪਾਰਟੀ ਤੋਂ ਪ੍ਰੇਰਤ ਮੰਨੀਆਂ ਜਾਂਦੀਆਂ ਹਨ। ਗ੍ਰਿਫਤਾਰ ਸਾਥੀਆਂ 'ਤੇ ਦੰਗਾ ਕਰਨ ਦੀਆਂ ਧਾਰਾਵਾਂ ਲਗਾਏ ਜਾਣ ਦੀ ਜਾਣਕਾਰੀ ਮਿਲਦੇ ਹੀ ਕੱਲ੍ਹ ਰਾਤ ਹਾਂਗਕਾਂਗ ਇਕ ਵਾਰ ਫਿਰ ਗਰਮਾ ਗਿਆ। ਸੈਂਕੜੇ ਲੋਕਾਂ ਨੇ ਉਸ ਪੁਲਸ ਥਾਣੇ ਨੂੰ ਘੇਰ ਲਿਆ, ਜਿਥੇ ਐਤਵਾਰ ਰਾਤ ਹੋਈ ਹਿੰਸਾ ਦੇ ਮਾਮਲੇ ਵਿੱਚ ਗ੍ਰਿਫਤਾਰ 44 ਲੋਕ ਰੱਖੇ ਗਏ ਸਨ, ਪਰ ਪੁਲਸ ਨੇ ਇਨ੍ਹਾਂ ਲੋਕਾਂ ਨੂੰ ਹਟਾ ਕੇ ਮੁਲਜ਼ਮਾਂ ਨੂੰ ਕੋਰਟ ਪਹੁੰਚਾਇਆ।

# ਵਿਰੋਧ 'ਚ ਅਮਰੀਕਾ-ਮੈਕਸੀਕੋ ਵਾੜ ਉੱਤੇ ਲੋਕ ਝੂਟੇ ਲੈਣ ਲੱਗੇ



ਲਾਸ ਏਂਜਲਸ, 1 ਅਗਸਤ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਮਰੀਕਾ ਮੈਕਸੀਕੋ ਸਰਹੱਦ 'ਤੇ ਕੰਧ ਬਣਾਉਣ ਦੀਆਂ ਕੋਸ਼ਿਸ਼ਾਂ 'ਚ ਲੱਗੇ ਹਨ। ਚੋਣ ਮੁਹਿੰਮ ਦੌਰਾਨ ਕੀਤੇ ਆਪਣੇ ਇਸ ਵਾਅਦੇ ਨੂੰ ਪੂਰਾ ਕਰਨ ਲਈ ਉਹ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ, ਪਰ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਅਤੇ ਕਈ ਸੰਗਠਨਾਂ ਦੇ ਵਿਰੋਧ ਦੇ ਕਾਰਨ ਉਹ ਹੁਣ ਤੱਕ ਆਪਣੇ ਮਨਸੂਬਿਆਂ 'ਚ ਸਫਲ ਨਹੀਂ ਹੋ ਸਕੇ। ਇਸ ਸਾਰਿਆਂ 'ਚ ਕੈਲੀਫੋਰਨੀਆ ਦੇ ਦੋ ਪ੍ਰੋਫੈਸਰਾਂ ਨੇ ਸੀ-ਸਾਅ ਝੂਲੇ ਲਗਾ ਕੇ ਟਰੰਪ ਦੀ ਯੋਜਨਾ ਦੇ ਪ੍ਰਤੀ ਵਿਰੋਧ ਪ੍ਰਗਟਾਇਆ ਹੈ।

ਸਰਹੱਦੀ ਅਮਰੀਕੀ ਸੂਬੇ ਨਿਊ ਮੈਕਸੀਕੋ ਦੇ ਸਨਲੈਂਡ ਪਾਰਕ ਅਤੇ ਮੈਕਸੀਕੋ ਦੇ ਸਿਓਦਾਦ ਜੁਆਰੇਜ ਇਲਾਕੇ ਨੂੰ ਵੱਖ ਕਰਨ ਵਾਲੀ ਤਾਰ 'ਤੇ ਲਾਏ ਗੁਲਾਬੀ ਰੰਗ ਦੇ ਤਿੰਨ ਸੀ-ਸਾਅ ਝੂਲਿਆਂ ਦਾ ਪਿਛਲੇ ਸੋਮਵਾਰ ਉਦਘਾਟਨ ਹੋਇਆ। ਯੂਨੀਵਰਸਿਟੀ ਆਫ ਕੈਲੀਫੋਰਨੀਆ 'ਚ ਇਮਾਰਤ ਕਲਾ ਦੇ ਪ੍ਰੋਫੈਸਰ ਰੋਨਾਲਡ ਰਾਇਲ ਅਤੇ ਸੈਨਹੋਜ਼ੇ ਯੂਨੀਵਰਸਿਟੀ 'ਚ ਡਿਜ਼ਾਈਨ ਦੇ ਪ੍ਰੋਫੈਸਰ ਸੈਨ ਫ੍ਰੈਟੇਲੋ ਮੁਤਾਬਕ ਉਹ ਕਰੀਬ ਇਕ ਦਹਾਕੇ ਤੋਂ ਇਸ ਯੋਜਨਾ 'ਤੇ ਕੰਮ ਕਰ ਰਹੇ ਸਨ। ਇਸ ਬਾਰੇ ਰੋਨਾਲਡ ਨੇ ਕਿਹਾ, 'ਇਸ ਯੋਜਨਾ ਦਾ ਸਫਲ ਹੋਣਾ ਮੇਰੇ 'ਤੇ ਫ੍ਰੈਟੇਲੋ ਦੇ ਜੀਵਨ ਦਾ ਸਭ ਤੋਂ ਮਹੱਤਵ ਪੂਰਨ ਤਜਰਬਾ ਹੈ। ਕੰਧ ਦੇ ਕਾਰਨ ਅਮਰੀਕਾ-ਮੈਕਸੀਕੋ ਦੇ ਰਿਸ਼ਤੇ ਪ੍ਰਭਾਵਿਤ ਹੋ ਰਹੇ ਸਨ। ਝੂਲੇ ਨਾਲ ਨਾ ਸਿਰਫ ਦੋਵੇਂ ਦੇਸ਼ਾਂ ਦੇ ਬੱਚੇ, ਸਗੋਂ ਬਾਲਿਗ ਵੀ ਇਕ ਦੂਜੇ ਨਾਲ ਜੁੜ ਸਕਣਗੇ। ਇਸ ਤੋਂ ਇਹ ਸੰਦੇਸ਼ ਜਾਏਗਾ ਕਿ ਸਰਹੱਦ ਵੱਲੋਂ ਹੋਣ ਵਾਲੀ ਘਟਨਾ ਨਾਲ ਦੂਜੇ ਪਾਸੇ ਲੋਕ ਵੀ ਪ੍ਰਭਾਵਿਤ ਹੁੰਦੇ ਹਨ।'

# ਮੁਸ਼ੱਰਫ ਦੀ ਸਰਕਾਰ ਸਭ ਤੋਂ ਭ੍ਰਿਸ਼ਟ ਨਿਕਲੀ

ਇਸਲਾਮਾਬਾਦ, 1 ਅਗਸਤ (ਪੋਸਟ ਬਿਊਰੋ)- ਬਰਲਿਨ ਦੀ ਸੰਸਥਾ ਟਰਾਂਸਪੇਰੈਂਸੀ ਇੰਟਰੈਸ਼ਨਲ ਦੀ ਬੀਤੀ 19 ਸਾਲਾਂ ਦੀ ਸਾਲਾਨਾ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਇਸ ਦੌਰਾਨ ਪਾਕਿਸਤਾਨ ਵਿੱਚ ਸਭ ਤੋਂ ਵੱਧ ਭ੍ਰਿਸ਼ਟ ਸਰਕਾਰ ਫੌਜੀ ਸ਼ਾਸਕ ਜਨਰਲ ਪਰਵੇਜ਼ ਮੁਸ਼ੱਰਫ ਦੀ ਰਹੀ, ਪਰ ਮੌਜੂਦਾ ਇਮਰਾਨ ਸਰਕਾਰ ਦੀ ਜਾਂਚ ਦੇ ਘੇਰੇ ਵਿੱਚ ਇਹ ਬਾਹਰ ਹੈ।



ਇਮਰਾਨ ਖਾਨ ਦੀ ਸਰਕਾਰ ਦਾ ਜ਼ੋਰ ਕੇਵਲ ਬੀਤੇ 10 ਸਾਲਾਂ ਦੀ ਪਾਕਿਸਤਾਨ ਪੀਪੁਲਸ ਪਾਰਟੀ (ਪੀ ਪੀ ਪੀ) ਅਤੇ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਦੀਆਂ ਸਰਕਾਰਾਂ ਦੇ ਕਾਰਜਕਾਲ ਵਿੱਚ ਹੋਏ ਭ੍ਰਿਸ਼ਟਾਚਾਰ 'ਤੇ ਹੈ। ਇਹ ਦੋਵੇਂ ਦਲ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ (ਪੀ ਟੀ ਆਈ) ਦੇ ਮੁੱਖ ਮੁਕਾਬਲੇਬਾਜ਼ ਹਨ। ਸੰਸਥਾ ਦਾ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ ਵਿੱਚ ਫੌਜੀ ਤਾਨਾਸ਼ਾਹ ਜਨਰਲ ਪਰਵੇਜ਼ ਮੁਸ਼ੱਰਫ ਦੀ ਸਰਕਾਰ ਪੀ ਪੀ ਪੀ ਅਤੇ ਪੀ ਐੱਮ ਐੱਲ-ਐੱਨ ਦੀ ਸਰਕਾਰ ਦੀ ਤੁਲਨਾ ਵਿੱਚ ਜ਼ਿਆਦਾ ਭ੍ਰਿਸ਼ਟ ਸੀ। ਟ੍ਰਾਂਸਪੇਰੈਂਸੀ ਇੰਟਰਨੈਸ਼ਨਲ ਵੱਲੋਂ ਜਾਰੀ ਕੁਰੱਪਸ਼ਨ ਪਸੈਂਪਸ਼ਨ ਇੰਡੈਕਸ (ਸੀ ਪੀ ਆਈ) ਦੀ ਸੂਚੀ ਵਿੱਚ ਦਿਖਾਇਆ ਗਿਆ ਹੈ ਕਿ 2018 ਦਾ ਸਾਲ ਪਾਕਿਸਤਾਨ ਵਿੱਚ ਸਭ ਤੋਂ ਘੱਟ ਭ੍ਰਿਸ਼ਟਾਚਾਰ ਦਾ ਸਾਲ ਰਿਹਾ ਜਿਸ ਦੌਰਾਨ ਪੀ ਐੱਮ ਐੱਲ-ਐੱਨ, ਅੰਤ੍ਰਿਮ ਸਰਕਾਰ ਅਤੇ ਪੀ ਟੀ ਆਈ ਸੱਤਾ ਵਿੱਚ ਰਹੀਆਂ।

# ਅਮਰੀਕੀ ਸਰਹੱਦ ਉਤੇ 911 ਬੱਚੇ ਆਪਣੇ ਪਰਿਵਾਰਾਂ ਤੋਂ ਵੱਖ ਹੋਏ



ਡਿਏਗੋ, 1 ਅਗਸਤ (ਪੋਸਟ ਬਿਊਰੋ)- ਇਕ ਅਮਰੀਕੀ ਗਰੁੱਪ ਨੇ ਦੱਸਿਆ ਕਿ ਸਰਹੱਦ ਉੱਤੇ ਬੱਚਿਆਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਤੋਂ ਵੱਖ ਕਰਨ 'ਤੇ 2018 ਵਿੱਚ ਅਦਾਲਤ ਵੱਲੋਂ ਰੋਕ ਲਗਾਏ ਜਾਣ ਦੇ ਬਾਵਜੂਦ 900 ਤੋਂ ਜ਼ਿਆਦਾ ਬੱਚੇ ਅਜਿਹੇ ਹਨ, ਜਿਨ੍ਹਾਂ ਨੂੰ ਸਰਹੱਦ 'ਤੇ ਆਪਣੇ ਪਰਵਾਰਾਂ ਤੋਂ ਵੱਖ ਕੀਤਾ ਗਿਆ।

ਅਮਰੀਕਨਸ ਸਿਵਲ ਲਿਬਰਟੀਜ਼ ਯੂਨੀਅਨ ਨੇ ਦੱਸਿਆ ਕਿ 28 ਜੂਨ 2018 ਤੋਂ ਇਸ ਸਾਲ 29 ਜੂਨ ਤੱਕ 911 ਬੱਚੇ ਆਪਣੇ ਪਰਵਾਰਾਂ ਤੋਂ ਵੱਖ ਹੋਏ ਹਨ। ਇਨ੍ਹਾਂ ਵਿੱਚ 678 ਬੱਚੇ ਅਜਿਹੇ ਹਨ, ਜਿਨ੍ਹਾਂ ਦੇ ਮਾਤਾ ਪਿਤਾ 'ਤੇ ਅਪਰਾਧਿਕ ਵਿਹਾਰ ਦੇ ਦੋਸ਼ ਹਨ। ਹੋਰ ਕਾਰਨਾਂ ਵਿੱਚ ਕਿਸੇ ਗਰੋਹ ਨਾਲ ਸੰਬੰਧ, ਸਿਹਤਮੰਦ ਨਾ ਹੋਣਾ ਜਾਂ ਬੱਚੇ ਦੀ ਸੁਰੱਖਿਆ ਸੰਬੰਧੀ ਚਿਤਾਵਾਂ, 'ਗਲਤ ਪਰਵਾਰਕ ਸੰਬੰਧ' ਜਾਂ ਮਾਤਾ ਪਿਤਾ ਦੀ ਬੀਮਾਰੀ ਸ਼ਾਮਲ ਹਨ। ਆਪਣੇ ਪਰਵਾਰ ਤੋਂ ਵੱਖ ਹੋਣ ਵਾਲੇ ਹਰ ਪੰਜ 'ਚੋਂ ਇਕ ਬੱਚੇ ਦੀ ਉਮਰ ਪੰਜ ਸਾਲ ਤੋਂ ਘੱਟ ਹੈ। ਇਨ੍ਹਾਂ ਬੱਚਿਆਂ ਵਿੱਚ ਛੋਟੇ ਬੱਚੇ ਵੀ ਸ਼ਾਮਲ ਹਨ।

# ਵਿਦਿਆਰਥੀਆਂ ਲਈ ਬਿਹਤਰ ਸ਼ਹਿਰ ਲੰਡਨ ਬਣਿਆ

ਲੰਡਨ, 1 ਅਗਸਤ (ਪੋਸਟ ਬਿਊਰੋ)- ਬ੍ਰਿਟੇਨ ਦੀ ਰਾਜਧਾਨੀ ਲੰਡਨ ਨੇ ਟੋਕੀਓ ਅਤੇ ਮੈਲਬਰਨ ਜਿਹੇ ਅੰਤਰਰਾਸ਼ਟਰੀ ਸ਼ਹਿਰਾਂ ਨੂੰ ਪਿੱਛੇ ਛੱਡਦੇ ਹੋਏ ਦੁਨੀਆ ਵਿੱਚ ਵਿਦਿਆਰਥੀਆਂ ਦੇ ਲਈ ਲਗਾਤਾਰ ਦੂਜੇ ਸਾਲ ਸਭ ਤੋਂ ਬਿਹਤਰ ਸ਼ਹਿਰ ਦਾ ਖਿਤਾਬ ਹਾਸਲ ਕੀਤਾ ਹੈ। ਇਹ ਨਵੀਂ ਰੈਂਕਿੰਗ ਕੱਲ੍ਹ ਜਾਰੀ ਕੀਤੀ ਗਈ ਹੈ। ਗਲੋਬਲ ਸਿਖਿਆ ਕੰਸਲਟੈਂਸੀ ਕਿਊ ਐਸ ਕਵਾਕਿਊਰੇਲੀ ਸਾਇਮੰਡਜ਼ ਨੇ ਕਿਊ ਐੱਸ ਬੈਸਟ ਸਟੂਡੈਂਟਸ ਸਿਟੀਜ਼ ਟੈਂਕਿੰਗ ਤਿਆਰ ਕੀਤੀ ਹੈ ਜਿਸ ਵਿੱਚ ਸ਼ਹਿਰ ਦੇ ਪ੍ਰਦਰਸ਼ਨ ਨੂੰ ਛੇ ਵਰਗਾਂ ਵਿੱਚ ਵੰਡਿਆ ਹੈ। ਇਸ ਵਿੱਚ ਚੋਟੀ ਦੀਆਂ ਯੂਨੀਵਰਸਿਟੀਆਂ ਦੀ ਗਿਣਤੀ, ਜ਼ਿੰਦਗੀ ਦਾ ਮਿਆਰ, ਗ੍ਰੈਜੂਏਸ਼ਨ



ਪਿੱਛੋਂ ਨੌਕਰੀ ਦੇ ਉਪਲਬਧ ਮੌਕੇ ਤੇ ਵਿਦਿਆਰਥੀਆਂ ਦੀ ਖੁਦ ਦੀ ਪ੍ਰਤੀਕਿਰਿਆ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸੂਚੀ ਵਿੱਚ 120 ਸ਼ਹਿਰਾਂ ਦੀ ਰੈਂਕਿੰਗ ਕੀਤੀ ਗਈ ਹੈ ਜਿਸ ਵਿੱਚ ਭਾਰਤ 'ਚ ਵਿਦਿਆਰਥੀਆਂ ਲਈ ਸਭ ਤੋਂ ਬਿਹਤਰ ਸ਼ਹਿਰ ਹਨ ਬੰਗਲੌਰ (81), ਇਸ ਦੇ ਬਾਅਦ ਮੁੰਬਈ (85), ਦਿੱਲੀ (113) ਅਤੇ ਚੇਨਈ (115) ਦਾ ਸਥਾਨ ਆਉਂਦਾ ਹੈ।

ਪਾਕਿਸਤਾਨੀ ਮੂਲ ਦੇ ਲੰਡਨ ਦੇ ਮੇਅਰ ਸਾਦਿਕ ਖਾਨ ਨੇ ਕਿਹਾ, ਲੰਡਨ ਨੂੰ ਫਿਰ ਦੁਨੀਆ ਦੇ ਸਭ ਤੋਂ ਚੰਗੇ ਸ਼ਹਿਰ ਦਾ ਦਰਜਾ ਦਿੱਤਾ ਗਿਆ ਹੈ। ਇਹ ਵਿਦਿਆਰਥੀਆਂ ਲਈ ਚੰਗੀ ਖਬਰ ਹੈ। ਇਹ ਹੈਰਾਨੀ ਦੀ ਗੱਲ ਨਹੀਂ ਕਿਉਂਕਿ ਲੰਡਨ ਵਿੱਚ ਵਿਸ਼ਵ ਦੇ ਮੋਹਰੀ ਉਚ ਸਿਖਿਆ ਸੰਸਥਾ ਹਨ। ਸਾਦਿਕ ਖਾਨ ਦੁਨੀਆ ਭਰ ਦੇ ਵਿਦਿਆਰਥੀਆਂ ਦੇ ਲਈ ਬਿਹਤਰ ਵਿਦਿਆਰਥੀ ਵੀਜ਼ਾ ਪ੍ਰਸਤਾਵਾਂ ਦੇ ਇੱਕ ਮੁੱਖ ਸਪੋਰਟਰ ਰਹੇ ਹਨ। ਉਨ੍ਹਾਂ ਨੇ ਕਿਹਾ, ਇਹ ਇੱਕ ਹੋਰ ਸਬੂਤ ਹੈ ਕਿ ਲੰਡਨ ਦੁਨੀਆ ਭਰ ਦੇ ਵਿਦਿਆਰਥੀਆਂ ਅਤੇ ਹੁਨਰਮੰਦਾਂ ਦੇ ਲਈ ਖੁੱਲ੍ਹਾ ਹੈ।

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
Hira Randhawa Broker
HomeLife SilverCity
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,999 Flower-Town & Mclaughlin: Cozy Bungalow Built On 50*146.9 Ft Lot. This Home Is Perfect For First-Time Buyers. 3+2 Bdrms With 2 Full Bthrms. Fully Renovated Kitchen. Lots Of Outdoor Space For Summer Pot Lights On The Main Floor. The Whole House Rented For $ 2900.
$689,999 Chinguacousy & Drinkwater: A Great Opportunity To Own This Beautiful 3+1 Bedroom Detached Home In Brampton Prime Location!! Close To Schools, Mississauga, Hwy 407 And Much More Amenities!! This Home Is Good For A Single -Family Residence Or You Can Convert The Basement For Rental Potential!!
$699,000 Netherwood/Morning Star: 4 Bedrooms Semi-Detached, Five Backsplit House With Two Bedrooms Basement With Separate Entrance, Huge Lot, 6 Car Parking, Good Sized Rooms, Very Desirable Location, Property Is Rented For $3200 + Utilities.
$699,900 Edenbrook Hill/Wanless: Beautiful Detached Home, Kitchen With Breakfast Area, Ceramic Floor And Walk-Out To Backyard. Master Bedroom Has 3Pc Ensuite Bathroom, Hardwood On Main Floors, Close To School, Park And All Amenities. Stainless Steel Appls.

Call For: RESP, SUPER -VISA,& TRAVEL Insurance
H.Randhawa
416-319-0551

MICHELIN Hankook Continental ROADLUX BFGoodrich AEOLUS COMPASAL Chevron Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

ਕੇਂਦਰੀ ਸਰਕਾਰ ਦੇ ਫੈਸਲੇ:

# ਜੰਮੂ-ਕਸ਼ਮੀਰ ਦੀ ਕੌਮਾਂਤਰੀ ਸਰਹੱਦ ਨੇੜਲੇ ਲੋਕਾਂ ਨੂੰ 10 ਫੀਸਦੀ ਰਿਜ਼ਰਵੇਸ਼ਨ ਲਾਗੂ

ਨਵੀਂ ਦਿੱਲੀ, 1 ਅਗਸਤ (ਪੋਸਟ ਬਿਊਰੋ)- ਕੇਂਦਰੀ ਮੰਤਰੀ ਮੰਡਲ ਦੀ ਕੱਲ੍ਹ ਹੋਈ ਇੱਕ ਬੈਠਕ 'ਚ ਜੰਮੂ-ਕਸ਼ਮੀਰ ਬਾਰੇ ਇੱਕ ਵੱਡਾ ਫੈਸਲਾ ਲੈਂਦਿਆਂ ਉਥੇ ਕੌਮਾਂਤਰੀ ਸਰਹੱਦ ਨੇੜੇ ਰਹਿੰਦੇ ਲੋਕਾਂ ਲਈ ਵੀ 10 ਫੀਸਦੀ ਰਿਜ਼ਰਵੇਸ਼ਨ ਲਾਗੂ ਕਰਨ ਨੂੰ ਆਪਣੀ ਪ੍ਰਵਾਨਗੀ ਦੇ ਦਿੱਤੀ ਗਈ ਹੈ ਤੇ ਕਈ ਹੋਰ ਫੈਸਲੇ ਕੀਤੇ ਗਏ ਹਨ।

ਮੰਤਰੀ ਮੰਡਲ ਦੀ ਬੈਠਕ ਪਿੱਛੋਂ ਮੀਡੀਆ ਨਾਲ ਗੱਲਬਾਤ ਦੌਰਾਨ ਕੇਂਦਰੀ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਸਮਾਜਕ ਇਨਸਾਫ ਦੀ ਜਿਹੜੀ ਵੰਡ ਪਹਿਲ ਮੋਦੀ ਸਰਕਾਰ ਨੇ ਆਪਣੇ ਪਿਛਲੇ ਕਾਰਜਕਾਲ 'ਚ ਕੀਤੀ ਸੀ ਕਿ ਆਰਥਿਕ ਆਧਾਰ ਉੱਤੇ 10 ਫੀਸਦੀ ਰਿਜ਼ਰਵੇਸ਼ਨ ਨੌਕਰੀਆਂ ਅਤੇ ਸਿੱਖਿਆ ਵਿੱਚ ਮਿਲੇਗੀ, ਉਸ ਨੂੰ ਜੰਮੂ-ਕਸ਼ਮੀਰ 'ਚ ਵੀ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜੰਮੂ-ਕਸ਼ਮੀਰ ਵਿੱਚ ਕਿਉਂਕਿ ਇਸ ਸਮੇਂ ਵਿਧਾਨ ਸਭਾ ਨਹੀਂ ਹੈ ਅਤੇ ਇਸ ਵਕਤ ਉਥੇ ਰਾਸ਼ਟਰਪਤੀ ਰਾਜ ਲਾਗੂ ਹੈ, ਇਸ ਲਈ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਕੇਂਦਰੀ ਮੰਤਰੀ ਮੰਡਲ ਉਤੇ ਆ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਵਿੱਚ ਕੰਟਰੋਲ ਰੇਖਾ ਨੇੜੇ ਰਹਿੰਦੇ ਲੋਕਾਂ ਨੂੰ ਹਾਲੇ ਤੱਕ ਰਿਜ਼ਰਵੇਸ਼ਨ ਮਿਲਦੀ ਸੀ, ਪਰ ਕੌਮਾਂਤਰੀ ਸਰਹੱਦ ਨੇੜੇ ਰਹਿਣ ਵਾਲੇ ਲੋਕਾਂ ਨੂੰ ਇਹ ਸਹੂਲਤ ਨਹੀਂ ਸੀ ਮਿਲਦੀ। ਅੱਗੇ ਤੋਂ ਜੰਮੂ-ਕਸ਼ਮੀਰ 'ਚ ਕੌਮਾਂਤਰੀ ਸਰਹੱਦ ਦੇ ਨਾਲ ਲੱਗਦੇ ਇਲਾਕਿਆਂ 'ਚ ਰਹਿਣ ਵਾਲੇ ਸਭ ਲੋਕਾਂ ਨੂੰ ਵੀ ਇਹ ਰਿਜ਼ਰਵੇਸ਼ਨ ਮਿਲੇਗੀ।

ਜਾਵਡੇਕਰ ਨੇ ਕਿਹਾ ਕਿ ਇਸ ਦੇ ਨਾਲ ਸਰਕਾਰ ਨੂੰ ਸੁਪਰੀਮ ਕੋਰਟ ਦੇ ਜੱਜਾਂ ਦੀ ਗਿਣਤੀ ਤੀਹ ਤੋਂ ਵਧਾ ਕੇ 33 ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਚੰਦਰਯਾਨ-2 ਬਾਰੇ ਸਰਕਾਰ ਨੇ ਮਾਸਕੋ 'ਚ ਇਸਰੋ ਦਾ ਦਫਤਰ ਖੋਲ੍ਹਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੋਦੀ ਸਰਕਾਰ ਕਿਸਾਨ-ਪੱਖੀ ਹੈ ਅਤੇ ਸਰਕਾਰ ਨੇ ਕਈ ਖਾਦਾਂ 'ਤੇ ਮਿਲ ਰਹੀ ਸਬਸਿਡੀ ਨੂੰ ਹੋਰ ਵਧਾਉਣ ਦਾ ਫੈਸਲਾ ਕੀਤਾ ਹੈ। ਇਸ ਤਰ੍ਹਾਂ ਕਿਸਾਨਾਂ ਨੂੰ ਖਾਦ ਸਸਤੀ ਮਿਲੇਗੀ।

## ਆਟੋ ਚਾਲਕ ਵੱਲੋਂ ਸਕੂਟੀ ਨੂੰ ਟੱਕਰ ਪਿੱਛੋਂ ਥੱਪੜ ਮਾਰਨ ਤੋਂ ਦੁਖੀ ਲੜਕੀ ਨੇ ਖੁਦਕੁਸ਼ੀ ਕਰ ਲਈ



ਅੰਮ੍ਰਿਤਸਰ, 1 ਅਗਸਤ (ਪੋਸਟ ਬਿਊਰੋ)- ਆਟੋ ਚਾਲਕ ਦੇ ਅਪਸ਼ਬਦਾਂ ਨੇ 22 ਸਾਲ ਦੀ ਇੰਦਰਾ ਕਲੋਨੀ ਦੀ ਕਾਜਲ ਸ਼ਰਮਾ ਨੂੰ ਇੰਨਾ ਦੁਖੀ ਕੀਤਾ ਕਿ ਉਸ ਨੇ ਉਸੇ ਰਾਤ ਪੱਖੇ ਨਾਲ ਫਾਹਾ ਲੈ ਕੇ ਸੁਸਾਈਡ ਕਰ ਲਿਆ।


ਕੱਲ੍ਹ ਸਵੇਰੇ 5.30 ਵਜੇ ਭਰਾ ਨੇ ਜਦ ਕਾਜਲ ਨੂੰ ਪੱਖੇ ਨਾਲ ਲਟਕਦੇ ਦੇਖਿਆ ਤਾਂ ਰੌਲਾ ਪਾਇਆ। ਓਦੋਂ ਦਰਵਾਜ਼ਾ ਅੰਦਰੋਂ ਬੰਦ ਸੀ। ਜਦ ਉਸ ਨੂੰ ਹੇਠਾਂ ਉਤਾਰਿਆ ਗਿਆ ਤਾਂ ਉਸ ਦੀ ਮੌਤ ਹੋ ਚੁੱਕੀ ਸੀ। ਥਾਣਾ ਕੋਟ ਖਾਲਸਾ ਦੀ ਪੁਲਸ ਨੇ ਬਟਾਲਾ ਰੋਡ ਦੇ ਵਾਸੀ ਆਟੋ ਚਾਲਕ ਪ੍ਰੀਤਕਮਲ ਦੇ ਖਿਲਾਫ ਖੁਦਕੁਸ਼ੀ ਲਈ ਉਕਸਾਉਣ ਦਾ ਕੇਸ ਦਰਜ ਕਰ ਲਿਆ ਹੈ। ਮ੍ਰਿਤਕਾ ਦੇ ਭਰਾ ਅਜੈ ਸ਼ਰਮਾ ਨੇ ਦੱਸਿਆ ਕਿ ਉਸ ਦੀ ਭੈਣ ਆਟੋ ਚਾਲਕ ਦੇ ਨਾਲ ਮਜੀਠਾ ਰੋਡ ਫੋਰਐਸ ਚੌਕ 'ਤੇ ਸਵੇਰੇ ਨੌਂ ਵਜੇ ਝਗੜਾ ਹੋਇਆ ਸੀ। ਪੂਰਾ ਦਿਨ ਉਦਾਸ ਰਹੀ। ਉਹ ਡਿਊਟੀ 'ਤੇ ਜਾਣ ਤੋਂ ਪਹਿਲਾਂ ਤੱਕ ਤੇ ਦੂਸਰਾ ਭਰਾ ਰੋਬਿਨ ਅਤੇ ਮਾਂ ਸੁਮਨ ਉਸ ਨੂੰ ਰਾਤ ਤੱਕ ਸਮਝਾਉਂਦੇ ਰਹੇ। ਉਸ ਨੂੰ ਸਮਝਾਇਆ ਕਿ ਕੱਲ੍ਹ ਉਹ ਆਟੋ ਵਾਲੇ ਨੂੰ ਫੜ ਕੇ ਪੁਲਸ ਐਕਸ਼ਨ ਕਰਾਉਣਗੇ, ਪਰ ਰਾਤ ਤਿੰਨ ਵਜੇ ਉਹ ਕਮਰੇ ਵਿੱਚ ਚਲੀ ਗਈ। ਉਸ ਦੇ ਬਾਅਦ ਕਾਜਲ ਨੇ ਬੈੱਡ 'ਤੇ ਕੁਰਸੀ ਰੱਖੀ ਅਤੇ ਪੱਖੇ ਦੇ ਨਾਲ ਦੁਪੱਟਾ ਬੰਨ੍ਹ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਆਟੋ ਚਾਲਕ ਪ੍ਰੀਤਕਮਲ ਨੂੰ ਗ੍ਰਿਫਤਾਰ ਕਰਨ ਦੇ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call: 416-268-9952
70 Delta Park Blvd. Unit # 4, Brampton

## ਖੇੜੀ ਗੰਡਿਆਂ ਕੇਸ ਦੀ ਜਾਂਚ ਲਈ ਤਿੰਨ ਮੈਂਬਰੀ ਜਾਂਚ ਟੀਮ ਗਠਿਤ ਕੀਤੀ ਗਈ

ਪਟਿਆਲਾ, 1 ਅਗਸਤ (ਪੋਸਟ ਬਿਊਰੋ)- ਖੇੜੀ ਗੰਡਿਆਂ ਤੋਂ ਲਾਪਤਾ ਦੋ ਬੱਚਿਆਂ ਦਾ ਨੌਂ ਦਿਨਾਂ ਬਾਅਦ ਵੀ ਸੁਰਾਗ ਨਹੀਂ ਲੱਗ ਸਕਿਆ। ਪੁਲਸ ਦੀਆਂ ਦਿਨ ਰਾਤ ਦੀਆਂ ਸਰਗਰਮੀਆਂ ਵੀ ਕਿਸੇ ਸਿੱਟੇ 'ਤੇ ਨਹੀਂ ਪੁੱਜ ਸਕੀਆਂ। ਇਸ ਦੇ ਬਾਅਦ ਪੰਜਾਬ ਪੁਲਸ ਦੇ ਡੀ ਜੀ ਪੀ ਦਿਨਕਰ ਗੁਪਤਾ ਨੇ ਇਸ ਨੂੰ ਸੰਜੀਦਗੀ ਨਾਲ ਲੈਂਦਿਆਂ ਕੱਲ੍ਹ ਤਿੰਨ ਆਈ ਪੀ ਐਸ ਅਫਸਰਾਂ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਗਠਿਤ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਸਿੱਟ ਨੇ ਕੱਲ੍ਹ ਹੀ ਆਪਣਾ ਕੰਮ ਸ਼ੁਰੂ ਕਰ ਕੇ ਤਿੰਨ ਘੰਟੇ ਅਹਿਮ ਮੀਟਿੰਗ ਕਰਕੇ ਜਿਥੇ ਅੱਜ ਤੱਕ ਦੀ ਜਾਂਚ ਪ੍ਰਕਿਰਿਆ ਦੀ ਸਮੀਖਿਆ ਕੀਤੀ, ਉਥੇ ਪੁਲਸ ਨੂੰ ਕੁਝ ਨਵੇਂ ਦਿਸ਼ਾ ਨਿਰਦੇਸ਼ ਵੀ ਦਿੱਤੇ। ਪੁਲਸ ਨੇ ਕੁਝ ਥਾਈਂ ਆਰਜ਼ੀ ਟੁਆਇਲਟ ਸਿਸਟਮ ਹੇਠ ਪੁੱਟੀਆਂ ਖੂਹੀਆਂ ਵੀ ਫੋਲਣ ਦਾ ਫੈਸਲਾ ਕੀਤਾ ਹੈ।

# ਅਬਦੁੱਲਾ ਤੋਂ ਇਨਫੋਰਸਮੈਂਟ ਨੇ ਛੇ ਘੰਟੇ ਵਿੱਚ 31 ਸਵਾਲ ਪੁੱਛੇ



ਚੰਡੀਗੜ੍ਹ, 1 ਅਗਸਤ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਵੱਲੋਂ ਈ ਡੀ ਨੇ ਜੰਮੂ ਕਸ਼ਮੀਰ ਕ੍ਰਿਕਟ ਐਸੋਸੀਏਸ਼ਨ ਵਿੱਚ ਹੋਏ 112 ਕਰੋੜ ਦੇ ਘੋਟਾਲੇ ਬਾਰੇ ਕੱਲ੍ਹ ਛੇ ਘੰਟੇ ਪੁੱਛਗਿੱਛ ਕੀਤੀ।

ਮਿਲੀ ਜਾਣਕਾਰੀ ਅਨੁਸਾਰ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਸਵੇਰੇ ਸਾਢੇ 11 ਵਜੇ ਸੈਕਟਰ 18 ਵਿੱਚ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਦੇ ਦਫਤਰ 'ਚ ਆਪਣੇ ਵਕੀਲ ਨਾਲ ਪਹੁੰਚੇ। ਈ ਡੀ ਨੇ ਵਕੀਲ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ। ਇਸ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਇਕੱਲੇ ਈ ਡੀ ਦਫਤਰ 'ਚ ਅਧਿਕਾਰੀਆਂ ਸਾਹਮਣੇ ਗਏ। ਇਸ ਦੌਰਾਨ ਚੰਡੀਗੜ੍ਹ ਪੁਲਸ ਨੇ ਈ ਡੀ ਦਫਤਰ ਨੂੰ ਛਾਉਣੀ 'ਚ ਬਦਲ ਦਿੱਤਾ। ਈ ਡੀ ਦਫਤਰ ਦੇ ਚਾਰੇ ਪਾਸੇ ਥਾਣਾ ਪੁਲਸ, ਟਰੈਫਿਕ ਅਤੇ ਸਕਿਓਰਿਟੀ ਵਿੰਗ ਦੇ ਜਵਾਨ ਤੈਨਾਤ ਸਨ। ਈ ਡੀ ਸੂਤਰਾਂ ਮੁਤਾਬਕ 112 ਕਰੋੜ ਰੁਪਏ ਦੇ ਘੋਟਾਲੇ ਵਿੱਚ ਪੁੱਛਗਿੱਛ ਲਈ ਈ ਡੀ ਅਧਿਕਾਰੀਆਂ ਨੇ ਪਹਿਲਾਂ ਹੀ ਸਵਾਲਾਂ ਦੀ ਸੂਚੀ ਬਣਾਈ ਹੋਈ ਸੀ। ਅਧਿਕਾਰੀਆਂ ਨੇ ਸਾਬਕਾ ਮੁੱਖ ਮੰਤਰੀ ਤੋਂ 43.69 ਕਰੋੜ ਰੁਪਏ ਦੇ ਘੋਟਾਲੇ ਬਾਰੇ ਸਵਾਲ ਕੀਤੇ। ਸਾਬਕਾ ਮੁੱਖ ਮੰਤਰੀ ਨੇ ਘੋਟਾਲੇ ਦੀ ਜਾਣਕਾਰੀ ਹੋਣ ਤੋਂ ਮਨ੍ਹਾ ਕਰ ਕੇ ਕਿਹਾ ਕਿ ਉਹ ਜੰਮੂ ਕਸ਼ਮੀਰ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸਨ। ਐਸੋਸੀਏਸ਼ਨ ਨੇ ਕ੍ਰਿਕਟ ਕੰਟਰੋਲ ਬੋਰਡ ਵੱਲੋਂ ਦਿੱਤੇ ਕਰੋੜਾਂ ਰੁਪਏ ਕ੍ਰਿਕਟ ਨੂੰ ਬਿਹਤਰ ਕਰਨ ਲਈ ਖਰਚ ਕੀਤੇ ਸਨ। ਸੂਤਰਾਂ ਮੁਤਾਬਕ ਬਹੁਤੇ ਸਵਾਲਾਂ 'ਤੇ ਉਨ੍ਹਾਂ ਚੁੱਪ ਧਾਰੀ ਰੱਖੀ। ਛੇ ਘੰਟਿਆਂ ਦੀ ਪੁੱਛਗਿੱਛ ਤੋਂ ਬਾਅਦ ਉਹ ਬਾਹਰ ਆਏ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਈ ਡੀ ਜਨਵਰੀ 2019 ਵਿੱਚ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਤੋਂ ਪੁੱਛਗਿੱਛ ਕਰ ਚੁੱਕੀ ਹੈ। ਅਸਲ ਵਿੱਚ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਨੇ ਸਾਲ 2002 ਤੋਂ 2011 ਵਿਚਕਾਰ ਇਸ ਰਾਜ 'ਚ ਕ੍ਰਿਕਟ ਸਹੂਲਤਾਂ ਦੇ ਵਿਕਾਸ ਲਈ 112 ਕਰੋੜ ਰੁਪਏ ਦਿੱਤੇ ਸਨ, ਪਰ ਇਸ ਰਾਸ਼ੀ ਵਿੱਚੋਂ 43.69 ਕਰੋੜ ਰੁਪਏ ਦਾ ਘੋਟਾਲਾ ਹੋ ਗਿਆ ਸੀ, ਜਿਸ ਬਾਰੇ ਰਣਜੀ ਟਰਾਫੀ ਕੋਚ ਅਤੇ ਸਿਲੈਕਟਰ ਅਤੇ ਕਸ਼ਮੀਰ ਦੇ ਕ੍ਰਿਕਟ ਖਿਡਾਰੀ ਮਾਜਿਦ ਅਹਿਮਦ ਡਾਰ ਨੇ ਸਾਲ 2015 ਵਿੱਚ ਜੰਮੂ-ਕਸ਼ਮੀਰ ਕ੍ਰਿਕਟ ਐਸੋਸੀਏਸ਼ਨ (ਜੇ ਕੇ ਸੀ ਏ) ਵਿੱਚ ਘੋਟਾਲੇ ਬਾਰੇ ਹਾਈ ਕੋਰਟ ਵਿੱਚ ਜਨ ਹਿੱਤ ਪਟੀਸ਼ਨ ਦਰਜ ਕੀਤੀ ਸੀ। ਹਾਈ ਕੋਰਟ ਨੇ ਸੀ ਬੀ ਆਈ ਨੂੰ ਕੇਸ ਦੀ ਜਾਂਚ ਦੇ ਹੁਕਮ ਦਿੱਤੇ ਸਨ। ਸੀ ਬੀ ਆਈ ਨੇ ਜਾਂਚ ਕਰ ਕੇ ਇਸ ਵਿੱਚ ਜੇ ਕੇ ਸੀ ਏ ਪ੍ਰਧਾਨ ਡਾਕਟਰ ਫਾਰੂਕ ਅਬਦੁੱਲਾ, ਮੁਹੰਮਦ ਸਲੀਮ ਖਾਨ (ਉਸ ਸਮੇਂ ਦੇ ਜਨਰਲ ਸੈਕਟਰੀ), ਅਹਿਸਾਨ ਅਹਿਮਦ ਮਿਰਜ਼ਾ (ਓਦੋਂ ਦੇ ਖਜ਼ਾਨਚੀ) ਤੇ ਬਸ਼ੀਰ ਅਹਿਮਦ ਮਿਸਗਰ (ਜੰਮੂ ਕਸ਼ਮੀਰ ਬੈਂਕ ਦੇ ਐਗਜ਼ੀਕਿਊਟਿਵ) ਖਿਲਾਫ ਅਪਰਾਧਕ ਸਾਜ਼ਿਸ਼ ਅਤੇ ਵਿਸ਼ਵਾਸ ਤੋੜਨ ਦੀ ਅਪਰਾਧਕ ਉਲੰਘਣਾ ਦੇ ਦੋਸ਼ ਲਾ ਕੇ ਅਦਾਲਤ 'ਚ ਚਾਰਜਸ਼ੀਟ ਪੇਸ਼ ਕੀਤੀ ਸੀ।

## ਰਾਤ ਨੂੰ ਘਰ ਵਿੱਚ ਅੱਗ ਲੱਗਣ ਨਾਲ ਪਤਨੀ-ਪਤਨੀ ਜਿੰਦਾ ਸੜੇ

ਫਰੀਦਕੋਟ, 1 ਅਗਸਤ (ਪੋਸਟ ਬਿਊਰੋ)- ਸਥਾਨਕ ਟੀਚਰ ਕਲੋਨੀ ਦੇ ਇੱਕ ਘਰ ਵਿੱਚ ਅੱਗ ਲੱਗਣ ਨਾਲ ਰਿਟਾਇਰਡ ਟੀਚਰ ਅਤੇ ਉਸ ਦੀ ਪਤਨੀ ਦੀ ਜਿੰਦਾ ਸੜ ਕੇ ਮੌਤ ਹੋ ਗਈ ਹੈ। ਪਤਾ ਲੱਗਾ ਹੈ ਕਿ ਰਿਟਾਇਰਡ ਟੀਚਰ ਸੁਰਜੀਤ ਸਿੰਘ ਆਪਣੀ ਪਤਨੀ ਦੇ ਨਾਲ ਰਹਿੰਦੇ ਸਨ। ਫਾਇਰ ਬ੍ਰਿਗੇਡ ਮੁਲਾਜ਼ਮਾਂ ਨੇ ਅੱਗ ਬੁਝਾਈ ਤਾਂ ਦੋਵੇਂ ਜਣੇ ਜਿੰਦਾ ਸੜ ਚੁੱਕੇ ਸਨ, ਲਾਸ਼ਾਂ ਇੰਨੀ ਬੁਰੀ ਤਰ੍ਹਾਂ ਸੜ ਗਈਆਂ ਸਨ ਕਿ ਉਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਉਨ੍ਹਾਂ ਦੇ ਪਰਿਵਾਰ ਦੇ ਬਾਕੀ ਮੈਂਬਰ ਵਿਦੇਸ਼ ਵਿੱਚ ਰਹਿੰਦੇ ਹਨ। ਇਕ ਗੁਆਂਢੀ ਨੇ ਦੱਸਿਆ ਕਿ ਉਨ੍ਹਾਂ ਨੇ ਰਾਤ ਕਰੀਬ ਢਾਈ ਵਜੇ ਮਾਸਟਰ ਸੁਰਜੀਤ ਸਿੰਘ ਦੇ ਘਰ ਅੱਗ ਲੱਗੀ ਦੇਖੀ। ਇਸ ਦੇ ਬਾਅਦ ਫਾਇਰ ਬ੍ਰਿਗੇਡ ਅਤੇ ਪੁਲਸ ਨੂੰ ਸੂਚਨਾ ਦਿੱਤੀ ਗਈ। ਉਨ੍ਹਾਂ ਨੇ ਦੱਸਿਆ ਕਿ ਇਸ ਮਕਾਨ ਵਿੱਚ ਮਾਸਟਰ ਸੁਰਜੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਰਹਿੰਦੇ ਸਨ। ਫਾਇਰ ਬ੍ਰਿਗੇਡ ਮੁਲਾਜ਼ਮਾਂ ਨੇ ਦੱਸਿਆ ਕਿ ਅੱਗ ਲੱਗਣ ਦੀ ਵਜ੍ਹਾ ਨਾਲ ਮਕਾਨ ਦਾ ਇੱਕ ਕਮਰਾ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਿਆ ਜਿਸ ਵਿੱਚ ਸੁੱਤਾ ਪਿਆ ਜੋੜਾ ਜਿੰਦਾ ਸੜ ਗਿਆ।

# ਹਰਿਆਣਾ ਦੇ ਪੋਸਟ ਮੈਟ੍ਰਿਕ ਵਜ਼ੀਫੇ ਵਿੱਚ ਹੋਇਆ 26 ਕਰੋੜ ਦਾ ਘੋਟਾਲਾ

ਚੰਡੀਗੜ੍ਹ, 1 ਅਗਸਤ (ਪੋਸਟ ਬਿਊਰੋ)- ਅਨੁਸੂਚਿਤ ਜਾਤੀ ਅਤੇ ਪਿੱਛੜਾ ਵਰਗ ਦੇ ਪੋਸਟ ਮੈਟ੍ਰਿਕ ਯਾਨੀ 10ਵੀਂ ਤੋਂ ਉਪਰਲੀਆਂ ਜਮਾਤਾਂ ਦੇ ਵਿਦਿਆਰਥੀਆ ਦੀ ਹਾਇਰ ਐਜੂਕੇਸ਼ਨ ਲਈ ਕੇਂਦਰ ਵੱਲੋਂ ਦਿੱਤੇ ਜਾਂਦੇ ਵਜ਼ੀਫੇ ਵਿੱਚ ਸੋਨੀਪਤ, ਰੋਹਤਕ ਅਤੇ ਝੱਜਰ ਜ਼ਿਲ੍ਹੇ ਵਿੱਚ ਪਿਛਲੇ ਤਿੰਨ ਸਾਲ ਵਿੱਚ 26 ਕਰੋੜ ਦਾ ਘੋਟਾਲਾ ਹੋ ਗਿਆ। ਇਸ ਦੀ ਜਾਂਚ ਦੇ ਬਾਅਦ ਇਸ ਬਾਰੇ ਵਿਜੀਲੈਂਸ ਨੇ ਬੜਾ ਸਨਸਨੀ ਖੇਜ਼ ਖੁਲਾਸਾ ਕੀਤਾ ਹੈ। ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਘੋਟਾਲੇ ਵਿੱਚ 11 ਅਧਿਕਾਰੀ-ਕਰਮਚਾਰੀ ਤੇ ਚਾਰ ਪ੍ਰਾਈਵੇਟ ਲੋਕ ਸ਼ਾਮਲ ਹਨ। ਅਜੇ 19 ਜ਼ਿਲ੍ਹਿਆਂ ਦੀ ਜਾਂਚ ਕਰਨੀ ਬਾਕੀ ਹੈ। ਇਸ ਲਈ ਘੋਟਾਲੇ ਦੀ ਰਾਸ਼ੀ 50 ਕਰੋੜ ਰੁਪਏ ਦੇ ਪਾਰ ਵੀ ਜਾ ਸਕਦੀ ਹੈ। ਅਜੇ 2016-17 ਤੋਂ 2018-19 ਤੱਕ ਤਿੰਨ ਵਿੱਤੀ ਸਾਲਾਂ ਦੇ ਦੌਰਾਨ ਦੇ ਵਜ਼ੀਫੇ ਦੀ ਜਾਂਚ ਹੋ ਰਹੀ ਹੈ। ਇਹ ਜਾਂਚ ਪੂਰੀ ਹੋਣ ਦੇ ਬਾਅਦ 1981 ਵਿੱਚ ਸ਼ੁਰੂ ਹੋਈ ਇਸ ਯੋਜਨਾ ਵਿੱਚ 2014 ਤੱਕ ਜਾਰੀ ਹੋਏ ਵਜ਼ੀਫੇ ਦੀਆਂ ਫਾਈਲਾਂ ਦੇ ਪੰਨੇ ਵੀ ਵਿਜੀਲੈਂਸ ਦੇਖੇਗੀ। ਵਿਜੀਲੈਂਸ ਦੇ ਡੀ ਜੀ, ਕੇ ਪੀ ਸਿੰਘ ਦਾ ਦਾਅਵਾ ਹੈ ਕਿ ਸੂਬੇ ਵਿੱਚ ਵਜ਼ੀਫੇ ਦੇ ਨਾਂਅ 'ਤੇ ਪੈਸਾ ਲੈਣ ਵਾਲੀਆਂ ਕਰੀਬ 35 ਫੀਸਦੀ ਸੰਸਥਾਵਾਂ ਫਰਜ਼ੀ ਹਨ। ਜਾਂਚ ਵਿੱਚ ਕਈ ਸੰਸਥਾਵਾਂ ਪੰਜਾਬ ਦੀਆਂ ਮਿਲੀਆਂ। ਦੋਸ਼ੀ 15 ਲੋਕਾਂ ਦੇ ਖਿਲਾਫ ਰੋਹਤਕ ਵਿਜੀਲੈਂਸ ਥਾਣੇ ਵਿੱਚ ਕੇਸ ਦਰਜ ਕੀਤਾ ਹੈ। ਇਨ੍ਹਾਂ ਵਿੱਚ ਅਨੁਸੂਚਿਤ ਜਾਤੀ ਅਤੇ ਪਿਛੜਾ ਵਰਗ ਕਲਿਆਣ ਵਿਭਾਗ ਦੇ ਡਿਪਟੀ ਡਾਇਰੈਕਟਰ ਤੋਂ ਲੈ ਕੇ ਜ਼ਿਲ੍ਹਾ ਕਲਿਆਣ ਅਧਿਕਾਰੀ ਦਾ ਡਾਟਾ ਐਂਟਰੀ ਆਪਰੇਟਰ ਵੀ ਸ਼ਾਮਲ ਹੈ। 250 ਕਰੋੜ ਰੁਪਏ ਦੇ ਵਜ਼ੀਫਾ ਘੋਟਾਲੇ ਵਿੱਚ ਸੀ ਬੀ ਆਈ ਬੈਂਕਾਂ ਦੇ ਮੈਨੇਜਰਾਂ ਨੂੰ ਅਪਰੂਵਰ ਬਣਾਉਣ ਦੀ ਤਿਆਰੀ ਵਿੱਚ ਹੈ। ਵਿਦਿਆਰਥੀਆਂ ਅਤੇ ਬੈਂਕ ਅਧਿਕਾਰੀਆਂ ਤੋਂ ਪੁੱਛਗਿੱਛ ਦੇ ਬਾਅਦ ਸੀ ਬੀ ਆਈ ਨੇ ਇਹ ਫੈਸਲਾ ਲਿਆ ਹੈ। ਜਾਂਚ ਵਿੱਚ ਪਤਾ ਲੱਗਾ ਕਿ ਫਰਜ਼ੀ ਬੈਂਕ ਅਕਾਊਂਟ ਖੋਲ੍ਹ ਕੇ ਵਜ਼ੀਫੇ ਦਾ ਪੈਸਾ ਹੜੱਪਿਆ ਗਿਆ ਹੈ।



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਨਾਈ ਵੈਸ਼ਨੋ ਲੜਕਾ, ਉਮਰ 25 ਸਾਲ, 5'-7" ਮਾਸਟਰ ਡਿਗਰੀ ਅਕਾਊਂਟਸ ਆਸਟਰੇਲੀਆ ਲਈ ਕੈਨੇਡਾ ਜਾ ਆਸਟਰੇਲੀਆ ਵਿੱਚ ਰਹਿੰਦੀ ਮਾਸਟਰ ਡਿਗਰੀ ਵਾਲੀ ਸੁੰਦਰ ਤੇ ਵੈਸ਼ਨੋ ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-261-3212

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੁਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੌਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6" ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ।
ਸੰਪਰਕ ਕਰੋ: 289-489-9321 ।

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
◦$29 per hr
◦Experience: 3-5 years
◦Education has to be secondary high school or equivalent experience
Email Resume at umar.w@cellntell.com

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
◦$50 per hr
◦Experience: 5 years or more
◦Education: Bachelors Degree Business/Commerce
Email Resume: hr@cellntell.com or umar.w@cellntell.com

STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘੱਲਿਆ

# ਸੰਜੇ ਸਿੰਘ ਦਾ ਕਾਂਗਰਸ ਤੇ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ



ਨਵੀਂ ਦਿੱਲੀ, 1 ਅਗਸਤ (ਪੋਸਟ ਬਿਊਰੋ)- ਕਾਂਗਰਸ ਨੇਤਾ ਅਤੇ ਗਾਂਧੀ ਪਰਵਾਰ ਦੇ ਕਰੀਬੀਆਂ ਵਿੱਚ ਗਿਣੇ ਜਾਂਦੇ ਸੰਜੇ ਸਿੰਘ ਨੇ ਕੱਲ੍ਹ ਪਾਰਟੀ ਤੇ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ। ਉਹ ਭਾਜਪਾ ਵਿੱਚ ਸ਼ਾਮਲ ਹੋਣਗੇ।

ਅਮੇਠੀ ਰਾਜ ਘਰਾਣੇ ਨਾਲ ਸੰਬੰਧ ਰੱਖਣ ਵਾਲੇ ਸੰਜੇ ਸਿੰਘ ਨੇ ਪਾਰਟੀ ਛੱਡਣ ਦਾ ਐਲਾਨ ਕਰਦੇ ਹੋਏ ਕਾਂਗਰਸ 'ਤੇ ਨਿਸ਼ਾਨਾ ਲਾਇਆ ਕਿ ਇਹ ਪਾਰਟੀ ਹਾਲੇ ਤੱਕ ਅਤੀਤ ਵਿੱਚ ਜੀਅ ਰਹੀ ਤੇ ਭਵਿੱਖ ਬਾਰੇ ਅਣਜਾਣ ਹੈ। ਸੰਜੇ ਸਿੰਘ ਪਹਿਲਾਂ ਵੀ ਭਾਜਪਾ ਵਿੱਚ ਰਹੇ ਹਨ ਅਤੇ ਉਸ ਦੇ ਟਿਕਟ 'ਤੇ ਲੋਕ ਸਭਾ ਮੈਂਬਰ ਚੁਣੇ ਗਏ ਸਨ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਹੈ। ਜੇ ਦੇਸ਼ ਉਨ੍ਹਾਂ ਦੇ ਨਾਲ ਹੈ ਤਾਂ ਮੈਂ ਵੀ ਉਨ੍ਹਾਂ ਨਾਲ ਹਾਂ। ਸੰਜੇ ਸਿੰਘ ਨੇ ਕਿਹਾ, ਕਾਂਗਰਸ ਵਿੱਚ ਸੰਪਰਕ ਸਾਧਨਾ ਸੰਭਵ ਨਹੀਂ। ਮੈਂ ਲੰਬੇ ਸਮੇਂ ਤੱਕ ਇਹ ਸਭ ਦੇਖਣ ਪਿੱਛੋਂ ਇਹ ਫੈਸਲਾ ਕੀਤਾ। ਉਨ੍ਹਾਂ ਦਾਅਵਾ ਕੀਤਾ, ਕਾਂਗਰਸ ਦਿਸ਼ਾਹੀਣ ਹੈ ਤੇ ਲੋਕਾਂ ਤੋਂ ਦੂਰ ਹੋ ਚੁੱਕੀ ਹੈ। ਆਸਾਮ ਤੋਂ ਕਾਂਗਰਸ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਦਾ ਕਾਰਜਕਾਲ ਅਗਲੇ ਸਾਲ ਅਪ੍ਰੈਲ ਵਿੱਚ ਪੂਰਾ ਹੋਣਾ ਸੀ। ਸੰਜੇ ਸਿੰਘ ਦੀ ਪਤਨੀ ਅਮਿਤਾ ਸਿੰਘ ਨੇ ਵੀ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਉਹ ਉਤਰ ਪ੍ਰਦੇਸ਼ ਵਿੱਚ ਕਾਂਗਰਸ ਦੇ ਸੰਗਠਨ ਪ੍ਰੋਫੈਸ਼ਨਲ ਕਾਂਗਰਸ ਦੀ ਚੇਅਰਪਰਸਨ ਸੀ। ਮੰਨਿਆ ਜਾ ਰਿਹਾ ਹੈ ਕਿ ਭਾਜਪਾ ਸੰਜੇ ਸਿੰਘ ਨੂੰ ਅਗਲੇ ਦਿਨਾਂ ਵਿੱਚ ਰਾਜ ਸਭਾ ਲਈ ਆਪਣਾ ਉਮੀਦਵਾਰ ਬਣਾ ਸਕਦੀ ਹੈ। ਉਹ ਪਿਛਲੀ ਲੋਕ ਸਭਾ ਚੋਣਾਂ ਵਿੱਚ ਉੱਤਰ ਪ੍ਰਦੇਸ਼ ਦੀ ਸੁਲਤਾਨਪੁਰ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਟਿਕਟ 'ਤੇ ਚੋਣ ਲੜੇ ਸਨ ਅਤੇ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

# ਟਰੂ ਕਾਲਰ ਵੱਲੋਂ ਵੱਡਾ ਸਕੈਮ: ਯੂਜ਼ਰਜ਼ ਤੋਂ ਜ਼ਬਰਦਸਤੀ ਯੂ ਪੀ ਆਈ ਰਜਿਸਟਰ ਕਰਵਾ ਲਿਆ



ਨਵੀਂ ਦਿੱਲੀ, 1 ਅਗਸਤ (ਪੋਸਟ ਬਿਊਰੋ)- ਡਾਟਾ ਬਰੀਚ ਦੀਆਂ ਖਬਰਾਂ ਅੱਜਕੱਲ੍ਹ ਆਮ ਹੋ ਗਈਆਂ ਹਨ। ਇਸ ਦੌਰਾਨ ਸਮਾਰਟਫੋਨਸ ਦੇ ਪਾਪੂਲਰ ਐਪ ਟਰੂ ਕਾਲਰ ਵੱਲੋਂ ਡਾਟਾ ਬਰੀਚ ਦੀ ਗੱਲ ਪਤਾ ਲੱਗੀ ਹੈ। ਬਹੁਤ ਸਾਰੇ ਯੂਜ਼ਰਜ਼ ਟਵਿੱਟਰ 'ਤੇ ਇਹ ਸ਼ਿਕਾਇਤ ਕਰ ਰਹੇ ਹਨ ਕਿ ਉਨ੍ਹਾਂ ਦੇ ਸਮਾਰਟ ਫੋਨਸ ਤੋਂ ਟਰੂ ਕਾਲਰ ਵੱਲੋਂ ਉਨ੍ਹਾਂ ਦੀ ਇਜਾਜ਼ਤ ਦੇ ਬਿਨਾਂ ਯੂ ਪੀ ਆਈ ਰਜਿਸਟਰੇਸ਼ਨ ਲਈ ਐਸ ਐਮ ਐਸ ਕੀਤਾ ਜਾ ਰਿਹਾ ਹੈ।

ਟਵਿੱਟਰ ਉਤੇ ਸ਼ਿਕਾਇਤ ਕਰਨ ਵਾਲੇ ਯੂਜ਼ਰਜ਼ ਦਾ ਹੜ੍ਹ ਆ ਗਿਆ ਹੈ। ਇੱਕ ਯੂਜ਼ਰ ਨੇ ਲਿਖਿਆ ਹੈ ਕਿ ਸਵੇਰੇ ਉਠ ਕੇ ਜਦੋਂ ਮੈਂ ਆਪਣਾ ਐਂਡਰਾਇਡ ਫੋਨ ਚੈਕ ਕੀਤਾ ਤਾਂ ਟਰੂ ਕਾਲਰ ਐਪ ਅਪਡੇਟ ਹੋ ਚੁੱਕਾ ਸੀ। ਨਾਲ ਕੁਝ ਹੋਰ ਐਪ ਵੀ ਅਪਡੇਟ ਹੋਏ ਸਨ। ਅਪਡੇਟ ਹੋਣ ਤੋਂ ਤੁਰੰਤ ਬਾਅਦ ਐਪ ਨੇ ਮੇਰੇ ਫੋਨ ਤੋਂ ਕਿਸੇ ਅਨਨੋਨ ਨੰਬਰ ਨੂੰ ਐਨਕ੍ਰਿਪਟਿਡ ਐੱਸ ਐੱਮ ਐੱਸ ਕੀਤਾ, ਜਿਸ ਦੇ ਬਾਅਦ ਆਈ ਸੀ ਆਈ ਸੀ ਆਈ ਬੈਂਕ ਵੱਲੋਂ ਮੈਨੂੰ ਐੱਸ ਐੱਮ ਐੱਸ ਮਿਲਿਆ। ਉਸ ਯੂਜ਼ਰ ਨੇ ਦੱਸਿਆ ਕਿ ਜੋ ਮੈਸੇਜ ਮੈਨੂੰ ਮਿਲਿਆ ਉਸ 'ਚ ਲਿਖਿਆ ਸੀ: ਯੂ ਪੀ ਆਈ ਲਈ ਤੁਹਾਡੀ ਰਜਿਸਟਰੇਸ਼ਨ ਸ਼ੁਰੂ ਹੋ ਗਈ ਹੈ। ਯੂਜ਼ਰ ਇਸ ਦੇ ਅੱਗੇ ਦੱਸਦਾ ਹੈ ਕਿ ਆਈ ਸੀ ਆਈ ਸੀ ਆਈ ਬੈਂਕ ਵਿੱਚ ਮੇਰਾ ਕੋਈ ਅਕਾਊਂਟ ਹੀ ਨਹੀਂ ਹੈ, ਪਰ ਟਰੂ ਕਾਲਰ ਨੇ ਆਪਣੇ ਯੂ ਪੀ ਆਈ ਬੇਸਡ ਪੇਮੈਂਟ ਸਰਵਿਸ ਲਈ ਆਈ ਸੀ ਆਈ ਸੀ ਆਈ ਬੈਂਕ ਨਾਲ ਸਾਂਝ ਪਾਈ ਹੈ। ਇਸ ਦਾ ਅਰਥ ਸਾਫ ਹੈ ਕਿ ਟਰੂ ਕਾਲਰ ਵੱਲੋਂ ਯੂਜ਼ਰ ਦੀ ਇਜਾਜ਼ਤ ਲਏ ਬਿਨਾਂ ਯੂ ਪੀ ਆਈ ਰਜਿਸਟਰੇਸ਼ਨ ਕਰਵਾਈ ਜਾ ਰਹੀ ਹੈ। ਟਵਿੱਟਰ 'ਤੇ ਇਸ ਘਟਨਾ ਦਾ ਜ਼ਿਕਰ ਬਹੁਤ ਸਾਰੇ ਯੂਜ਼ਰਜ਼ ਵੱਲੋਂ ਕੀਤਾ ਜਾ ਰਿਹਾ ਹੈ। ਯੂਜ਼ਰਜ਼ ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ ਨੂੰ ਘਟਨਾ ਦੇ ਸੰਦਰਭ ਵਿੱਚ ਐਕਸ਼ਨ ਲੈਣ ਲਈ ਟੈਗ ਵੀ ਕਰ ਰਹੇ ਹਨ। ਨਾਲ ਹੀ ਯੂਜ਼ਰਜ਼ ਵੱਲੋਂ ਟਰੂ ਕਾਲਰ ਨੂੰ ਅਨਇੰਸਟਾਲ ਕਰਨ ਦੀ ਗੱਲ ਵੀ ਕਹੀ ਜਾ ਰਹੀ ਹੈ।

# ਆਮਦਨ ਟੈਕਸ ਵਿਭਾਗ ਨੇ ਰਤੁਲ ਪੁਰੀ ਦੇ 254 ਕਰੋੜ ਰੁਪਏ ਦੇ ਬੇਨਾਮੀ ਸ਼ੇਅਰ ਜ਼ਬਤ ਕੀਤੇ

ਨਵੀਂ ਦਿੱਲੀ, 1 ਅਗਸਤ (ਪੋਸਟ ਬਿਊਰੋ)- ਆਮਦਨ ਟੈਕਸ ਵਿਭਾਗ ਨੇ ਮੱਧ ਪ੍ਰਦੇਸ ਦੇ ਮੁੱਖ ਮੰਤਰੀ ਕਮਲ ਨਾਥ ਦੇ ਭਾਣਜੇ ਰਤੁਲ ਪੁਰੀ ਦੇ 254 ਕਰੋੜ ਰੁਪਏ ਮੁੱਲ ਦੇ ਬੇਨਾਮੀ ਸ਼ੇਅਰ ਜ਼ਬਤ ਕੀਤੇ ਹਨ, ਜਿਸ ਬਾਰੇ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਇਹ ਸ਼ੇਅਰ ਅਗਸਤਾ ਵੈਸਟਲੈਂਡ ਵੀ ਵੀ ਆਈ ਪੀ ਹੈਲੀਕਾਪਟਰ ਘੁਟਾਲੇ ਵਿੱਚ ਇਕ ਜਾਅਲੀ ਕੰਪਨੀ ਦੇ ਰਾਹੀਂ ਇਕ ਸ਼ੱਕੀ ਵਿਅਕਤੀ ਤੋਂ ਖਰੀਦ ਕੀਤੇ ਹਨ।

ਹਿੰਦੁਸਤਾਨ ਪਾਵਰ ਪ੍ਰੋਜੈਕਟਸ ਪ੍ਰਾਈਵੇਟ (ਐਚ ਪੀ ਪੀ) ਦੇ ਚੇਅਰਮੈਨ ਰਤੁਲ ਪੁਰੀ ਪਹਿਲਾਂ ਹੀ ਟੈਕਸ ਚੋਰੀ ਤੇ ਹਵਾਲਾ ਰਾਸ਼ੀ ਦੇ ਦੋਸ਼ਾਂ 'ਚ ਆਮਦਨ ਟੈਕਸ ਵਿਭਾਗ ਤੇ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਘੇਰੇ 'ਚ ਹਨ। ਅਧਿਕਾਰੀਆਂ ਨੇ ਦੱਸਿਆ ਕਿ ਵਿਭਾਗ ਦੇ ਦਿੱਲੀ ਦਫਤਰ ਨੇ ਬੇਨਾਮੀ ਜਾਇਦਾਦ ਦੇ ਲੈਣ ਦੇਣ ਦੀ ਮਨਾਹੀ ਦੀ ਧਾਰਾ 24 (3) ਹੇਠ ਗੈਰ ਬੱਚਤ ਲਾਜ਼ਮੀ ਬਦਲਣ ਯੋਗ ਸ਼ੇਅਰਾਂ (ਸੀ ਸੀ ਪੀ ਐਸ) ਨੂੰ ਜ਼ਬਤ ਕਰਨ ਦਾ ਹੁਕਮ ਜਾਰੀ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਰਕਮ ਓਪਟੀਮਾ ਇਨਫਰਾਸਟਰੱਕਚਰ ਪ੍ਰਾਈਵੇਟ ਲਿਮਟਿਡ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ ਡੀ ਆਈ) ਤੋਂ ਮਿਲੀ ਹੈ। ਓਪਟੀਮਾ ਇਨਫਰਾਸਟਰੱਕਚਰ ਦਾ ਸਬੰਧ ਰਾਹੁਲ ਪੁਰੀ ਦੇ ਪਿਤਾ ਦੀਪਕ ਪੁਰੀ ਦੀ ਕੰਪਨੀ ਮੋਜਰ ਬੇਅਰ ਨਾਲ ਹੈ। ਆਮਦਨ ਟੈਕਸ ਵਿਭਾਗ ਦਾ ਦੋਸ਼ ਹੈ ਕਿ 254 ਕਰੋੜ ਰੁਪਏ ਦਾ ਨਿਵੇਸ਼ ਸਮੂਹ ਦੀ ਇਕ ਹੋਰ ਕੰਪਨੀ ਐਚ ਈ ਪੀ ਸੀ ਐਲ ਵੱਲੋਂ ਸੋਲਰ ਪੈਨਲਾਂ ਦੀ ਦਰਾਮਦ ਦਾ ਵੱਧ ਬਿੱਲ ਦਿਖਾ ਕੇ ਕੀਤਾ ਗਿਆ ਹੈ। ਇਸ ਦੇ ਲਈ ਰਾਜੀਵ ਸਕਸੈਨਾ ਦੀ ਜਾਅਲੀ ਕੰਪਨੀ ਦੀ ਸਹਾਇਤਾ ਲਈ ਗਈ, ਜੋ ਅਗਸਤਾ ਵੀ ਵੀ ਆਈ ਪੀ ਹੈਲੀਕਾਪਟਰ ਘੁਟਾਲੇ 'ਚ ਦੋਸ਼ੀ ਹੈ। ਭਾਰਤੀ ਏਜੰਸੀਆਂ ਵੱਲੋਂ ਸਕਸੈਨਾ ਨੂੰ ਇਸ ਜਨਵਰੀ 'ਚ ਦੁਬਈ ਤੋਂ ਗ੍ਰਿਫਤਾਰ ਕਰਕੇ ਭਾਰਤ ਲਿਆਂਦਾ ਗਿਆ ਸੀ, ਜਿਸ ਨੂੰ ਈ ਡੀ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ, ਜਦੋਂ ਕਿ ਰਤੁਲ ਪੁਰੀ ਤੋਂ ਪੁੱਛਗਿੱਛ ਜਾਰੀ ਹੈ।

## ਕਾਨੂੰਨੀ ਨੋਟਿਸ

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੁਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੋਂਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

# ਸ਼ੈਂਪੂ ਤੋਂ ਦੁੱਧ ਬਣਾ ਕੇ ਸੱਤ ਸਾਲ ਵਿੱਚ ਕਰੋੜਪਤੀ ਬਣਨ ਵਾਲੇ ਦੋ ਭਰਾ ਗ੍ਰਿਫਤਾਰ

ਨਵੀਂ ਦਿੱਲੀ, 1 ਅਗਸਤ (ਪੋਸਟ ਬਿਊਰੋ)- ਪੁਲਸ ਨੇ ਦੋ ਅਜਿਹੇ ਭਰਾਵਾਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਸ਼ੈਂਪੂ ਨਾਲ ਦੁੱਧ ਬਣਾ ਕੇ ਵੇਚਦੇ ਸਨ ਤੇ ਇਸ ਧੰਦੇ ਨਾਲ ਸਿਰਫ ਸੱਤ ਸਾਲਾਂ ਵਿੱਚ ਕਰੋੜਪਤੀ ਬਣ ਗਏ।

ਮੱਧ ਪ੍ਰਦੇਸ਼ ਦੇ ਮੁਰੈਨਾ ਵਿੱਚ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਨੇ ਦਵਿੰਦਰ ਗੁਰਜਰ ਤੇ ਜੈਵੀਰ ਗੁਰਜਰ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਉੱਤੇ ਬੀਤੇ ਕਈ ਸਾਲਾਂ ਤੋਂ ਸਿੰਥੈਟਿਕ (ਨਕਲੀ) ਦੁੱਧ ਬਣਾ ਕੇ ਵੇਚਣ ਦਾ ਦੋਸ਼ ਹੈ। ਇਹ ਸੱਤ ਸਾਲਾਂ ਵਿੱਚ ਤਿੰਨ ਬੰਗਲੇ, ਕਈ ਐਸ ਯੂ ਵੀ, ਮਿੱਲ ਟੈਂਕਰ, ਜ਼ਮੀਨ ਅਤੇ ਦੋ ਪੈਕਟ ਬੰਦ ਦੁੱਧ ਦੀਆਂ ਫੈਕਟਰੀਆਂ ਦੇ ਮਾਲਕ ਬਣ ਗਏ। ਐੱਸ ਟੀ ਐੱਫ ਦੇ ਮੁਤਾਬਕ ਦੁੱਧ ਦੇ ਰੂਪ ਵਿੱਚ ਜ਼ਹਿਰ ਵੇਚਦੇ ਰਹੇ ਦੋ ਭਰਾ ਸੱਤ ਸਾਲ ਪਹਿਲਾਂ ਤੱਕ ਮੁਰੈਨਾ ਦੇ ਡੇਅਰੀ ਫਾਰਮ ਵਿੱਚ ਆਪਣੀ ਬਾਈਕ 'ਤੇ ਦੁੱਧ ਵੇਚਦੇ ਸਨ। ਦੁੱਧ ਦੇ ਕੰਮ ਵਿੱਚ ਭਾਰੀ ਮੁਨਾਫਾ ਵੇਖ ਕੇ ਇਨ੍ਹਾਂ ਨੇ ਸਿੰਥੈਟਿਕ ਦੁੱਧ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਦੋਵੇਂ ਭਰਾ ਗੁਲੂਕੋਜ਼, ਯੂਰੀਆ, ਰਿਫਾਇੰਡ ਤੇਲ, ਮਿਲਕ ਪਾਊਡਰ, ਪਾਣੀ ਅਤੇ ਸ਼ੈਂਪੂ ਨਾਲ ਨਕਲੀ ਦੁੱਧ ਬਣਾਉਂਦੇ ਰਹੇ ਸਨ ਅਤੇ ਉਸ ਨੂੰ ਸਿਰਫ ਮੱਧ ਪ੍ਰਦੇਸ਼ ਵਿੱਚ ਨਹੀਂ ਬਲਕਿ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਭੇਜਦੇ ਸਨ। ਐੱਸ ਟੀ ਐੱਫ ਨੂੰ ਜਾਂਚ ਵਿੱਚ ਇਸ ਕੰਮ ਵਿੱਚ ਸ਼ਾਮਲ ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੀਆਂ ਨਾਮੀ ਕੰਪਨੀਆਂ ਦਾ ਵੀ ਪਤਾ ਚਲਿਆ ਹੈ। ਨਕਲੀ ਦੁੱਧ ਦੇ ਕਾਰੋਬਾਰ ਵਿੱਚ ਕੁਝ ਹੋਰ ਡੇਅਰੀ ਮਾਲਕਾਂ ਦੇ ਨਾਂਅ ਵੀ ਕੇਸ ਵਿੱਚ ਸ਼ਾਮਲ ਕੀਤੇ ਗਏ ਹਨ, ਜੋ ਪੰਜ-ਸੱਤ ਸਾਲਾਂ ਵਿੱਚ ਅਮੀਰ ਹੋ ਗਏ। ਉਹ ਇੱਕ ਲੀਟਰ ਦੁੱਧ ਬਣਾਉਣ ਲਈ ਸਿਰਫ ਛੇ ਰੁਪਏ ਖਰਚ ਕਰਦੇ ਤੇ ਥੋਕ ਬਾਜ਼ਾਰ ਵਿੱਚ 25 ਰੁਪਏ 'ਚ ਵਿਕਦਾ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

GABRIEL EXCAVATING & GRADING LTD.
ਮਾਰਖਮ ਵਿੱਚ ਮਕੈਨਿਕ ਦੀ ਲੋੜ
• Full Time Heavy Equipment Mechanic (310T Preferred)
• Exp. with CAT equipment & Mack Trucks
• Company truck supplied
ਹੋਰ ਵੀ ਕਈ ਸੇਵਾਵਾਂ ਤੇ ਰਿਟਾਇਰ ਹੋਣ ਤੇ ਪੈਨਸ਼ਨ ਵੀ ਦਿੱਤੀ ਜਾਂਦੀ ਹੈ
ਕਾਲ ਕਰੋ: 905-470-0482

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ 'ਚ ਇਕ ਸੈਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ



ਕਰਨੈਲ ਸਿੰਘ ਟੋਰਾਂਟੋ
416-746-7642

ਸਪਤ ਹਜ਼ਾਰ ਕੀਆ ਸ਼ਬਦ ਉਚਾਰ, ਗੁਰੂ ਗ੍ਰੰਥ ਜੀ ਮਝਾਰ ਆਪ ਦੇਖ ਲਉ ਵਿਚਾਰਕੇ।

ਬੱਤੀਸ ਹਜ਼ਾਰ ਤੇ ਸਲੋਕ ਹੈ ਨਿਆਰੇ ਜੋਈ, ਪੜਹਿ ਡਾਰੇ ਭਾਰ, ਭਵ, ਰੂਪੀ ਸਿੰਧ ਸਾਰ ਕੇ।

ਦੱਸ ਲੱਖ ਚਵੀਸ਼ ਹਜ਼ਾਰ ਸਾਰੇ ਅੰਕ ਜਾਣ, ਕਰਤ ਕਲਿਆਣ ਨਰ, ਬੈਠ ਨਾ ਵਿਸਾਰਕੇ।

ਕਹੇ ਸੰਤ ਦਾਸ ਗੁਰੂ ਵੇਦ ਕੇ ਬਿਲਾਸ, ਜਮਦੂਤ ਤੇੜੇ ਫਾਸ, ਜਾਏ ਜਨਮ ਸਿਧਾਰਕੇ॥

ਪਦ ਅਰਥ:- ਸ਼ੱਤ ਹਜ਼ਾਰ ਸ਼ਬਦ= ਬਤੀ ਹਜ਼ਾਰ ਸਲੋਕ= ਦੱਸ ਲੱਖ ਚੌਵੀ ਹਜ਼ਾਰ ਅੱਖਰ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅੰਦਰ।

ਕਵੀ ਸੰਤ ਦਾਸ ਜੀ ਕਥਨ ਕਰਦੇ ਹਨ, ਜਿਹੜਾ ਪ੍ਰਾਣੀ ਮਨ ਕਰਕੇ, ਬਚਨਾ ਕਰਕੇ ਅਤੇ ਕਰਮਾਂ ਕਰਕੇ, ਇਸ ਬਾਣੀ ਨੂੰ ਪੜ੍ਹੇਗਾ ਅਤੇ ਪੜ੍ਹਕੇ ਮੰਨੇਗਾ, ਆਪਣੇ ਜੀਵਨ ਦਾ ਗੁਜ਼ਾਰਾ ਸੱਚ ਦੀ ਕਮਾਈ ਕਰਕੇ ਕਰੇਗਾ। ਕਦੀ ਝੂਠ ਨਹੀਂ ਬੋਲੇਗਾ ਅਤੇ ਲੋਭ ਦਾ ਤਿਆਗ ਮੋਹ ਦਾ ਤਿਆਗ, ਨਿੰਦਿਆ, ਚੁਗਲੀ, ਈਰਖਾ, ਦ੍ਵੈਸ਼ ਭਾਵਨਾ ਦਾ ਤਿਆਗ ਕਰੇਗਾ, ਉਸ ਸ਼ਰਧਾਲੂ ਸਿੱਖ ਦਾ ਸੰਸਾਰ 'ਤੇ ਆਉਣਾ ਸਫਲਾ ਹੋਵ-ੇਗਾ। ਜਮਾਂ ਦੀ ਫਾਂਸੀ ਗਲੇ ਵਿਚੋਂ ਟੁੱਟ ਜਾਏਗੀ, ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਨ ਮਰਯਾਦਾ ਦੇ ਨਾਲ ਸਤਿਕਾਰ ਕਰਨਗੇ। ਝੂਠੇ ਨੂੰ ਮੁਕਤੀ ਨਹੀਂ। ਜਿਹੜੇ ਲਾਲਚ ਵੱਸ ਹੋ ਕੇ ਝੂਠੇ ਅਨੰਦ ਕਾਰਜ ਕਰਨਗੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ, ਉਨ੍ਹਾਂ ਨੂੰ ਕੁੰਭੀ ਨਰਕ ਵਿਚ ਤਸੀਹੇ ਦਿਤੇ ਜਾਂਦੇ ਹਨ। ਜਿਥੇ ਤੇਲ ਦੇ ਕੜਾਹੇ ਤਪੇ ਹੋਏ ਹਨ। ਆਪਣੇ ਗੁਰੂ ਨੂੰ ਧੋਖਾ ਦੇਣ ਵਾਲੇ ਗੁਰੂ ਧਰੋਹੀ, ਗੁਰੂ ਜੀ ਦੀ ਬੰਨੀ ਮਰਯਾਦਾ ਨੂੰ ਤੋੜਦੇ ਹਨ। ਸਤਿਯੁਗ, ਤ੍ਰੇਤਾ, ਦੁਆਪਰ ਪਿਛਲੇ ਤਿੰਨਾਂ ਯੁਗਾਂ ਵਿਚ ਸੱਚੀਆਂ, ਅਸਲੀ ਸ਼ਾਦੀਆਂ ਹੋਈਆਂ। ਸ੍ਰਿਸ਼ਟੀ ਦੀ ਮਰਯਾਦਾ ਨੂੰ ਚਲਾਉਣ ਲਈ ਬਾਲ ਬੱਚੇ ਪੈਦਾ ਕਰਨ ਲਈ। ਫਰਜ਼ੀ ਸ਼ਾਦੀਆਂ ਵਾਲਿਆਂ ਨੇ ਤਾਂ ਗ੍ਰਹਿਸਤ ਨੂੰ ਅਪਨਾਉਣਾ ਹੀ ਨਹੀਂ। ਸਾਡੇ ਗੁਰੂ ਸਾਹਿਬਾਨ ਨੇ ਵੀ ਸ਼ਾਦੀਆਂ ਕਰਾਈਆਂ ਹਨ। ਗੁਰੂ ਕਿਆਂ ਦੀ ਪੀੜ੍ਹੀ ਦਰ ਪੀੜ੍ਹੀ ਬੰਸਾਵਲੀ ਚਲੀ ਹੈ। ਗ੍ਰੰਥੀ ਸਾਹਿਬਾਨ ਨੇ ਸੰਗਤਾਂ ਨੂੰ ਗੁਰ ਮਰਯਾਦਾ ਤੋਂ ਜਾਣੂ ਕਰਵਾਉਣਾ ਹੁੰਦਾ ਹੈ। ਦੁੱਖ ਨਾਲ ਲਿਖਣਾ ਪੈਂਦਾ ਹੈ, ਗ੍ਰੰਥੀਆਂ ਸਿੰਘਾਂ ਨੇ ਇਸ ਦੇ ਉਲਟ ਲੱਖਾਂ ਦੀ ਗਿਣਤੀ ਵਿਚ ਵਿਆਹ ਪੜ੍ਹ ਦਿਤੇ ਹਨ ਝੂਠੇ, ਬਾਹਰਲੇ ਮੁਲਕਾਂ ਵਿਚ ਸੈੱਟ ਹੋਣ ਲਈ ਜਦੋਂ ਇਹ ਗਿਆਨ ਵਾਨ ਪੁਰਸ਼ ਝੂਠੀ ਫਰਜ਼ੀ ਅਰਦਾਸ ਵੇਲੇ ਗੁਰੂ ਗ੍ਰੰਥ ਸਾਹਿਬ ਦਾ ਜ਼ਰਾ ਜਿੰਨਾਂ ਵੀ ਡਰ ਨਹੀਂ ਮੰਨਦੇ ਤਾਂ ਅਨਪੜ੍ਹ ਲੋਕ ਕਦੋਂ ਡਰ ਮੰਨਣਗੇ, ਅਫਸੋਸ ਹੈ ਕਿ ਇਹਨਾਂ ਨੇ ਇਸ ਝੂਠ ਨੂੰ ਸੱਚ ਬਣਾ ਕੇ ਦਿਖਾ ਦਿਤਾ, ਗੁਰਮਤਿ ਹੀ ਬਣਾ ਬੈਠੇ ਲਾਲਚ ਵੱਸ ਹੋਕੇ, ਪ੍ਰਬੰਧਕ ਸਾਹਿਬਾਨ ਜਿਹੜੇ ਲੋਕਾਂ ਨੂੰ ਸਟੇਜਾਂ ਉੱਤੇ ਇਲੈਕਟ੍ਰਾਨਿਕ ਮੀਡੀਏ ਰਾਹੀਂ ਅਤੇ ਪ੍ਰਿੰਟ ਮੀਡੀਏ ਰਾਹੀਂ ਕਹਿੰਦੇ ਹਨ, ਗੁਰੂ ਗ੍ਰੰਥ ਸਾਹਿਬ ਦਾ ਪੂਰਨ ਸਤਿਕਾਰ ਕਰੋ, ਜੇ ਕਿਸੇ ਦੇ ਘਰ ਵਿਚ ਨਿਰਾਦਰ ਹੋਣ ਦਾ ਪਤਾ ਲੱਗਾ ਤਾਂ ਅਸੀਂ ਗੁਰੂ ਗ੍ਰੰਥ ਚੁੱਕ ਕੇ ਗੁਰਦੁਆਰੇ ਲੈ ਆਵਾਂਗੇ। ਗੁਰਦਵਾਰਿਆਂ ਵਿਚ ਜਿਹੜਾ ਨਿਰਾਦਰ ਹੁੰਦਾ ਝੂਠੀ ਅਰਦਾਸ ਦਾ, ਉਸਨੂੰ ਇਹ ਨਿਰਾਦਰ ਸਮਝਦੇ ਹੀ ਨਹੀਂ ਕਿਉਂਕਿ ਇਹਨਾ ਪਾਸ ਪ੍ਰਬੰਧ ਰੂਪੀ ਛਟੀ ਹੈ, ਦਾਸ ਬੇਨਤੀ ਕਰਦਾ ਹੈ ਧਰਮ ਦੇ ਰਾਖਿਆਂ ਨੂੰ, ਪਹਿਲਾਂ ਗੁਰਦਵਾਰਿਆਂ ਵਿਚੋਂ ਸਤਿਕਾਰ ਬਹਾਲ ਕਰੋ, ਸੰਗਤਾਂ ਤੁਹਾਡੇ ਕੋਲੋਂ ਹੀ ਸਿਖਣਗੀਆਂ ਸਤਿਕਾਰ ਕਰਨਾ।

ਗੁਰਦੁਆਰਾ ਸਾਹਿਬ ਦਾ ਪ੍ਰਬੰਧਕ ਸੰਪੂਰਨ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੰਥਿਆ ਕਰਕੇ ਸਿਖਿਆ ਹੋਵੇ, ਬਿਨਾਂ ਸੰਥਿਆਂ ਤੋਂ ਪਾਠ ਸ਼ੁੱਧ ਨਹੀਂ ਹੁੰਦਾ, ਬਿਨਾਂ ਲਾਇਸੰਸ ਤੋਂ ਗੱਡੀ ਚਲਾਉਣੀ ਖਤਰਾ ਜਾਨ ਹੈ। ਇਵੇਂ ਜਿਵੇਂ ਬਿਨਾ ਪਾਠ ਸਿਖੇ ਤੋਂ ਪ੍ਰਬੰਧ ਦਾ ਚਲਾਉਣਾ ਵੀ ਸਿੱਖ ਧਰਮ ਲਈ ਹਾਨੀਕਾਰਕ ਹੈ, ਤਾਂ ਹੀ ਸਾਡਾ ਪਰਚਾਰ ਅੱਗੇ ਨਹੀਂ ਵਧਿਆ ਸਗੋਂ ਪਿੱਛੇ ਗਿਆ ਹੈ। ਪੰਜਾਹ ਸਾਲ ਪਹਿਲਾਂ ਅਤੇ ਅੱਜ ਦੇ ਪ੍ਰਚਾਰ ਦਾ ਲੇਖਾ ਜੋਖਾ ਕਰਕੇ ਦੇਖ ਲਵੋ। ਜਿਨ੍ਹਾਂ ਗੁਰਸਿੱਖਾਂ ਨੇ ਸੰਥਿਆ ਨਾਲ ਪਾਠ ਚੰਗੇ ਮਹਾਂ ਪੁਰਸ਼ਾਂ ਪਾਸੋਂ ਸਿੱਖਿਆ ਹੈ, ਉਨ੍ਹਾਂ ਨੇ ਪੂਰਨ ਗੁਰਮਤਿ ਤੋਂ ਜਾਣੂ ਕਰਾਇਆ ਹੁੰਦਾ ਹੈ। ਉਹ ਗੁਰੂ ਜੀ ਦਾ ਪੂਰਨ ਸਤਿਕਾਰ ਕਰਦੇ ਹਨ ਅਤੇ ਕਰਨਗੇ। ਜਿਸਨੂੰ ਪਾਠ ਕਰਨਾ ਹੀ ਨਹੀਂ ਆਉਂਦਾ ਉਹ ਕਿਵੇਂ ਪੂਰਨ ਗੁਰ ਮਰਯਾਦਾ ਤੋਂ ਜਾਣੂ ਹੋਵੇਗਾ, ਸੰਤ ਮਹਾਰਾਜ ਈਸ਼ਰ ਸਿੰਘ ਸ੍ਰੀ ਰਾੜਾ ਸਾਹਿਬ ਵਾਲੇ ਪ੍ਰਵਚਨ ਕਰਿਆ ਕਰਦੇ ਸਨ ਕਿ ਹਰ ਇਕ ਗੁਰਸਿੱਖ ਨੂੰ ਪਾਠ ਸਿੱਖਣਾ ਚਾਹੀਦਾ ਹੈ ਤਾਂ ਕਿ ਆਪਣੇ ਗੁਰੂ ਸਾਹਿਬਾਨ ਦੇ ਵਿਚਾਰਾਂ ਤੋਂ ਜਾਣੂ ਹੋ ਸਕੇ। ਗੁਰੂ ਗ੍ਰੰਥ ਸਾਹਿਬ ਦੇ ਸਿੱਖ ਕਹਾਉਣ ਵਾਲੇ ਸਭ ਅੰਮ੍ਰਿਤਧਾਰੀ ਹੋਣੇ ਚਾਹੀਦੇ ਹਨ, ਅਤੇ ਮਹਾਂਪੁਰਸ਼ ਰਾੜੇ ਸਾਹਿਬ ਵਾਲੇ ਬਚਨ ਕਰਦੇ ਸਨ, ਸੇਵਾ ਕਰਨੀ ਚਾਹੀਦੀ ਹੈ, ਸੇਵਾ ਨਿਸ਼ਕਾਮ ਹੋਵੇ। ਸੰਗਤ ਕਰਨੀ ਚਾਹੀਦੀ ਹੈ, ਸੰਗਤ ਬ੍ਰਹਮ ਗਿਆਨੀ ਦੀ ਹੋਵੇ।

ਸੁਖਮਨੀ ਅਸ਼ਟਪਦੀ ੧੮

ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥

(ਪੰਨਾ ੨੮੬)

ਭਾਵ:- ਜੋ ਸੇਵਾ ਕਰਦਾ ਹੋਇਆ ਨਿਹਕਾਮੀ=ਕਾਮਨਾਂ ਤੋਂ ਰਹਿਤ ਹੋ ਜਾਂਦਾ ਹੈ, ਉਸਨੂੰ ਸੁਆਮੀ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ, ਭਾਵ ਜਿਹੜਾ ਅੰਦਰ ਗੁਪਤ ਰਹਿੰਦਾ ਹੈ ਉਹ ਪ੍ਰਗਟ ਹੋ ਜਾਂਦਾ ਹੈ।

ਕਈ ਵਾਰ ਮਹਾਂਪੁਰਸ਼ਾਂ ਪਾਸ ਚੁੰਚ ਗਿਆਨੀ ਮੇਰੇ ਜੈਸੇ ਥੋੜ੍ਹੇ ਬਹੁਤ ਅੱਖਰਾਂ ਤੋਂ ਭਾਵ ਗੁਰਬਾਣੀ ਦੀਆਂ ਤੁਕਾਂ ਤੋਂ ਜਾਣੂ ਆ ਜਾਂਦੇ ਸਨ, ਗਿਆਨ ਚਰਚਾ ਕਰਨ ਲਈ, ਇਕ ਵਾਰ ਮਹਾਂਪੁਰਸ਼ਾਂ ਨੇ ਭਰੇ ਦੀਵਾਨ ਵਿਚ ਕਿਹਾ ਕਿ ਇਕ ਐਮ.ਏ. ਦੀ ਡਿਗਰੀ ਵਾਲਾ ਹੋਵੇ ਇਕ ਪ੍ਰਾਇਮਰੀ ਵਾਲਾ ਪਰ ਉਹ ਐਮ.ਏ. ਵਾਲੇ ਦਾ ਮੁਕਾਬਲਾ ਕਰਨਾ ਚਾਹੇ, ਇਹ ਇਕ ਹਾਸੋਹੀਣੀ ਗੱਲ ਹੈ। ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਮਾਇਆ ਤੋਂ ਪੂਰਨ ਤਿਆਗੀ ਸਨ ਪਰ ਮਾਇਆ ਦੀ ਸ਼ੁਭ ਕਾਰਜਾਂ ਲਈ ਵਰਤੋਂ ਕਰਦੇ ਸਨ, ਸੰਗਤਾਂ ਨੇ ਕਈ ਵਾਰ ਬੇਨਤੀ ਕੀਤੀ ਮਹਾਰਾਜ ਸੰਗਤ ਵੱਧ ਗਈ ਹੈ। ਗੁਰ-ਦੁਆਰਾ ਸਾਹਿਬ ਛੋਟਾ ਹੈ। ਕ੍ਰਿਪਾ ਕਰਕੇ ਆਪ ਹੁਕਮ ਕਰੋ ਗੁਰਦੁਆਰਾ ਵੱਡਾ ਬਣਾਈਏ ਮਹਾਂਪੁਰਸ਼ਾਂ ਨੇ ਹੌਲੀ ਕੁ ਬੋਲ ਕੇ ਕਹਿ ਦੇਣਾ ਗੁਰਦੁਆਰਾ ਇਹੀ ਬਹੁਤ ਹੈ ਭਜਨ ਹੀ ਕਰਨਾ ਹੈ। ਇਹ ਜੋ ਹੁਣ ਸੁੰਦਰ ਗੁਰਦਵਾਰਾ ਬਣਿਆ ਹੋਇਆ ਹੈ, ਇਹ ਵੱਡੇ ਸੰਤਾਂ ਦੇ ਪਰਲੋਕ ਗਵਨ ਕਰਨ ਤੋਂ ਬਾਅਦ ਵਿਚ ਛੋਟੇ ਸੰਤਾਂ ਨੇ ਬਣਵਾਇਆ ਹੈ, ਸੰਤ ਬਾਬਾ ਕਿਸ਼ਨ ਸਿੰਘ ਮਹਾਰਾਜ ਨੇ। ਸਿਆਸਤ ਤੋਂ ਕੋਹਾਂ ਦੂਰ ਰਹਿੰਦੇ ਸਨ। ਇਕ ਵਾਰ ਇਲੈਕਸ਼ਨ ਦੀ ਤਿਆਰੀ ਸੀ, ਸਾਰੇ ਸਿਆਸੀ ਲੀਡਰ ਡੇਰੇ 'ਤੇ ਮੱਥਾ ਟੇਕਣ ਆਉਂਦੇ ਸਨ, ਬੇਨਤੀ ਕਰਦੇ ਸਨ ਮਹਾਰਾਜ ਸੰਗਤਾਂ ਨੂੰ ਇਸ਼ਾਰਾ ਕਰੋ ਮੈਨੂੰ ਵੋਟਾਂ ਦੇਣ ਮੇਰੀ ਜਿੱਤ ਹੋ ਜਾਵੇ। ਮਹਾਂਪੁਰਸ਼ਾ ਨੇ ਚੁੱਪ ਰਹਿਣਾ, ਹਾਂ ਨਾਂਹ ਨਾ ਕਰਨੀ। ਇਕ ਦਿਨ ਪਿੰਡ ਮੋਨਪੁਰ ਦੇ ਸਰਦਾਰ ਗੋਪਾਲ ਸਿੰਘ ਹੋਰਾਂ ਵੱਲੋਂ ਦੀਵਾਨ ਲਵਾਏ ਸਨ। ਸਤ ਪੁਰਖਾਂ ਕਥਾ ਕੀਰਤਨ ਵਿਚ ਰਮਜ਼ ਮਾਰੀ ਕਈ ਪੁੱਛਦੇ ਹਨ ਮਹਾਰਾਜ ਜੀ ਵੋਟ ਕਿਸਨੂੰ ਪਾਈਏ। ਮਹਾਂਪੁਰਸ਼ਾਂ ਕਿਹਾ ਭਾਈ ਵੋਟ ਜਿਥੇ ਕਿਸੇ ਦੀ ਮਰਜ਼ੀ ਪਾਉ ਏਥੇ ਤਾਂ ਨਾਮੁ ਦੀ ਦੁਕਾਨ ਹੈ! ਨਾ ਸੰਗਤਾਂ ਨੂੰ, ਨਾ ਉਮੀਦਵਾਰਾਂ ਨੂੰ ਫਿਰ ਦੁਬਾਰੇ ਪੁੱਛਣ ਦੀ ਜ਼ਰੂਰਤ ਹੀ ਨਹੀਂ ਰਹੀ। ਬੇਮੁਥਾਜ ਰਾਜਾ ਜੋਗੀ ਸਨ। ਸਤਿਗੁਰੂ ਅਰਜਨ ਦੇਵ ਮਹਾਰਾਜ ਜੀ, ਸੰਤਾਂ ਦੀ ਮਹਿਮਾ ਨੂੰ ਕਥਨ ਕਰਦੇ ਹਨ ਕਿ ਸਾਧ ਅਤੇ ਪ੍ਰਭੂ ਵਿਚ ਕੋਈ ਭਿੰਨ ਭੇਦ ਨਹੀਂ ਹੈ।

ਗਉੜੀ ਸੁਖਮਨੀ ਮ: ੫॥

ਸਾਧ ਕੀ ਮਹਿਮਾ ਬੇਦ ਨਾ ਜਾਨਹਿ॥ ਜੇਤਾ ਸੁਨਹਿ ਤੇਤਾ ਬਖਿਆਨਹਿ॥

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥ ਸਾਧ ਕੀ ਉਪਮਾ ਰਹੀ ਭਰਪੂਰਿ॥

ਸਾਧ ਕੀ ਸੋਭਾ ਕਾ ਨਾਹੀ ਅੰਤ॥ ਸਾਧ ਕੀ ਸੋਭਾ ਸਦਾ ਬੇਅੰਤ॥

ਸਾਧ ਕੀ ਸੋਭਾ ਉਚ ਤੇ ਊਚੀ॥ ਸਾਧ ਕੀ ਸੋਭਾ ਮੂਚ ਤੇ ਮੂਚੀ॥

ਸਾਧ ਕੀ ਸੋਭਾ ਸਾਧ ਬਨਿਆਈ॥ ਨਾਨਕ ਸਾਧ ਪ੍ਰਭ ਭੇਦੁ ਨਾ ਭਾਈ॥

(ਪੰਨਾ ੨੭੨)

ਤਥਾ:- ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।

ਮਹਾਂਪੁਰਖ ਅਚਾਣਚਕ ਗਨਿਕਾ ਵਾੜੇ ਆਇ ਖਲੋਤਾ।

ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸਨੋ ਦਿਤੋਨੁ ਤੋਤਾ।

ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਉਤਾ।

ਲਿਵ ਲਗੀ ਤਿਸੁ ਤੋਤਿਆਹੁ ਨਿਤ ਪੜ੍ਹਾਏ ਕਰੈ ਅਸੋਤਾ।

ਪਤਿਤੁ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।

ਅੰਤ ਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁ ਸੁ ਗੋਤਾ।

ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਮ ਨਾਰਾਇਣ ਛੋਤਿ ਅਛੋਤਾ।

ਥਾਉਂ ਨਿਥਾਵੇਂ ਮਾਣੁ ਮਣੌਤਾ॥੨੧॥ (ਭਾਈ ਗੁਰਦਾਸ=ਵਾਰ ੧੦)

ਸਤਿਗੁਰੂ ਪਚਮ ਪਾਤਿਸ਼ਾਹ ਕਥਨ ਕਰਦੇ ਹਨ:-

ਸੂਹੀ ਮਹਲਾ ੫॥

ਰਹਾਉ॥ ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾਕੈ ਨੇੜਿ ਨ ਆਵੈ॥

ਜਨਮ ਜਨਮ ਕਾ ਵਿਛੁੜਿਆ ਹੋਵੈ ਤ੍ਰਿਨ ਹਰਿ ਸਿਉ ਆਣਿ ਮਿਲਾਵੈ॥੨॥

ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ॥

ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥੩॥

ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭੁ ਅਪਨੇ ਭਾਣੇ॥

ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਪਏ ਨਿਕਾਣੇ॥੪॥

(ਪੰਨਾ ੭੪੯)

ਭਾਵ:- ਚੌਥੇ ਗੁਰੂ ਨਾਨਕ ਸਾਹਿਬ ਜੀ ਕਥਨ ਕਰਦੇ ਹਨ ਕਿ ਕੋਈ ਪੁਰਖ ਭਾਵੇਂ ਕਰੋੜਾਂ ਅਪਰਾਧਾਂ ਕਰਕੇ ਦੋਸ਼ੀ ਹੋਵੇ, ਅਗਰ ਉਹ ਭਜਨੀਕ ਪੁਰਖਾਂ ਦੀ ਸੰਗਤ ਵਿਚ ਆ ਜਾਂਦਾ ਹੈ ਤਾਂ ਉਹ ਸਾਧੂਆਂ ਦੀ ਕ੍ਰਿਪਾ ਕਰਕੇ ਜਮਾਂ ਤੋਂ ਬਚ ਜਾਂਦਾ ਹੈ। ਕਰੋੜਾਂ ਹੀ ਜਨਮਾਂ ਤੋਂ ਵਿਛੜੇ ਪ੍ਰਾਣੀ ਨੂੰ ਸਾਧੂ ਦਯਾ ਕਰਕੇ ਪ੍ਰਭੂ ਦੇ ਨਾਲ ਮਿਲਾ ਦਿੰਦਾ ਹੈ। ਕੋਈ ਵੀ ਮਨੋਰਥ ਹੋਵੇ ਉਹ ਸਾਧੂਆਂ ਦੀ ਸੰਗਤ ਕਰਕੇ ਪੂਰੇ ਹੋ ਜਾਂਦੇ ਹਨ। ਜਿਹੜੇ ਸਾਧੂ ਦੀ ਪ੍ਰੇਮਾਂ ਭਗਤੀ ਪ੍ਰਭੂ ਨੂੰ ਭਾਣੇ ਪ੍ਰਵਾਨ ਹੋ ਗਈ ਹੈ, ਉਹਨਾਂ ਸਾਧੂਆਂ ਦੀ ਮਹਿਮਾਂ ਕਥਨ ਤੋਂ ਪਰੇ ਹੈ। ਜਿਸ ਤਰ੍ਹਾਂ ਪ੍ਰਭੂ ਦੀ ਸਿਫਤ ਸਲਾਹ ਕਥਨ ਤੋਂ ਪਰ੍ਹੇ ਹੈ ਦੂਰ ਹੈ। ਇਸੇ ਤਰ੍ਹਾਂ ਉਸਨੂੰ ਪ੍ਰਵਾਨ ਹੋਏ ਸਾਧੂ ਦੀ ਗਤੀ ਕਹਿਣ ਅਤੇ ਲਿਖਣ ਤੋਂ ਬਾਹਰ ਹੈ। ਜਿਨ੍ਹਾਂ ਨੇ ਪੂਰਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਭੇਟ ਕੀਤੀ ਹੈ ਭਾਵ ਸਾਧੂ ਦੀ ਸੰਗਤ ਕਰਕੇ ਗੁਰੂ ਗ੍ਰੰਥ ਸਾਹਿਬ ਦੁਆਰਾ ਨਾਮੁ ਜਪਿਆ ਹੈ। ਉਹ ਸਾਰੇ ਦੋਸ਼ਾਂ ਤੋਂ ਮੁਕਤ ਹੋ ਜਾਂਦੇ ਹਨ। ਹਰੀ ਦੇ ਦਾਸ ਅਤੇ ਹਰੀ ਭਗਵਾਨ ਸ੍ਰਿਸ਼ਟੀ ਦੇ ਕਰਤਾ ਇਕ ਰੂਪ ਹਨ।

ਤਥਾ:- ਸੂਹੀ ਮਹਲਾ ੫॥

ਭਾਗਠੜੇ ਹਰਿ ਸੰਤ ਤੁਮਾਰੇ ਜਿਨ੍ਹ ਘਰਿ ਧਨੁ ਹਰਿ ਨਾਮਾ॥

ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥

ਮੇਰੇ ਰਾਮ ਹਰਿ ਜਨਕੈ ਹਉ ਬਲਿ ਜਾਈ॥

ਕੇਸਾਂ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ॥

ਰਹਾਉ॥ ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥

ਜੀ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥

(ਪੰਨਾ ੭੪੯)

ਤਥਾ: ਪਾ ਦਸਵੀਂ

ਦੋਹਰਾ॥ ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ॥

ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥੬੦॥

ਤਥਾ: ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ॥

(ਪੰਨਾ ੨੯੫)

ਭਾਵ:- ਹਰੀ ਦੇ ਪਿਆਰੇ ਪੁਤ੍ਰ ਨਾਮੁ ਦੇ ਰਸੀਏ ਸਾਧੂ ਦੇ ਪ੍ਰਵਚਨ ਸ੍ਰੇਸ਼ਟ ਹੁੰਦੇ ਹਨ, ਇਹ ਅਮੋਲਕ ਲਾਲਾਂ ਵਾਂਗ ਬਹੁਤ ਹੀ ਕੀਮਤੀ ਹੁੰਦੇ ਹਨ, ਸਾਧੂ ਦੇ ਬਚਨਾਂ 'ਤੇ ਪਹਿਰਾ ਦੇਣ ਵਾਲੇ ਦਾ ਜਨਮ ਸਫਲਾ ਹੋ ਜਾਂਦਾ ਹੈ। ਜਲ ਦੀਆਂ ਲਹਿਰਾਂ ਵਾਂਗ ਪਰਮਾਤਮਾ ਵਿਚ ਸਮਾ ਜਾਂਦੇ ਹਨ। (ਸਾਖੀ ਗੁੱਜਰੀ ਦੀ)

ਇਕ ਗੁੱਜਰੀ ਹਰ ਰੋਜ਼ ਆਪਣੇ ਪਿੰਡ ਤੋਂ ਚਲਕੇ ਸ਼ਹਿਰ ਵਿਚ ਦੁੱਧ ਵੇਚਣ ਆਉਂਦੀ ਸੀ। ਇਕ ਦਿਨ ਇਕ ਪੰਡਤ ਕਥਾ ਕਰਦਾ ਸੀ, ਗੁੱਜਰੀ ਦੁੱਧ ਵੇਚਕੇ ਵਾਪਸ ਘਰ ਨੂੰ ਜਾ ਰਹੀ ਸੀ। ਗੁੱਜਰੀ ਨੇ ਸੋਚਿਆ ਕਿ ਦੁੱਧ ਤਾਂ ਵਿਕ ਗਿਆ ਹੈ ਆਪਾਂ ਵੀ ਅੱਜ ਕਥਾ ਸ੍ਰਵਣ ਕਰ ਲਈਏ। ਪੰਡਤ ਵੀ ਚੰਗਾ ਵਿਦ-ਵਾਨ ਹੈ। ਗੁੱਜਰੀ ਸੁਣ ਕੇ ਅਤੀ ਪ੍ਰਸੰਨ ਹੋਈ। ਉਸ ਦਿਨ ਤੋਂ ਗੁੱਜਰੀ ਹੋਰ ਵੀ ਜਲਦੀ ਆਉਣ ਲਗ ਪਈ, ਬਿਨਾਂ ਨਾਗਾ ਕਥਾ ਦਾ ਆਨੰਦ ਪ੍ਰਾਪਤ ਕਰਨ ਲੱਗੀ। ਇਕ ਦਿਨ ਕਥਾ ਵਿਚ ਪ੍ਰਸੰਗ ਚਲਦਾ ਸੀ ਕਿ ਹਰੀ ਵਾਹਿਗੁਰੂ ਦਾ ਜਿਹੜਾ ਨਾਮ ਹੈ ਉਹ ਲੋਕ ਪ੍ਰਲੋਕ ਵਿਚ ਸਹਾਇਤਾ ਕਰਦਾ ਹੈ। ਪੰਡਤ ਨੇ ਆਪਣੇ ਵਿਚਾਰਾਂ ਦੁਆਰਾ ਕਿਹਾ ਕਿ ਜਿਹੜਾ ਪ੍ਰਾਣੀ ਰਾਮ ਰਾਮ ਦਾ ਸਿਮਰਨ ਕਰਦਾ ਹੈ, ਰਾਮ ਨਾਮੁ ਉਸਨੂੰ ਅੱਗ ਵਿਚ ਸੜਨ ਨਹੀਂ ਦਿੰਦਾ, ਪਾਣੀ ਵਿਚ ਡੁੱਬਣ ਨਹੀਂ ਦਿੰਦਾ ਅਤੇ ਸ਼ਸਤ੍ਰ ਪਾਸੋਂ ਵੀ ਬਚਾ ਕਰਦਾ ਹੈ। ਗੁੱਜਰੀ ਨੂੰ ਸੁਣਕੇ ਹੋਰ ਵੀ ਆਨੰਦ ਦੀ ਪ੍ਰਾਪਤੀ ਹੋਈ ਕਿਉਂਕਿ ਮਨ ਦੇ ਉਪਰੋਂ ਭਰਮ ਦੀ ਕਾਈ=ਭਾਵ ਮੈਲ ਲੱਥ ਗਈ ਅਤੇ ਪੂਰਨ ਨਿਹਚਾ ਹੋ ਗਿਆ, ਭਰੋਸਾ ਹੋ ਗਿਆ ਹਰੀ ਦੇ ਨਾਮੁ ਉਤੇ, ਘਰ ਨੂੰ ਜਾਣ ਸਮੇਂ ਗੁੱਜਰੀ ਨੇ ਸੋਚਿਆ ਕਿ ਹਰ ਰੋਜ਼ ਨਦੀ ਪਾਰ ਕਰਨ ਲਈ ਪੁਲ ਦੇ ਉਪਰ ਦੀ ਜਾਈਦਾ ਹੈ, ਢਾਈ ਕੋਹ ਵਾਟ ਪੈਂਦੀ ਹੈ ਤੁਰਨ ਲਈ। ਅੱਜ ਰਾਮ ਰਾਮ ਕਰਦੀ ਸਿੱਧੀ ਨਦੀ ਪਾਰ ਕਰਾਂਗੀ ਪ੍ਰਮਾਤਮਾ ਦੇ ਨਾਮੁ ਉਤੇ ਭਰੋਸਾ ਰੱਖ ਕੇ ਗੁੱਜਰੀ ਸਿੱਧੀ ਨਦੀ ਵਿਚ ਠਿਲ ਗਈ ਅਤੇ ਰਾਮ ਰਾਮ ਦੀ ਰੱਟ ਲਾ ਦਿਤੀ ਉਸ ਨਾਮੁ ਨੇ ਗੁੱਜਰੀ ਨੂੰ ਪਾਰ ਲਾ ਦਿਤਾ।

ਗੁੱਜਰੀ ਦੀ ਪ੍ਰਮਾਤਮਾ ਦੇ ਨਾਮ ਉਤੇ ਅਥਾਹ ਸ਼ਰਧਾ ਹੋ ਗਈ। ਹਰ ਰੋਜ਼ ਢਾਈ ਕੋਹ ਦੀ ਬਜਾਏ ਇਕ ਕੋਹ ਵਾਟ ਤੁਰਨੀ ਪੈਂਦੀ ਸੀ। ਡੇਢ ਕੋਹ ਦੀ ਬਚਤ ਹੋ ਗਈ ਅਤੇ ਨਾਮ ਜਪਦੀ ਜਪਦੀ ਪੂਰਨ ਭਗਤਣੀ ਬਣ ਗਈ, ਹਰ ਰੋਜ਼ ਕਥਾ ਵੀ ਸੁਣਦੀ ਹੈ ਅਤੇ ਆਪਣੀ ਉਪਜੀਵਿਕਾ ਲਈ ਦੁੱਧ ਵੀ ਵੇਚਦੀ ਹੈ। ਪੰਡਤ 'ਤੇ ਸ਼ਰਧਾ ਹੋ ਗਈ ਜਿਸ ਤੋਂ ਕਥਾ ਸੁਣ ਕੇ ਉਸ ਨੂੰ ਪਰਮ ਆਨੰਦ ਦੀ ਪ੍ਰਾਪਤੀ ਹੋ ਗਈ। ਇਕ ਦਿਨ ਗੁੱਜਰੀ ਨੇ ਪੰਡਿਤ ਨੂੰ ਨਿਉਤਾ ਦਿਤਾ ਕਿ ਪੰਡਤ ਜੀ ਮਹਾਰਾਜ ਦਾਸੀ ਆਪ ਜੀ ਦੇ ਚਰਨਾਂ ਵਿਚ ਬੇਨਤੀ ਕਰਦੀ ਹੈ, ਆਪ ਦਾਸੀ ਦੇ ਗ੍ਰਹਿ ਵਿਖੇ ਪ੍ਰਸ਼ਾਦ ਛਕੋ, ਪਵਿਤ੍ਰ ਚਰਨ ਪਾਕੇ ਦਾਸੀ ਦੀ ਕੁਟੀਆ ਨੂੰ ਭਾਗ ਲਾਉ, ਕਿਉਂਕਿ ਗੁੱਜਰੀ ਸਮਝਦੀ ਸੀ ਕਿ ਮੈਨੂੰ ਜੋ ਪਰਮ ਆਨੰਦ ਦੀ ਪ੍ਰਾਪਤੀ ਹੋਈ ਹੈ ਪੰਡਤ ਦੀ ਕਥਾ ਸੁਣਕੇ। ਇਹ ਪ੍ਰਾਪਤੀ ਪੰਡਿਤ ਪਾਸ ਤਾਂ ਹੋਵੇਗੀ ਹੀ। ਜੋ ਆਪਣੀ ਕਥਾ ਵਿਚਾਰਾਂ ਦੁਆਰਾ ਭੁੱਲਿਆਂ ਭਟਕਿਆਂ ਨੂੰ ਗਿਆਨ ਕਰਾਉਂਦਾ ਹੈ, ਪੰਡਿਤ ਨੇ ਗੁੱਜਰੀ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਦਿਨ ਨੀਅਤ ਕੀਤਾ ਗਿਆ ਕਿ ਫਲਾਣੇ ਦਿਨ ਆਪ ਜੀ ਨੂੰ ਆਪਣੇ ਘਰ ਲੈਕੇ ਜਾਵਾਂਗੀ। ਮਿਥੇ ਹੋਏ ਟਾਈਮ ਦੇ ਮੁਤ-ਾਬਿਕ ਗੁੱਜਰੀ ਪੰਡਤ ਨੂੰ ਬੁਲਾ ਕੇ ਲੈ ਜਾਂਦੀ ਹੈ, ਜਿਸ ਵੇਲੇ ਨਦੀ ਦੇ ਕਿਨਾਰੇ ਪਹੁੰਚੇ ਤਾਂ ਗੁੱਜਰੀ ਨੇ ਰਾਮ ਰਾਮ ਗੁਰਮੰਤਰ ਦਾ ਜਾਪ ਕੀਤਾ ਪਾਰ ਹੋ ਗਈ ਅਤੇ ਪੰਡਤ ਨੂੰ ਬੇਨਤੀ ਕਰਦੀ ਹੈ ਪੰਡਤ ਜੀ ਆਉ ਖੜ੍ਹੇ ਕਿਉਂ ਹੋ। ਪੰਡਤ ਕਹਿੰਦਾ ਮੈਨੂੰ ਤੈਂ ਨਦੀ ਵਿਚ ਡੋਬਣਾ ਹੈ। ਮੈਂ ਨਦੀ ਦੇ ਪੁਲ ਦੁਆਰਾ ਜਾਊਂਗਾ। ਗੁੱਜਰੀ ਕਹਿੰਦੀ:-

ਪੰਡਿਤਾ ਪੜ੍ਹਦਾ ਪੜ੍ਹਦਾ ਪੜ੍ਹ ਗਿਆ ਪੜ੍ਹ ਗਿਆ ਚਾਰੇ ਬੇਦ।

ਨਿਸ਼ਚਾ ਰਿਦੇ ਨਾ ਆਇਓ ਰਹਿਆ ਢੇਡ ਕਾ ਢੇਡ।

ਗੁਰਬਾਣੀ ਪੜ੍ਹਕੇ ਵਿਚਾਰਨੀ ਹੈ ਅਤੇ ਅਮਲ ਕਰਨਾ ਜ਼ਰੂਰੀ ਹੈ। ਪੰਡਤ ਰਹਿ ਜਾਂਦਾ ਹੈ, ਪੰਡਿਤ ਤੋਂ ਸੁਣ ਕੇ ਅਮਲ ਕਰਨ ਵਾਲੀ ਗੁੱਜਰੀ ਤਰ ਗਈ ਉਸਦਾ ਜਨਮ ਸਫਲਾ ਹੋ ਗਿਆ। ਕਥਾ ਵਾਰਤਾ ਵਾਲਾ ਪੰਡਿਤ ਗ੍ਰੰਥਾਂ ਨੂੰ ਪੜ੍ਹਦਾ ਹੀ ਰਹਿ ਗਿਆ।

ਤਥਾ:- ਸਲੋਕ ਮ: ੧॥ ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥

(ਪੰਨਾ ੪੬੭)

ਅਰਥ:- ਕੋਈ ਵਿਦਵਾਨ ਪੁਰਖ ਇਤਨੀਆਂ ਪੋਥੀਆਂ ਪੜ੍ਹ ਲਵੇ, ਜਿਨ੍ਹਾਂ ਨਾਲ ਕਈ ਗੱਡੀਆਂ ਭਰ ਜਾਣ, ਇਨ੍ਹਾਂ ਪੋਥੀਆਂ ਦੇ ਢੇਰ ਲੱਗ ਜਾਣ, ਅਤੇ ਇਤਨੀਆਂ ਪੁਸਤਕਾਂ ਪੜ੍ਹ ਲਵੇ, ਜਿਨ੍ਹਾਂ ਨਾਲ ਇਕ ਬੇੜੀ ਭਰ ਜਾਵੇ। ਪੜ੍ਹ ਪੜ੍ਹ ਕੇ ਗ੍ਰੰਥਾਂ ਦਾ ਖਾਤਾ ਪੂਰਿਆ ਜਾ ਸਕੇ, ਪੜ੍ਹ ਪੜ੍ਹ ਕੇ ਜ਼ਿੰਦਗੀ ਦੇ ਸਾਰੇ ਸਾਲ, ਸਾਰੇ ਮਹੀਨੇ ਗੁਜ਼ਾਰੇ ਜਾਣ, ਸਾਰੀ ਉਮਰ ਪੁਸਤਕਾਂ ਪੜ੍ਹੀ ਜਾਵੇ, ਪੜ੍ਹ ਪੜ੍ਹ ਕੇ ਉਮਰਾਂ ਦੇ ਸਾਰੇ ਸਾਲ ਬਿਤਾ ਦਿਤੇ ਜਾਣ ਤਾਂ ਵੀ ਰੱਬ ਦੀ ਦਰਗਾਹ ਵਿਚ ਇਹਨਾਂ ਵਿਚੋਂ ਕੁਝ ਵੀ ਪਰਵਾਨ ਨਹੀਂ ਹੁੰਦਾ। ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ, ਪ੍ਰਭੂ ਦੀ ਦਰਗਾਹ ਵਿਚ ਕੇਵਲ ਪ੍ਰਭੂ ਦੀ ਸਿਫ਼ਤਿ-ਸਲਾਹ ਲੇਖੇ ਵਿਚ ਪੈਂਦੀ ਹੈ, ਉਹ ਸਿਫ਼ਤ ਹੈ। ਪ੍ਰਭੂ ਦਾ ਨਾਮੁ ਜੋ ਗੁਰਮੁਖਾਂ ਦੁਆਰਾ ਪੰਜਾਂ ਪਿਆਰਿਆਂ ਦੁਆਰਾ ਸੁਣਕੇ ਜਪਣਾ ਹੈ ਸਿਮਰਨ ਕਰਨਾ ਹੈ, ਜਿਸ ਤਰ੍ਹਾਂ ਗੁੱਜਰੀ ਨੇ ਪੰਡਿਤ ਤੋਂ ਸੁਣਕੇ ਨਿਸ਼ਚਾ ਕੀਤਾ ਅਤੇ ਰਾਮ ਰਾਮ ਸਿਮਰਨ ਕੀਤਾ।

ਤਥਾ:- ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥

ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥

(ਪੰਨਾ ੨੬੫)

ਸੂਹੀ ਮਹਲਾ ੫॥

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆਂ।

ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ॥ ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ॥੧॥

(ਪੰਨਾ ੭੬੧)

ਤਥਾ= ਸਾਧ ਕੀ ਮਹਿਮਾ ਬੇਦ ਨਾ ਜਾਨਹਿ॥ ਜੇਤਾ ਸੁਨਹਿ ਤੇਤਾ ਬਖਿਆਨਹਿ॥

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥ ਸਾਧ ਕੀ ਉਪਮਾ ਰਹੀ ਭਰਪੂਰਿ॥

ਸਾਧ ਕੀ ਸੋਭਾ ਕਾ ਨਾਹੀ ਅੰਤ॥ ਸਾਧ ਕੀ ਸੋਭਾ ਸਦਾ ਬੇਅੰਤ॥

ਸਾਧ ਕੀ ਸੋਭਾ ਊਚ ਤੇ ਊਚੀ॥ ਸਾਧ ਕੀ ਸੋਭਾ ਮੂਚ ਤੇ ਮੂਚੀ॥

ਸਾਧ ਕੀ ਸੋਭਾ ਸਾਧ ਬਨਿਆਈ॥ ਨਾਨਕ ਸਾਧ ਪ੍ਰਭ ਭੇਦੁ ਨਾ ਭਾਈ॥

(ਪੰਨਾ ੨੭੨)

ਭਾਵ:- ਸੰਤਾਂ ਦੀ ਮਹਿਮਾ ਰਜੋ, ਸਤੋ, ਤਮੋ ਦੇ ਤਿੰਨਾਂ ਗੁਣਾਂ ਤੋਂ ਦੂਰ ਹੈ। ਸੰਤਾਂ ਦੀ ਉਪਮਾਂ ਸਾਰੇ ਸੰਸਾਰ ਵਿਚ ਭਰਪੂਰਿ=ਸਮਾ ਰਹੀ ਹੈ। ਸੰਤਾਂ ਦੀ ਮਹਿਮਾ ਦਾ ਕੋਈ ਅੰਤ ਨਹੀਂ ਆਉਂਦਾ, ਸੰਤਾਂ ਦੀ ਸੋਭਾ ਬੇਅੰਤ ਹੈ, ਇਕ ਪਰੀਪੂਰਨ ਪ੍ਰਮਾਤਮਾ ਬੇਅੰਤ ਹੈ। ਇਕ ਸਾਧੂ ਬੇਅੰਤ ਹੈ, ਸੰਤਾਂ ਦੀ ਸੋਭਾ ਉਚੀ ਤੋਂ ਉਚੀ ਹੈ। ਸੰਤਾਂ ਦੀ ਸੋਭਾ ਮੂਚ ਤੋਂ ਮੂਚੀ=ਭਾਵ ਉਚੀ ਤੋਂ ਉਚੀ ਬੇਅੰਤ ਹੈ। ਸੰਤਾਂ ਦੀ ਸੋਭਾ ਨੂੰ ਸੰਤ ਹੀ ਜਾਣ ਸਕਦੇ ਹਨ, ਗੁਰੂ ਪੰਚਮ ਪਾਤਸ਼ਾਹ ਲਿਖਦੇ ਹਨ, ਸਾਧ ਅਤੇ ਪ੍ਰਭੂ ਵਿਚ ਕੋਈ ਫਰਕ ਨਹੀਂ।

ਤਥਾ: ਸੰਤਾਂ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ॥

(ਪੰਨਾ ੭੯੩)

ਹੋਈਆਂ ਭੁੱਲਾਂ ਦੀ ਮੁਆਫੀ ਚਾਹੁੰਦਾ ਹਾਂ, ਤੁਹਾਡੀਆਂ ਕਾਲਾਂ ਆਉਣ 'ਤੇ ਧੰਨਵਾਦ।

# ਸਟੇਜੀ ਹੋਈਆਂ ਤੀਆਂ

-ਪਰਮਜੀਤ ਕੌਰ ਸਰਹਿੰਦ

ਸਾਉਣ ਦੇ ਮਹੀਨੇ ਅਖਬਾਰਾਂ ਵਿੱਚ ਤੀਆਂ ਦੇ ਚਰਚੇ ਹੁੰਦੇ ਤੇ ਲਿਖਿਆ ਜਾਂਦਾ ਹੈ ਕਿ ਸਾਉਣ ਮਹੀਨੇ ਕੁੜੀਆਂ ਪੇਕੇ ਆਉਂਦੀਆਂ ਤੇ ਕੁਆਰੀਆਂ ਵਿਆਹੀਆਂ ਰਲ ਮਿਲ ਪੀਂਘਾਂ ਝੂਟਦੀਆਂ ਤੇ ਗਿੱਧਾ ਪਾਉਂਦੀਆਂ ਹਨ। ਗਿੱਧੇ ਦਾ ਨਜ਼ਾਰਾ ਪੇਸ਼ ਕਰਦੀ ਤਸਵੀਰ ਛਾਪ ਕੇ ਉਹੋ ਘਸੀਆਂ ਪਿਟੀਆਂ ਬੋਲੀਆਂ ਲਿਖੀਆਂ ਹੁੰਦੀਆਂ ਹਨ, ਪਰ ਹਕੀਕਤ ਨਹੀਂ ਲਿਖੀ ਜਾਂਦਾ। ਇਹ ਧਮਾਲਾਂ ਪਾਉਂਦੀਆਂ ਤੀਆਂ ਇਕ ਸੁਪਨਾ ਬਣ ਕੇ ਰਹਿ ਗਈਆਂ ਹਨ। ਉਹ ਰੰਗਲੇ ਦਿਨ ਬੜੇ ਪਿੱਛੇ ਰਹਿ ਗਏ ਹਨ, ਪਰ ਸਾਡਾ ਸੱਭਿਆਚਾਰ ਭੁਲਾਇਆ ਨਹੀਂ ਭੁੱਲਦਾ। ਤੀਆਂ ਦੇ ਦਿਨੀਂ ਵਿਆਹੀਆਂ ਕੁੜੀਆਂ ਪੇਕੇ ਆਈਆਂ ਹੁੰਦੀਆਂ ਸਨ ਤੇ ਖੂਬ ਰੌਣਕ ਹੁੰਦੀ। ਅੱਜ ਵੀ ਰੌਣਕ ਭਰੇ ਦਿਨਾਂ ਦੀ ਗੱਲ ਕਰਦਿਆਂ ਆਖ ਦਿੱਤਾ ਜਾਂਦਾ ਹੈ ਕਿ 'ਤੀਆਂ ਵਰਗੇ ਦਿਨ ਲੰਘਦੇ ਨੇ।' ਹੌਲੀ-ਹੌਲੀ ਤੀਆਂ ਦਾ ਰੰਗ ਫਿੱਕਾ ਪੈਂਦਾ ਗਿਆ। ਡੂੰਘੇ ਮੋਹ ਪਿਆਰ ਘਟਦੇ ਗਏ। ਮਸ਼ੀਨੀ ਯੁੱਗ ਵਿੱਚ ਲੋਕ ਮਸ਼ੀਨਾਂ ਬਣ ਕੇ ਰਹਿ ਗਏ ਤੇ ਤੀਆਂ ਪਿੰਡਾਂ ਤੋਂ ਨਿਕਲ ਕੇ ਅਖਬਾਰ ਦੇ ਪੰਨੇ ਅਤੇ ਸਟੇਜ ਉਤੇ ਜਾਂ ਟੀ ਵੀ 'ਤੇ ਆ ਗਈਆਂ।

ਕਈ ਸਾਲਾਂ ਤੋਂ ਪਿੰਡਾਂ ਵਿਚ ਜਾਂ ਸ਼ਹਿਰਾਂ ਵਿੱਚ ਨਾ ਪੀਂਘਾਂ, ਨਾ ਗਿੱਧੇ ਦੇਖਣ ਨੂੰ ਮਿਲਦੇ ਹਨ, ਦਿਖਦੀ ਹੈ 'ਬਿਊਟੀ ਪਾਰਲਰਾਂ' ਉਤੇ ਲੱਗੀ ਮਹਿੰਦੀ ਲਵਾਉਣ ਵਾਲੀਆਂ ਦੀ ਭੀੜ, 'ਮੇਕਅੱਪ' ਕਰਵਾਉਣ ਵਾਲੀਆਂ ਦੀ ਭੀੜ, ਜਿਨ੍ਹਾਂ ਨੇ ਸਟੇਜ ਉਤੇ ਤੀਆਂ ਲਾਉਣੀਆਂ ਹੁੰਦੀਆਂ ਹਨ ਜਾਂ ਕੁਝ ਰੀਸੋ ਰੀਸੀ ਇਹ ਆਡੰਬਰ ਰਚਦੀਆਂ ਹਨ। ਕਈ ਵਾਰ ਪਿੰਡ ਜਾਂਦੇ ਹਾਂ ਜਾਂ ਪਿੰਡਾਂ ਵਿੱਚੋਂ ਲੰਘਦੇ ਹਾਂ ਤਾਂ ਕਿਤੇ ਵੀ ਉਹ ਪਹਿਲਾਂ ਵਾਲੇ ਤੀਆਂ ਦੇ ਨਜ਼ਾਰੇ ਨਹੀਂ ਦਿੱਦੇ। ਬਸ! ਕਿਸੇ ਘਰ ਦੇ ਅੱਗੇ ਦਰੱਖਤ ਉਤੇ ਛੋਟੇ-ਛੋਟੇ ਬੱਚੇ ਜ਼ਰੂਰ ਪੀਂਘਾਂ ਝੂਟ ਰਹੇ ਹੁੰਦੇ ਹਨ। ਜਦੋਂ ਜਾਂਦੇ ਹਾਂ ਤਾਂ ਕਦੇ ਕੋਈ ਬਚਪਨ ਦੀ ਸਹੇਲੀ ਨਹੀਂ ਮਿਲਦੀ, ਕਿਸੇ ਕੋਲ ਐਨਾ ਸਮਾਂ ਹੀ ਨਹੀਂ। ਕੋਈ ਕਿਸੇ ਨੂੰ ਪਿੰਡ ਤੀਆਂ 'ਤੇ ਆ ਕੇ ਮਿਲਣ ਨੂੰ ਸੁਨੇਹੇ ਨਹੀਂ ਘੱਲਦੀ।

ਅਜੋਕੇ ਸਮੇਂ ਤੀਆਂ ਸਟੇਜਾਂ ਉਤੇ ਜ਼ਰੂਰ ਭਰਦੀਆਂ ਹਨ, ਟੀ ਵੀ ਉਤੇ ਧਮਾਲਾਂ ਪਾਉਂਦੀਆਂ ਹਨ, ਪਰ ਇਨ੍ਹਾਂ ਤੀਆਂ ਵਿੱਚ ਕੀ ਉਹ ਰੰਗ ਵਰਸਦਾ ਹੈ ਜੋ ਖੁੱਲ੍ਹ ਦਿਲੀਆਂ ਪੇਂਡੂ ਮੁਟਿਆਰਾਂ ਦੇ ਪਿੰਡ ਦੀਆਂ ਤੀਆਂ ਦੇ ਗਿੱਧੇ ਵਿੱਚ ਧਮਾਲਾਂ ਨਾਲ ਵਰਸਦਾ ਸੀ? ਇਨ੍ਹਾਂ ਵਿੱਚ ਤਾਂ ਬਣਾਉਟੀਪਣ ਹੋਰ ਵੀ ਉਘੜਦਾ ਹੈ। ਮਣਾਂ ਮੂੰਹੀਂ ਨਹੀਂ ਤਾਂ ਸੇਰਾਂ ਮੂੰਹੀਂ ਗਹਿਣੇ ਤਾਂ ਇਨ੍ਹਾਂ 'ਸਟੇਜੀ' ਮੁਟਿਆਰਾਂ ਨੇ ਜ਼ਰੂਰ ਪਾਏ ਹੁੰਦੇ ਹਨ। ਲੋਹੜੇ ਦੇ ਭੜਕੀਲੇ ਰੰਗਾਂ ਦੇ ਘੱਗਰੇ ਕੁੜਤੀਆਂ ਤੇ ਦੁਪੱਟੇ ਪਹਿਨੇ ਲਏ ਹੁੰਦੇ ਹਨ, ਪਰ ਕੀ ਸਾਡੀਆਂ ਪੇਂਡੂ ਮੁਟਿਆਰਾਂ ਏਦਾਂ ਦੇ ਹਾਰ ਸ਼ਿੰਗਾਰ ਤੇ ਭੜਕੀਲੇ ਕੱਪੜੇ ਪਹਿਨ ਕੇ ਪੇਕੇ ਪਿੰਡ ਤੀਆਂ ਮਨਾਉਂਦੀਆਂ ਤੇ ਗਿੱਧਾ ਪਾਉਂਦੀਆਂ ਸਨ? ਸਾਡੀਆਂ ਪੇਂਡੂ ਧੀਆਂ ਭੈਣਾਂ ਸਾਦਗੀ ਨਾਲ ਵਿਚਰਦੀਆਂ ਸਨ। ਉਹ ਕੱਪੜੇ ਗਹਿਣਿਆਂ ਦੀ ਨੁਮਾਇਸ਼ ਨਹੀਂ ਸੀ ਲਾਉਂਦੀਆਂ, ਉਹ 'ਸਹੁਰੇ ਕੈਦ ਕੱਟੀ, ਨਾ ਚੋਰੀ ਨਾ ਡਾਕਾ' ਦੇ ਮਾਹੌਲ ਤੋਂ ਨਿਕਲ ਕੇ ਚਾਰ ਦਿਨ ਹੱਸਣ ਖੇਡਣ ਮਾਪਿਆਂ ਨੂੰ ਮਿਲਣ ਦਾ ਬਹਾਨਾ ਇਨ੍ਹਾਂ ਤੀਆਂ ਨੂੰ ਬਣਾਉਂਦੀਆਂ ਸਨ। ਬੋਲੀਆਂ ਪਾਉਂਦੀਆਂ:

ਵੇ ਨਾ ਝਿੜਕੀਂ ਵੇ ਚਾਚਾ
ਦੋ ਦਿਨ ਕੁੜੀਆਂ ਦਾ ਤਮਾਸ਼ਾ
ਵੇ ਨਾ ਝਿੜਕੀਂ ਵੇ ਤਾਇਆ
ਇਹ ਦਿਨ ਮਸਾਂ-ਮਸਾਂ ਨੂੰ ਆਇਆ
ਵੇ ਨਾ ਝਿੜਕੀਂ ਵੇ ਵੀਰਾ
ਦੋ ਦਿਨ ਕੁੜੀਆਂ ਵੇ ਵੀਰਾ

ਸਟੇਜ 'ਤੇ ਸਾਲਾਂ ਪੁਰਾਣੀ ਬੋਲੀ ਵੀ ਪੈਂਦੀ ਹੈ:

ਸਾਉਣ ਦਾ ਮਹੀਨਾ, ਬਾਗਾਂ ਵਿੱਚ ਬੋਲਣ ਮੋਰ ਵੇ
ਜਾਹ, ਮੈਂ ਨਹੀਂ ਸਹੁਰੇ ਜਾਣਾ, ਗੱਡੀ ਨੂੰ ਖਾਲੀ ਮੋੜ ਵੇ

ਇਹ ਬੋਲੀ ਉਸ ਪੇਂਡੂ ਅੱਲ੍ਹੜ ਮੁਟਿਆਰ ਦੇ ਬੋਲਾਂ ਵਾਲਾ ਅਸਰ ਨਹੀਂ ਰੱਖਦੀ, ਜਿਸ ਨੂੰ ਕੈਂਠੇ ਵਾਲਾ ਪ੍ਰਾਹੁਣਾ ਲੈਣ ਆਉਂਦਾ ਸੀ। ਸਾਡੀਆਂ ਪੇਂਡੂ ਤੀਆਂ ਦੀ ਇਸ ਬੋਲੀ ਦੀ ਅੱਜ ਕੀ ਅਹਿਮੀਅਤ ਹੈ, 'ਬੱਲੀਏ ਨੀਂ ਗੱਡੀ ਵਿੱਚੋਂ ਲੱਤ ਲਮਕੇ, ਗੋਰੇ ਪੈਰ ਸਲੀਪਰ ਕਾਲੇ..।' ਕਿਉਂਕਿ ਗੱਡੀ ਵਿੱਚ ਸਾਡੀ ਉਹ ਅੱਲ੍ਹੜ ਮੁਟਿਆਰ ਨਹੀਂ, ਜਿਹੜੀ ਸਹੁਰੇ ਜਾਣ ਵੇਲੇ ਮਾਂ ਨੂੰ ਮਿਲ ਕੇ ਰੋ-ਰੋ ਕੇ ਚੁਬਾਰੇ ਦੀਆਂ ਕੰਧਾਂ ਹਿਲਾ ਦਿੰਦੀ ਸੀ, ਜਿਹੜੀ ਭੈਣਾਂ ਭਰਜਾਈਆਂ ਤੇ ਭਾਈ ਭਤੀਜਿਆਂ ਦੇ ਗੱਲ ਲੱਗ ਕੇ ਧਾਹੀਂ ਰੋਂਦੀ ਸੀ, ਕਿਉਂਕਿ ਸਾਲ ਛਿਮਾਹੀ ਮਿਲਣ ਦਾ ਸਬੱਬ ਨਹੀਂ ਸੀ ਹੁੰਦਾ। ਸਟੇਜੀ ਤੀਆਂ ਵਿੱਚ ਫੁੱਲਾਂ ਫੁਲਕਾਰੀਆਂ ਨਾਲ ਸ਼ਿੰਗਾਰੇ ਰੱਥ ਜਾਂ ਰੱਥ ਗੱਡੀ ਵਿੱਚ ਵੀ ਕਿਸੇ ਮੰਤਰੀ, ਵਿਧਾਇਕ ਜਾਂ ਵੱਡੇ ਸਰਕਾਰੀ ਅਫਸਰ ਦੀ ਪਤਨੀ ਆਉਂਦੀ ਹੈ ਆਪਣੀ ਕਿੱਟੀ ਪਾਰਟੀ ਵਾਲੀਆਂ ਸਹੇਲੀਆਂ ਨਾਲ ਤੇ ਗੰਨ ਮੈਨ ਇਨ੍ਹਾਂ ਦੇ ਨਾਲ ਵੀ ਹੁੰਦੇ ਹਨ। ਗੱਡੀ ਵਿੱਚੋਂ ਲੱਤ ਤਾਂ ਕੀ ਸਾੜ੍ਹੀ ਦਾ ਪੱਲਾ ਜਾਂ ਚੁੰਨੀ ਦਾ ਲੜ ਵੀ ਬਾਹਰ ਝਾਕ ਜਾਵੇ, ਕੀ ਮਜਾਲ ਹੈ? ਏ ਸੀ ਵਾਲੀ ਗੱਡੀ ਬੰਦ ਹੁੰਦੀ ਹੈ। ਉਹ ਕੋਈ ਰੋ-ਰੋ ਕੇ ਕਮਲੀ ਹੋਈ ਕੁੜੀ ਥੋੜ੍ਹਾ ਹੈ, ਜਿਸ ਨੂੰ ਮਾਪਿਆਂ ਤੇ ਭੈਣਾਂ ਭਰਾਵਾਂ ਤੋਂ ਵਿੱਛੜਦਿਆਂ ਆਪੇ ਦੀ ਸੁਰਤ ਵੀ ਨਹੀਂ ਰਹਿੰਦੀ। ਇਹ ਸਟੇਜੀ ਤੀਆਂ ਵਾਲੀਆਂ ਸਖੀਆਂ ਉਹ ਸਖੀਆਂ ਨਹੀਂ ਹੋ ਸਕਦੀਆਂ ਜਿਨ੍ਹਾਂ ਕੋਲ ਤੀਆਂ ਦੇ ਗਿੱਧੇ ਵਿੱਚ ਦਿਲ ਦੇ ਗੁਬਾਰ ਕੱਢੇ ਜਾਣ, ਜਿਨ੍ਹਾਂ ਕੋਲ ਸੱਸ ਦਾ ਕਚੀਰਾ ਕੀਤਾ ਜਾਵੇ, ਨਖਰੇ ਪਿੱਟੀ ਨਣਦ ਦੀ ਗੱਲ ਕੀਤੀ ਜਾਵੇ ਜਾਂ ਚੌਧਰ ਕਰਦੀ ਜਠਾਣੀ ਦੇ ਦੁੱਖ ਰੋਏ ਜਾਣ ਜਾਂ ਸਹੁਰੇ ਤੇ ਜੇਠ ਤੋਂ ਘੁੰਡ ਕੱਢਣ ਦੀ ਔਖ ਦੇ ਹੱਲ ਲੱਭੇ ਜਾਣ ਤੇ ਜਾਂ ਸਭ ਤੋਂ ਵੱਡਾ ਦੁੱਖ ਅਣਜੋੜ ਵਰ ਦਾ ਰੋਇਆ ਜਾਵੇ। ਮਾਡਰਨ ਤੀਆਂ ਵਿੱਚ ਗੱਲਾਂ ਹੁੰਦੀਆਂ ਹਨ ਸੂਟਾਂ ਸਾੜ੍ਹੀਆਂ ਦੀਆਂ, ਨਾਲ ਹੀ ਸੈਂਡਲ ਸਲੀਪਰ ਦੇ ਵਧੀਆ ਮੈਚ ਦੀਆਂ, ਡਾਇਮੰਡ ਦੇ ਵਧੀਆ ਸੈਟ ਦੀਆਂ ਜਾਂ ਚੰਗੇ ਬਿਊਟੀ ਪਾਰਲਰ ਦੇ ਐਡਰੈਸ ਦੀਆਂ..

ਪੇਂਡੂ ਤੇ ਪੁਰਾਤਨ ਤੀਆਂ ਵਿੱਚ ਅਧੂਰੀਆਂ ਹਸਰਤਾਂ ਦੀ ਗੱਲ ਹੁੰਦੀ ਸੀ। ਸੱਸ ਦੇ ਡਰੋਂ ਸੂਫ ਦੀ ਸੁੱਥਣ ਪਾਉਣ ਨੂੰ ਤਰਸਦੀਆਂ ਕੁੜੀਆਂ ਇਥੇ ਹੀ ਕਹਿੰਦੀਆਂ:

ਸੁੱਥਣੇ ਸੂਫ ਦੀਏ, ਤੈਨੂੰ ਸੱਸ ਮਰੀ ਤੋਂ ਪਾਵਾਂ

ਇਥੇ ਹੀ ਨਣਦ ਦੀ ਸਰਦਾਰੀ ਨੂੰ ਕੋਸਿਆ ਜਾਂਦਾ:

ਉਹ ਘਰ ਨਹੀਂ ਵੱਸਦੇ, ਜਿਥੇ ਨਣਦਾਂ ਦੀ ਸਰਦਾਰੀ

ਕੋਈ ਅਣਜੋੜ ਵਰ ਦਾ ਦੁੱਖ ਰੋਂਦੀ:

ਮੁੰਡਾ ਰੋਹੀ ਦੀ ਕਿੱਕਰ ਤੋਂ ਜਾੜੂ
ਵਿਆਹ ਕੇ ਲੈ ਗਿਆ ਤੂਤ ਦੀ ਛਟੀ

ਸਟੇਜੀ ਜਾਂ ਅਜੋਕੀਆਂ ਤੀਆਂ ਅਤੇ ਅਸਲੀ ਜਾਂ ਪੁਰਾਤਨ ਤੀਆਂ ਦੇ ਫਰਕ ਨੂੰ ਉਹੀ ਮਨ ਸਮਝ



ਸਕਦਾ ਹੈ, ਜਿਸ ਨੇ ਉਹ ਦੇਖੀਆਂ ਮਾਣੀਆਂ ਹੋਣ। ਪੇਂਡੂ ਗਰੀਬ ਕਿਰਸਾਨੀ ਘਰਾਂ ਤੋਂ ਤੰਗੀ ਤੁਰਸ਼ੀ ਕੱਟਦੀਆਂ, ਮਿਹਨਤ ਮੁਸ਼ੱਕਤ ਕਰਨ ਵਾਲੀਆਂ ਮੁਟਿਆਰਾਂ ਨੂੰ ਤੀਆਂ ਫਿਰ ਹਾਲਾਤ ਨਾਲ ਨਜਿੱਠਣ ਦੀ ਤਾਕਤ ਦਿੰਦੀਆਂ, ਮਨ ਨੂੰ ਰਾਹਤ ਦਿੰਦੀਆਂ। ਅੱਜ ਕੋਈ ਮੁਟਿਆਰ ਪਿੰਡ ਵਿੱਚ ਰਹਿਣਾ ਪਸੰਦ ਨਹੀਂ ਕਰਦੀ, ਭਾਵੇਂ ਪੇਂਡੂ ਹੀ ਹੋਵੇ। ਕੁਝ ਰੋਜ਼ੀ ਰੋਟੀ ਦੀ ਮਜਬੂਰੀ ਸ਼ਹਿਰੀਂ ਲੈ ਵੜੀ ਅਤੇ ਵਿਦੇਸ ਲੈ ਤੁਰੀ ਹੈ। ਉਦੋਂ ਤਾਂ ਮੁਟਿਆਰਾਂ ਕਹਿੰਦੀਆਂ ਸਨ:

ਨੌਕਰ ਨੂੰ ਨਾ ਦੇਈਂ ਬਾਬਲਾ, ਹਾਲੀ ਪੁੱਤ ਬਥੇਰੇ
ਨੌਕਰ ਪੁੱਤ ਤਾਂ ਘਰ ਨਾ ਰਹਿੰਦੇ, ਵਿੱਚ ਪਰਦੇਸਾਂ ਡੇਰੇ
ਮੈਂ ਤੈਨੂੰ ਵਰਜ ਰਹੀ, ਦੇਈਂ ਨਾ ਬਾਬਲਾ ਫੇਰੇ

ਸਮੇਂ ਨਾਲ ਮੁਟਿਆਰ ਦੀ ਸੋਚ ਵੀ ਬਦਲ ਗਈ ਤੇ ਤੀਆਂ ਦੇ ਗਿੱਧੇ ਵਿੱਚ ਉਹ ਬੋਲੀ ਪਾਉਣ ਲੱਗੀ:

ਵੱਸਣਾ ਨੌਕਰ ਦੇ, ਭਾਵੇਂ ਸਣੇ ਬੂਟ ਲੱਤ ਮਾਰੇ

ਜਾਂ ਕੋਈ ਕਹਿੰਦੀ ਹੈ:

ਟਿਕਟਾਂ ਦੋ ਲੈ ਲਈਂ
ਜਿੱਥੇ ਚੱਲੇਂਗਾ ਚੱਲੂੰਗੀ ਨਾਲ ਤੇਰੇ

ਉਨ੍ਹਾਂ ਪੁਰਾਣੀਆਂ ਤੀਆਂ ਨੂੰ ਯਾਦ ਕਰਕੇ ਸੋਚਦੀ ਹਾਂ ਕਿ ਅੱਜ ਸਾਉਣ ਦੇ ਮਹੀਨੇ ਕੋਈ ਮੁਟਿਆਰ ਆਪਣੇ ਢੋਲ ਨੂੰ ਇਹ ਨਹੀਂ ਕਹਿੰਦੀ:

ਆਰੀ-ਆਰੀ-ਆਰੀ
ਤੀਆਂ ਦਾ ਮਹੀਨਾ ਢੋਲਣਾ
ਪੇਕੇ ਘੱਲ ਦੇ ਸਵੇਰ ਵਾਲੀ ਲਾਰੀ

ਅੱਜ ਨਾ ਹੀ ਕੋਈ ਮੁਟਿਆਰ ਪੇਕੇ ਆ ਕੇ ਰਹਿੰਦੀ ਹੈ ਤੇ ਨਾ ਹੀ ਕਹਿੰਦੀ ਹੈ:

ਸਾਉਣ ਦਾ ਮਹੀਨਾ ਅੜਿਆ, ਪੇਕੇ ਪਿੰਡ ਮਨਾਈਦਾ
ਬੇਅਕਲੀ ਦਿਆ ਜਾਇਆ
ਵੇ ਤੀਆਂ ਨੂੰ ਲੈਣ ਨੀਂ ਆਈਦਾ


POPULAR TIRE
1.905.672.6565
INDIAN SWEET MASTER
Asian Food Centre
1.416.740.3262
1.905.670.1666
NMT
1.905.452.0111
EVEREST
1.905.846.2229
NMT
1.416.819.5152
ROADIES
1.905.564.6006
ADVANCE
CAR AND TRUCK RENTAL
1.905.461.7368
VIRASAT ART & CULTURE & BRIGHT ENTERTAINMENT
in association with POPULAR TIRE, INDIAN SWEET MASTER
& ASIAN FOOD CENTRE presents
PRODUCTION
THE DESIRE PRODUCTION
BAANI SANDHU
KULWINDER KALLY
DILPREET DHILLON
SIPPY GILL
JASS BAJWA
GURLEZ AKHTAR
JIMMY KALER
JASSI KAUR
MELA ONLY FOR LADIES
ਤ੍ਰਿੰਝਣ ਤੀਜ ਮੇਲਾ
TRINJHANA
Teej Mela
ADVANCE TICKETS $10
MC
MOHINI PHULL
MC
PINKY CHAUHAN
DESIGN MANDEEP S. RUPAL
SATURDAY 3rd AUGUST 2019
@ THE GREAT PUNJAB BUSINESS CENTRE
2960 DREW ROAD MALTON
FOR MORE INFO & SPONSORSHIP
SHARAN KAUR : 647-906-5151
OUR ORGANISER'S TEAM
MOHINI PHULL, KULDIP K, SATWINDER MATHARU, RUPAN GREWAL, SUMAN ROOPRAI, MANNY PANDHER, MANDEEP BHATIA
DIAMOND
905.951.0029
UPTIME
905.450.0313
Rajdhani
RE/MAX Gold
905.673.8500
905-565-8406
NANDA
905.405.8199
905.672.8802
EVEREST
905.677.4500
PharmaChoice
905.673.3784
MEHAK
Parvasi
Radio khabarsar
Aikam


ROYAL CANADIAN Family CIRCUS
UNDER THE BIG TOP
Run Away to the Circus for a Day!
BRING THIS AD TO THE BIG TOP BOX OFFICE
BUY 2 FOR THE PRICE OF 1
ALL NEW SHOW
MISSISSAUGA - Sheridan Centre
AUGUST 1 – 5
BURLINGTON, ON • AUGUST 9 – 11
MILTON FAIRGROUNDS, ON • AUGUST 15 – 18
Spectac! 2019
BUY 2 FOR THE PRICE OF 1
www.royalcanadiancircus.ca
PROMO CODE: punjabi
"DISCOUNT AVAILABLE ON GENERAL ADMISSION TICKETS ONLY"
Tickets: Sheridan Centre "Rush For Men"
OR: On-site Circus Box Office (on day of performance) - Cash Sales Only
NOTICE - DUE TO FACTORS BEYOND THE CONTROL OF THE CIRCUS, ITS PRODUCER, PRESENTER AND SALES AGENTS; PERFORMERS AND ACTS IN THE SHOW MAY DIFFER FROM THOSE PORTRAYED OR REPRESENTED AND THEREFORE WE ASSUME NO LIABILITY FOR SUCH CHANGES."
"ACTS SUBJECT TO CHANGE"


afc
ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive Etobicoke ON M9V-3Z7 416-740-3262
2120 North park Drive Brampton ON L6S 0C9 905-793-1338
10510 Torbram Road, Brampton 905-790-0030
308 Eddystone Ave North York ON M3N-1H7 416-740-3360
621 Wanless drive, # 122 Brampton ON L7A 0A9 905-495-3336
284 Orenda Road #13 Brampton ON L6T 5S3 905-450-9167
10 Pannahill Dr, Brampton 905 913-8017
80 Pertosa Drive Brampton ON L5X-5E9 905-460-0009
1075 Ceremonial Drive Mississauga ON L5R 2Z4 905-502-1600
21 Lacoste Blvd, Brampton, ON L6P 2K2 905 794-8109




www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232


Advertisement GUARANTEED Till SOLD

Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*
*Some Conditions Apply

#1 Top Ranked in Broker
Call For a Quick & Free Home Evaluation
www.BramptonQuickHomeEvaluation.com


Urgently Need New Listing in Brampton/ GTA Call Jag Today To Sell Your Property For Top $$$ & Accurate Price


CALEDON

ਕੈਨੇਡੀ / ਡੋਗੱਲ
ਬਹੁਤ ਹੀ ਸੋਹਣਾ ਤੇ ਸਾਫ ਸੁਥਰਾ ਡੀਟੈਚਡ ਘਰ, 2014 ਵਿੱਚ ਬਣਿਆ 4+2 ਬੈਡਰੂਮ ,5 ਵਾਸ਼ਰੂਮ ਅਤੇ ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਓਕ ਸਟੇਅਰਕੇਸ, ਸਟੈਨਡ ਹਾਰਡਵੁਡ ਫਲੋਰ, 2 ਮਾਸਟਰ ਬੈਡਰੂਮ। ਬਹੁਤ ਸੋਹਣੀ ਇਟ ਟਿਨ ਕਿਚਨ , ਸਟੇਨਲੈਸ ਸਟੀਲ ਅਪਲਾਈਨਸੈਸ ।

BRAMPTON

ਕੰਟਰੀਸਾਈਡ / ਮੇਅਫਿਲਡ
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON

ਬੋਵੇਰਡ/ਚਿੰਗੁਜੀ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ, ਐਂਡ ਯੂਨੀਟ ਫਰੀਹੋਲਡ ਟਾਊਨ ਹਾਊਸ, ਸੇਮੀ ਵਰਗਾ ਜਿਸ ਵਿੱਚ 3 ਬੈਡਰੂਮ +ਕੰਪਿਊਟਰ ਲਾਫਟ+2 ਵਾਸ਼ਰੂਮ, ਫਿਨੀਸ਼ਡ ਬੇਸਮੈਂਟ ਅਤੇ ਵਾਕ ਆਊਟ ਬੈਕ ਯਾਰਡ, ਲੇਮੀਨੈਟ ਫਲੋਰ,ਕਰਾਊਨ ਮੋਲਡਿੰਗ, ਪੋਟ ਲਾਈਟ ਅਤੇ ਬਹੁਤ ਹੀ ਸੋਹਣੀ ਇਟ ਇਨ ਕਿਚਨ ਹੈ।

CALEDON

ਸੈਂਟ ਏਡਰੀਊ/ ਹਾਈਵੇ 24
SOLD! SOLD! SOLD! AT BEST PRICE

BRAMPTON

ਵੈਨ ਕੂਕ/ਵੇਨਲੈਸ/ਮੇਅਫਿਲਡ
SOLD AT 99% OF ASKING PRICE IN 2 DAYS

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ। Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ

# Grand Upholstery Ltd
## Sofa Company Originality in Every Piece

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ


ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Signature.ca, WestJet vacations, tico.ca, IATA

Call Us For Guaranteed Lowest Airfare
ANY Airline Time Destination Around the World

transat, sunwing, AIR CANADA VACATIONS
www.nuwaytravels.com
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
E-mail- info@nuwaytravels.com

# REXDALE BODY SHOP
USED CAR SALE


CHEEMA
LOWEST PRICE IN TOWN
Towing Service Car Paint Starts $799* upto 100% Deductible Paid*

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

IFS
# INTERSTATE FREIGHT SYSTEMS INC.

## A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677

TechSpirit
Consultation, Installation & Servicing



Specialized in:
- Analog & IP security cameras
- Installation & Maintenance Upgrade
- Video Doorbell Installation

1080p HD ਦੇ 4 ਸਿਕਊਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਹੋਰ ਸੇਵਾਵਾਂ:
Speaker/Soundbar Mount
Home Office Products
Small Kitchen Appliances
Media Box/Setup Box
Cell Phone Accessories
Car Accessories
DVD Shelves, Projector
Mount &Monitor Mount



For online shopping visit www.techspirit.ca
– SAME DAY SHIPPING –100% SECURE PAYMENT

T.V WALL MOUNT ਵੀ ਇੰਸਟਾਲ ਕਰਦੇ ਹਨ

Call: 905-621-4100
7-8770 The Gore Road, Brampton, ON L6P 0B1
Opening Times
Mon - Sat 10 AM - 8 PM
Sunday 10 AM - 6 PM